ਬੁੱਧਵਾਰ, 22 ਅਕਤੂਬਰ, 2025
6 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 141

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 22 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਅਕੀਲ ਦੇ ਮਾਮਲੇ 'ਚ ਨਵੇਂ ਤੋਂ ਨਵਾਂ ਮੋੜ



**ਚੰਡੀਗੜ੍ਹ** : ਹਰਿਆਣਾ ਪੁਲਸ ਨੇ ਪੰਜਾਬ ਦੇ ਸਾਬਕਾ ਡੀ ਜੀ ਪੀ ਮੁਹੰਮਦ ਮੁਸਤਫਾ ਅਤੇ ਉਨ੍ਹਾਂ ਦੀ ਪਤਨੀ ਤੇ ਸਾਬਕਾ ਮੰਤਰੀ ਰਜ਼ੀਆ ਸੁਲਤਾਨਾ ਖਿਲਾਫ਼ ਉਨ੍ਹਾਂ ਦੇ ਪੁੱਤ ਦੀ ਮੌਤ ਦੇ ਸੰਬੰਧ ਵਿਚ ਕੇਸ ਦਰਜ ਕੀਤਾ ਹੈ। ਕੇਸ ਵਿਚ ਕਤਲ ਤੇ ਅਪਰਾਧਿਕ ਸਾਜ਼ਿਸ਼ ਜਿਹੇ ਦੋਸ਼ਾਂ ਨਾਲ ਸੰਬੰਧਤ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਮੁਸਤਫ਼ਾ ਤੇ ਸੁਲਤਾਨਾ ਦੇ ਇਕਲੌਤੇ ਪੁੱਤਰ ਅਕੀਲ ਅਖ਼ਤਰ (35) ਦੀ ਲੰਘੇ ਵੀਰਵਾਰ ਨੂੰ ਹਰਿਆਣਾ ਦੇ ਪੰਚਕੂਲਾ ਵਿਚ ਮੌਤ ਹੋ ਗਈ ਸੀ। ਸ਼ਮਸ਼ੂਦੀਨ ਨਾਂਅ ਦੇ ਸ਼ਖ਼ਸ ਦੀ ਸ਼ਿਕਾਇਤ 'ਤੇ ਦਰਜ ਐੱਫ ਆਈ ਆਰ ਮੁਤਾਬਕ ਅਖ਼ਤਰ ਦੀ ਮੌਤ 'ਸ਼ੱਕੀ ਹਾਲਾਤ' ਵਿਚ ਹੋਈ। ਪੰਚਕੂਲਾ ਪੁਲਸ ਨੇ ਕਿਹਾ ਕਿ ਮੁਸਤਫ਼ਾ, ਸੁਲਤਾਨਾ ਤੇ ਅਖ਼ਤਰ ਦੀ ਭੈਣ ਖਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਲਈ ਏ ਸੀ ਪੀ-ਰੈਂਕ ਦੇ ਅਧਿਕਾਰੀ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ, ਜੋ ਕੇਸ ਦੇ ਸਾਰੇ ਪਹਿਲੂਆਂ ਦੀ ਡੂੰਘੀ ਅਤੇ ਵਿਗਿਆਨਕ ਜਾਂਚ ਕਰੇਗੀ। ਅਕੀਲ ਅਖ਼ਤਰ 16 ਅਕਤੂਬਰ ਨੂੰ ਪੰਚਕੂਲਾ ਦੇ ਸੈਕਟਰ 4 ਐਮ ਡੀ ਸੀ ਵਿਚਲੇ ਆਪਣੇ ਘਰ ਵਿਚ ਮ੍ਰਿਤਕ ਮਿਲਿਆ ਸੀ। ਸ਼ੁਰੂ ਵਿੱਚ ਮੌਤ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਸ਼ੱਕ ਸ਼ੁਬਹਾ ਨਹੀਂ ਸੀ। ਹਰਿਆਣਾ ਪੁਲਸ ਨੇ ਕਿਹਾ ਕਿ ਮਗਰੋਂ ਕੁਝ ਸੋਸ਼ਲ ਮੀਡੀਆ ਪੋਸਟਾਂ ਅਤੇ ਵੀ ਡੀ ਓ ਸਾਹਮਣੇ ਆਏ, ਜੋ ਅਕੀਲ ਅਖ਼ਤਰ ਵੱਲੋਂ ਕਥਿਤ ਤੌਰ 'ਤੇ ਆਪਣੀ ਮੌਤ ਤੋਂ ਪਹਿਲਾਂ ਬਣਾਏ ਗਏ ਸਨ, ਜਿਸ ਵਿੱਚ ਨਿੱਜੀ ਝਗੜਿਆਂ ਅਤੇ ਉਸ ਦੀ ਜਾਨ ਨੂੰ ਖਤਰੇ ਦੇ ਖਦਸ਼ਿਆਂ ਦਾ ਦੋਸ਼ ਲਗਾਇਆ ਗਿਆ ਸੀ। ਇੱਕ ਪੋਸਟ ਵਿੱਚ ਬਹੁਤ ਗੰਭੀਰ ਦੋਸ਼ ਲਾਏ ਗਏ ਹਨ, ਜਿਨ੍ਹਾਂ ਵਿੱਚ ਅਕੀਲ ਨੇ ਦਾਅਵਾ ਕੀਤਾ ਹੈ ਕਿ "ਮੇਰੇ ਪਿਤਾ ਦੇ ਮੇਰੀ ਪਤਨੀ ਨਾਲ ਸੰਬੰਧ ਹਨ ਤੇ ਇਸ ਕਾਰਨ ਮੈਂ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਹਾਂ ਤੇ ਮੇਰੀ ਜਾਨ ਨੂੰ ਵੀ ਖਤਰਾ ਹੈ।" ਅਕੀਲ ਨੇ ਹੋਰ ਕਿਹਾ, "ਮੈਂ ਹਰ ਰੋਜ਼ ਇਸ ਡਰ ਵਿੱਚ ਰਹਿੰਦਾ ਹਾਂ ਕਿ ਉਹ ਮੇਰੇ ਵਿਰੁੱਧ ਝੂਠਾ ਕੇਸ ਦਾਇਰ ਕਰਵਾ ਦੇਣਗੇ।"

ਇਸੇ ਦੌਰਾਨ ਅਕੀਲ ਅਖਤਰ ਦਾ ਇੱਕ ਹੋਰ ਵੀਡੀਓ ਸਾਹਮਣੇ ਆਇਆ ਹੈ। ਲੱਗਭੱਗ ਤਿੰਨ ਮਿੰਟ ਦੇ ਵਾਇਰਲ ਇਸ ਵੀਡੀਓ ਵਿੱਚ, ਅਕੀਲ ਆਪਣੇ ਪਰਵਾਰ ਨੂੰ ਕਲੀਨ ਚਿੱਟ ਦਿੰਦੇ ਹੋਏ ਦਿਖਾਈ ਦੇ ਰਿਹਾ ਹੈ। ਵੀਡੀਓ ਵਿੱਚ ਅਕੀਲ ਕਹਿੰਦਾ ਹੈ ਕਿ ਉਸ ਵੱਲੋਂ ਪਹਿਲਾਂ ਆਪਣੇ ਪਰਵਾਰਕ ਮੈਂਬਰਾਂ 'ਤੇ ਲਗਾਏ ਗਏ ਸਾਰੇ ਦੋਸ਼ ਬੇਬੁਨਿਆਦ ਹਨ ਅਤੇ ਉਸ ਨੇ ਇਹ ਬਿਆਨ ਉਦੋਂ ਦਿੱਤੇ ਸਨ, ਜਦੋਂ ਉਹ ਬਿਮਾਰ ਸੀ। ਵੀਡੀਓ ਵਿੱਚ ਅਕੀਲ ਇਹ ਵੀ ਕਹਿੰਦਾ ਹੈ ਕਿ ਉਸ ਦੇ ਪਰਵਾਰ ਨੇ ਹਮੇਸ਼ਾ ਉਸ ਦੀ ਦੇਖਭਾਲ ਕੀਤੀ ਹੈ। ਉਹ ਆਪਣੀ ਭੈਣ ਦੀ ਪ੍ਰਸ਼ੰਸਾ ਕਰਦੇ ਹੋਏ ਕਹਿੰਦਾ ਹੈ ਕਿ ਉਹ ਉਸ ਦਾ ਬਹੁਤ ਧਿਆਨ ਰੱਖਦੀ ਹੈ।

ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਨਾਲ ਪੂਰੇ ਮਾਮਲੇ ਵਿੱਚ ਇੱਕ ਨਵਾਂ ਮੋੜ ਆ ਗਿਆ ਹੈ।

## ਕੈਪਟਨ ਦੇ ਖਾਸਮਖਾਸ ਦੀ ਕਾਂਗਰਸ 'ਚ ਵਾਪਸੀ



**ਪਟਿਆਲਾ** : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਤੇ ਸਾਬਕਾ ਕੇਂਦਰੀ ਮੰਤਰੀ ਪ੍ਰਨੀਤ ਕੌਰ ਨੂੰ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਪਟਿਆਲਾ ਨਗਰ ਨਿਗਮ ਦੇ ਸਾਬਕਾ ਮੇਅਰ ਸੰਜੀਵ ਸ਼ਰਮਾ ਬਿੱਟੂ ਨੇ ਭਾਜਪਾ 'ਚੋਂ ਕਾਂਗਰਸ ਵਿੱਚ ਵਾਪਸੀ ਕਰ ਲਈ। ਕੈਪਟਨ ਪਰਵਾਰ ਲਈ ਹਰ ਥਾਂ 'ਤੇ ਢਾਲ ਵਾਂਗ ਖੜ੍ਹਦੇ ਰਹੇ ਬਿੱਟੂ ਨੇ ਕਿਹਾ ਕਿ ਭਾਜਪਾ ਦੀ ਵਿਚਾਰਧਾਰਾ ਦੇਸ਼ ਨੂੰ ਵੰਡ ਰਹੀ ਹੈ, ਜਦ ਕਿ ਰਾਹੁਲ ਗਾਂਧੀ ਭਾਰਤ ਨੂੰ ਜੋੜਨ ਦਾ ਕੰਮ ਕਰ ਰਹੇ ਹਨ। ਪਟਿਆਲਾ ਵਿੱਚ ਹੋਰ ਵੀ ਵੱਡੇ ਧਮਾਕੇ ਹੋਣਗੇ, ਕਈ ਨੇਤਾ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ।

## ਧੀ ਦਾ ਨਾਂਅ ਰੱਖਿਆ 'ਸਿੰਗਾਪੁਰ'

**ਗਾਜ਼ਾ** : ਇੱਥੋਂ ਦੇ ਇੱਕ ਫਲਸਤੀਨੀ ਜੋੜੇ ਨੇ ਸਿੰਗਾਪੁਰ ਦੀ ਖੈਰਾਤੀ ਸੰਸਥਾ ਵੱਲੋਂ ਸਾਰੀ ਜੰਗ ਦੌਰਾਨ ਬਰਾਬਰ ਖਾਣਾ ਮੁਹੱਈਆ ਕਰਾਉਣ ਦੇ ਅਹਿਸਾਨ ਵਜੋਂ ਆਪਣੀ ਨਵਜੰਮੀ ਧੀ ਦਾ ਨਾਂਅ 'ਸਿੰਗਾਪੁਰ' ਰੱਖਿਆ ਹੈ। ਬੱਚੀ ਦਾ ਪਿਤਾ ਹਮਦਾਨ ਹਦਾਦ 'ਲਵ ਏਡ ਸਿੰਗਾਪੁਰ' ਦੀ ਸੂਪ ਕਿਚਨ ਵਿੱਚ ਕੰਮ ਕਰਦਾ ਹੈ ਤੇ ਸੰਸਥਾ ਕਰੀਬ ਦੋ ਸਾਲ ਤੋਂ ਉੱਤਰੀ ਤੇ ਦੱਖਣੀ ਗਾਜ਼ਾ ਦੇ ਲੋਕਾਂ ਨੂੰ ਪੱਕਿਆ ਖਾਣਾ ਮੁਹੱਈਆ ਕਰਾ ਰਹੀ ਹੈ। ਉਸ ਨੇ ਕਿਹਾ ਕਿ ਉਸ ਦੀ ਗਰਭਵਤੀ ਪਤਨੀ ਸੰਸਥਾ ਦੇ ਖਾਣੇ ਨਾਲ ਬਚੀ ਰਹੀ, ਜਦੋਂ ਅਕਾਲ ਵਰਗੇ ਹਾਲਾਤ ਰਹੇ।



## ਜਦੋਂ ਟੋਲ ਪਲਾਜ਼ੀਆਂ ਨੂੰ ਗੁੱਸਾ ਚੜ੍ਹਿਆ



**ਨਵੀਂ ਦਿੱਲੀ** : ਆਗਰਾ-ਲਖਨਊ ਐੱਕਸਪ੍ਰੈੱਸਵੇ ਦੀ ਫਤਿਹਾਬਾਦ ਟੋਲ ਪੋਸਟ ਦੇ ਵਰਕਰ ਬਣਦਾ ਦੀਵਾਲੀ ਬੋਨਸ ਨਾ ਮਿਲਣ 'ਤੇ ਏਨੇ ਗੁੱਸੇ ਹੋਏ ਕਿ ਉਨ੍ਹਾਂ ਸੋਮਵਾਰ ਕਰੀਬ ਪੰਜ ਹਜ਼ਾਰ ਗੱਡੀਆਂ ਬਿਨਾਂ ਟੋਲ ਵਸੂਲੇ ਲੰਘਾ ਦਿੱਤੀਆਂ। ਸ੍ਰੀ ਸਾਈਨ ਐਂਡ ਦਾਤਾਰ ਕੰਪਨੀ ਦੇ 21 ਵਰਕਰ ਇਸ ਗੱਲੋਂ ਖਿਝੇ ਕਿ ਉਨ੍ਹਾਂ ਨੂੰ ਸਿਰਫ 1100 ਰੁਪਏ ਬੋਨਸ ਹੀ ਦਿੱਤਾ ਗਿਆ। ਕੰਪਨੀ ਨੇ ਹੋਰਨਾਂ ਟੋਲ ਪਲਾਜ਼ਿਆਂ ਤੋਂ ਵਰਕਰ ਲਿਆ ਕੇ ਕੰਮ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਅੰਦੋਲਨਕਾਰੀ ਵਰਕਰਾਂ ਵੱਲੋਂ ਉਨ੍ਹਾਂ ਨੂੰ ਰੋਕਣ 'ਤੇ ਘੜਮਸ ਮਚ ਗਿਆ। ਇੱਕ ਵਰਕਰ ਨੇ ਕਿਹਾ ਕਿ ਉਹ ਇੱਕ ਸਾਲ ਤੋਂ ਕੰਮ ਕਰ ਰਿਹਾ ਹੈ, ਪੂਰੀ ਸਖਤੀ ਨਾਲ ਕੰਮ ਲਿਆ ਜਾਂਦਾ ਹੈ, ਪਰ ਤਨਖਾਹ ਵੀ ਵਕਤ ਸਿਰ ਨਹੀਂ ਦਿੱਤੀ ਜਾਂਦੀ। ਉਲਟਾ ਕੰਪਨੀ ਧਮਕੀ ਦੇ ਰਹੀ ਸੀ ਕਿ ਉਹ ਉਨ੍ਹਾਂ ਨੂੰ ਹਟਾ ਦੇਵੇਗੀ, ਪਰ ਬੋਨਸ ਨਹੀਂ ਦੇਵੇਗੀ। ਮਾਮਲਾ 10 ਘੰਟਿਆਂ ਬਾਅਦ ਸੁਲਝਿਆ, ਜਦੋਂ ਕੰਪਨੀ ਨੇ ਵਾਅਦਾ ਕੀਤਾ ਕਿ ਉਹ ਉਨ੍ਹਾਂ ਦੀ ਤਨਖਾਹ ਵਿੱਚ 10 ਫੀਸਦੀ ਦਾ ਵਾਧਾ ਕਰੇਗੀ ਤੇ ਕੰਮ ਹਾਲਤਾਂ ਵੀ ਸੁਧਾਰੇਗੀ।

## ਟਰੈਵਲ ਏਜੰਟ ਦੀ ਠੱਗੀ ਦਾ ਸ਼ਿਕਾਰ 8 ਪੰਜਾਬੀ ਨੌਜਵਾਨ ਕਜ਼ਾਖਸਤਾਨ 'ਚ ਫਸੇ

**ਰੂਪਨਗਰ** : ਪੰਜਾਬ ਦੇ ਅੱਠ ਨੌਜਵਾਨ, ਜਿਨ੍ਹਾਂ ਵਿੱਚੋਂ ਬਹੁਗਿਣਤੀ ਰੂਪਨਗਰ ਜ਼ਿਲ੍ਹੇ ਨਾਲ ਸੰਬੰਧਤ ਹਨ, ਕਥਿਤ ਟਰੈਵਲ ਏਜੰਟਾਂ ਦੀ ਠੱਗੀ ਦਾ ਸ਼ਿਕਾਰ ਬਣ ਕੇ ਕਜ਼ਾਖਸਤਾਨ ਵਿਚ ਫਸੇ ਹੋਏ ਹਨ। ਸਥਾਨਕ ਟਰੈਵਲ ਏਜੰਟ ਨੇ ਇਨ੍ਹਾਂ ਨੌਜਵਾਨਾਂ ਨੂੰ ਕਜ਼ਾਖਸਤਾਨ ਪਹੁੰਚਣ 'ਤੇ ਚੰਗੀ ਕਮਾਈ ਵਾਲੀ ਡਰਾਈਵਰ ਦੀ ਨੌਕਰੀ ਦਿਵਾਉਣ ਦਾ ਲਾਰਾ ਲਾਇਆ ਸੀ। ਹਾਲਾਂਕਿ ਉਥੇ ਪਹੁੰਚਣ 'ਤੇ ਨੌਜਵਾਨਾਂ ਨੂੰ ਅਣਮਨੁੱਖੀ ਹਾਲਾਤ ਵਿੱਚ ਸਖ਼ਤ ਮਿਹਨਤ ਕਰਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਨੇ ਕਜ਼ਾਖ਼ਸਤਾਨ ਦੇ ਬਰਫ਼ ਨਾਲ ਘਿਰੇ ਇਲਾਕਿਆਂ ਵਿੱਚ ਮਜ਼ਦੂਰਾਂ ਵਜੋਂ ਕੰਮ ਕਰਦੇ ਹੋਏ ਇੱਕ ਵੀਡੀਓ ਜਾਰੀ ਕੀਤਾ ਹੈ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਜ਼ਾਖਸਤਾਨ ਵਿਚ ਫਸੇ ਇਹ ਪੰਜਾਬੀ ਨੌਜਵਾਨ ਬਹੁਤ ਹੀ ਪ੍ਰੇਸ਼ਾਨੀ ਵਿੱਚ ਹਨ। ਇਕ ਤਾਂ ਕੜਾਕੇ ਦੀ ਠੰਢ ਤੇ ਉਪਰੋਂ ਭੁੱਖਮਰੀ ਤੇ ਮਾੜਾ ਸਲੂਕ • ਬਾਕੀ ਸਫਾ 2 'ਤੇ



## ਕੋਈ ਵੀ ਤਾਕਤ ਪੰਜਾਬ ਦੀ ਤਰੱਕੀ ਨੂੰ ਰੋਕ ਨਹੀਂ ਸਕਦੀ : ਮੁੱਖ ਮੰਤਰੀ

**ਜਲਾਲਾਬਾਦ** : ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਮਿਸ਼ਨ ਚੜ੍ਹਦੀ ਕਲਾ' ਵਿੱਚ ਹੁਣ ਉਦਯੋਗ ਜਗਤ ਵੱਲੋਂ ਵੀ ਵੱਡੇ ਪੱਧਰ 'ਤੇ ਸਹਿਯੋਗ ਦੀ ਪ੍ਰੇਰਨਾਦਾਇਕ ਲਹਿਰ ਦੇਖਣ ਨੂੰ ਮਿਲ ਰਹੀ ਹੈ। ਇਸੇ ਲੜੀ ਤਹਿਤ ਹਲਕਾ ਜਲਾਲਾਬਾਦ ਦੇ ਰਾਈਸ ਮਿਲਰਜ਼ ਨੇ ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਦੀ ਅਗਵਾਈ ਹੇਠ ਆਪਣਾ ਸਮਾਜਿਕ ਫਰਜ਼ ਨਿਭਾਉਂਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ 14,99,750 ਰੁਪਏ ਦਾ ਚੈੱਕ • ਬਾਕੀ ਸਫਾ 2 'ਤੇ



## ਤਾਕਾਇਚੀ ਜਾਪਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣੀ



**ਟੋਕੀਓ** : ਜਾਪਾਨ ਦੀ ਸੰਸਦ ਨੇ ਮੰਗਲਵਾਰ ਨੂੰ ਅਤਿ-ਰੂੜੀਵਾਦੀ ਸਾਨੇ ਤਾਕਾਇਚੀ ਨੂੰ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਚੁਣ ਲਿਆ ਹੈ। ਲਿਬਰਲ ਡੈਮੋਕਰੇਟਿਕ ਪਾਰਟੀ ਦੀ ਮੁਖੀ ਤਾਕਾਇਚੀ (64) ਸ਼ਿਗੇਰੂ ਇਸ਼ੀਬਾ ਦੀ ਥਾਂ ਲੈਣਗੇ, ਜਿਨ੍ਹਾਂ ਨੂੰ ਦੋ ਚੋਣ ਹਾਰਾਂ ਤੋਂ ਬਾਅਦ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਾਕਾਇਚੀ ਨੂੰ ਪ੍ਰਧਾਨ ਮੰਤਰੀ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ।

## ਐੱਚ-ਏ ਬੀ ਵੀਜ਼ਾ ਬਾਰੇ ਅਮਰੀਕਾ ਦਾ ਸਪੱਸ਼ਟੀਕਰਨ

**ਵਾਸ਼ਿੰਗਟਨ** : ਨਵੇਂ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਰੰਪ ਪ੍ਰਸ਼ਾਸਨ ਵੱਲੋਂ ਨਵੀਆਂ ਐੱਚ-ਏ ਬੀ ਵੀਜ਼ਾ ਪਟੀਸ਼ਨਾਂ 'ਤੇ ਲਗਾਈ ਗਈ 100,000 ਅਮਰੀਕੀ ਡਾਲਰ ਦੀ ਫੀਸ 'ਸਥਿਤੀ ਵਿੱਚ ਬਦਲਾਅ' ਜਾਂ 'ਠਹਿਰ ਵਿਚ ਵਾਧੇ' ਦੀ ਮੰਗ ਕਰਨ ਵਾਲੇ ਬਿਨੈਕਾਰਾਂ 'ਤੇ ਲਾਗੂ ਨਹੀਂ ਹੋਵੇਗੀ। ਯੂਨਾਈਟਿਡ ਸਟੇਟਸ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਵੱਲੋਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਵਿਚ 'ਕੁਝ ਗੈਰ-ਪਰਵਾਸੀ ਕਾਮਿਆਂ ਦੇ ਦਾਖਲੇ 'ਤੇ ਪਾਬੰਦੀ' ਦੀਆਂ ਛੋਟਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ 19 ਸਤੰਬਰ ਨੂੰ ਇਕ ਬਿਆਨ ਵਿਚ ਨਵੇਂ ਐੱਚ-ਏ ਬੀ ਵੀਜ਼ਾ ਦੀ ਫੀਸ ਇੱਕ ਲੱਖ ਅਮਰੀਕੀ ਡਾਲਰ ਤੱਕ ਵਧਾਉਣ ਦਾ ਐਲਾਨ ਕੀਤਾ ਸੀ।"

## ਕੰਬਾਈਨ ਹੇਠਾਂ ਆਉਣ ਨਾਲ ਪਿਓ-ਧੀ ਦੀ ਮੌਤ

**ਸ੍ਰੀ ਹਰਗੋਬਿੰਦਪੁਰ** : ਜ਼ਿਲ੍ਹਾ ਗੁਰਦਾਸਪੁਰ ਦੇ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ (ਬਟਾਲਾ) ਨੇੜੇ ਦੁਪਹਿਰ ਸਮੇਂ ਕੰਬਾਈਨ ਅਤੇ ਮੋਟਰਸਾਈਕਲ ਦਰਮਿਆਨ ਇਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿਚ ਮੋਟਰਸਾਈਕਲ ਸਵਾਰ ਚਰਨਜੀਤ ਸਿੰਘ ਅਤੇ ਉਸ ਦੀ ਲੜਕੀ ਤਰਨਪ੍ਰੀਤ ਕੌਰ ਦੀ ਕੰਬਾਈਨ ਹੇਠਾਂ ਆਉਣ ਕਾਰਨ ਮੌਤ ਹੋ ਗਈ ਅਤੇ ਇਸੇ ਦੌਰਾਨ ਲੜਕੀ ਵੱਲੋਂ ਚੁੱਕਿਆ ਕੁੱਤਾ ਵੀ ਦਮ ਤੋੜ ਗਿਆ। ਕੰਬਾਈਨ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।

## ਅੰਗਰੇਜ਼ੋਂ ਕੇ ਜ਼ਮਾਨੇ ਕੇ ਜੇਲ੍ਹਰ ਨਹੀਂ ਰਹੇ



**ਮੁੰਬਈ** : ਬਜ਼ੁਰਗ ਅਦਾਕਾਰ ਤੇ ਕਾਮੇਡੀਅਨ ਗੋਵਰਧਨ ਅਸਰਾਨੀ ਦਾ ਸੋਮਵਾਰ ਨੂੰ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 84 ਸਾਲ ਦੇ ਸਨ। ਅਸਰਾਨੀ ਵੱਲੋਂ ਫ਼ਿਲਮ 'ਸ਼ੋਅਲੇ' ਵਿਚ ਨਿਭਾਇਆ 'ਜੇਲ੍ਹਰ' ਦਾ ਕਿਰਦਾਰ ਤੇ ਡਾਇਲਾਗ 'ਹਮ ਅੰਗਰੇਜ਼ੋਂ ਕੇ ਜ਼ਮਾਨੇ ਕੇ ਜੇਲ੍ਹਰ ਹੈਂ' ਅੱਜ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਚੇਤਿਆਂ ਵਿਚ ਹੈ। ਅਸਰਾਨੀ ਨੇ ਬਾਲੀਵੁੱਡ ਵਿਚ ਤਿੰਨ ਸੌ ਤੋਂ ਵੱਧ ਫ਼ਿਲਮਾਂ ਵਿਚ ਕੰਮ ਕੀਤਾ। ਅਦਾਕਾਰ ਦਾ ਪੂਰਾ ਨਾਂਅ ਗੋਵਰਧਨ ਅਸਰਾਨੀ ਸੀ, ਪਰ ਉਹ ਫਿਲਮ ਇੰਡਸਟਰੀ ਵਿਚ ਅਸਰਾਨੀ ਦੇ ਨਾਂਅ ਨਾਲ ਹੀ ਮਕਬੂਲ ਸੀ। ਅਸਰਾਨੀ ਨੂੰ ਚਾਰ ਦਿਨ ਪਹਿਲਾਂ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਡਾਕਟਰਾਂ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਫੇਫੜਿਆਂ ਵਿਚ ਪਾਣੀ ਭਰ ਗਿਆ ਸੀ।

## ਡੀ ਆਈ ਜੀ ਭੁੱਲਰ ਮੁਅੱਤਲ, ਮਾਨ ਨੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ-ਟਾਲਰੈਂਸ ਦੀ ਨੀਤੀ ਦੁਹਰਾਈ

**ਚੰਡੀਗੜ੍ਹ** : ਭ੍ਰਿਸ਼ਟਾਚਾਰ ਪ੍ਰਤੀ ਆਪਣੀ ਸਰਕਾਰ ਦੀ ਜ਼ੀਰੋ-ਟਾਲਰੈਂਸ ਨੀਤੀ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਈ ਪੀ ਐੱਸ ਅਧਿਕਾਰੀ ਹਰਚਰਨ ਸਿੰਘ ਭੁੱਲਰ ਨੂੰ ਮੁਅੱਤਲ ਕਰ ਦਿੱਤਾ ਹੈ, ਜਿਨ੍ਹਾ ਨੂੰ ਹਾਲ ਹੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।ਮੁੱਖ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਸੂਬਾ ਸਰਕਾਰ ਦੀਆਂ ਨੈਤਿਕ ਕਦਰਾਂ-ਕੀਮਤਾਂ ਦਾ ਮੂਲ ਹੈ, ਜੋ ਪਿਛਲੇ ਚਾਰ ਸਾਲਾਂ ਦੌਰਾਨ ਸਰਕਾਰ ਦੀਆਂ • ਬਾਕੀ ਸਫਾ 2 'ਤੇ

## ਪੰਜਾਬ ਸਰਕਾਰ ਹੜ੍ਹ ਪ੍ਰਭਾਵਤ ਬੱਚਿਆਂ ਦੀਆਂ ਫੀਸਾਂ ਮੁਆਫ ਕਰੇ : ਪੰਜਾਬ ਇਸਤਰੀ ਸਭਾ

**ਜਲੰਧਰ** : ਪੰਜਾਬ ਇਸਤਰੀ ਸਭਾ ਦੀ ਜਨਰਲ ਸਕੱਤਰ ਨਰਿੰਦਰ ਸੋਹਲ, ਪ੍ਰਧਾਨ ਰਜਿੰਦਰ ਪਾਲ ਕੌਰ, ਸਰਪ੍ਰਸਤ ਨਰਿੰਦਰ ਪਾਲ ਅਤੇ ਚੇਅਰਪਰਸਨ ਕੁਸ਼ਲ ਭੌਰਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚ ਸਰਵੇ ਕਰਵਾ ਕੇ ਲੋੜਵੰਦ ਬੱਚਿਆਂ ਦੀ ਫੀਸ ਅਤੇ ਬੋਰਡ ਫੀਸ ਮੁਆਫ ਕੀਤੀ ਜਾਵੇ. ਹੜ੍ਹਾਂ ਨੇ ਲੋਕਾਂ ਦੀ ਬਹੁਤ ਤਬਾਹੀ ਕੀਤੀ ਹੈ। ਕਿਸਾਨਾਂ ਦੀਆਂ ਫਸਲਾਂ ਬਿਲਕੁਲ ਖਤਮ ਹੋ ਚੁੱਕੀਆਂ ਹਨ।ਉਹਨਾਂ ਦੀਆਂ ਜੇਬਾਂ ਬਿਲਕੁਲ ਖਾਲੀ ਹਨ। ਏਦਾਂ ਹੀ ਫਸਲਾਂ ਖਰਾਬ ਹੋਣ ਕਰਕੇ ਮਜ਼ਦੂਰ ਤਬਕੇ ਨੂੰ ਵੀ ਕੰਮ ਨਹੀਂ ਮਿਲ ਰਿਹਾ।ਸਮਾਜ ਸੇਵੀ ਜਥੇਬੰਦੀਆਂ ਕੱਪੜੇ-ਲੱਤੇ ਅਤੇ ਰਾਸ਼ਨ ਨਾਲ ਮਦਦ ਕਰ ਰਹੀਆਂ ਹਨ, ਪ੍ਰੰਤੂ ਲੋਕਾਂ ਦੀਆਂ ਜੇਬਾਂ ਵਿੱਚ ਪੈਸਾ ਨਹੀਂ ਕਿ ਉਹ ਆਪਣੇ ਬੱਚਿਆਂ ਦੀ ਫੀਸ ਦੇ ਕੇ ਪੜ੍ਹਾਈ ਜਾਰੀ ਰਖਵਾ ਸਕਣ।ਇਸ ਕਰਕੇ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜ਼ਰੂਰਤਮੰਦ ਬੱਚਿਆਂ ਦੀਆਂ • ਬਾਕੀ ਸਫਾ 2 'ਤੇ






22-OCT-PAGE-1.qxd 10/21/2025 8:33 PM Page 2



## ਗੁਰਪ੍ਰੀਤ ਹੋਲੀ ਹਾਰਟ ਸਕੂਲ ਵੱਲੋਂ ਦੀਵਾਲੀ 'ਤੇ ਖੁਸ਼ੀਆਂ ਵੰਡਣ ਦੀ ਮੁਹਿੰਮ




**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਦੀਵਾਲੀ ਦੇ ਪਵਿੱਤਰ ਤਿਉਹਾਰ ਮੌਕੇ ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਵੱਲੋਂ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਦੀ ਪ੍ਰੇਰਨਾ ਹੇਠ ਬਾਕਸ ਆਫ਼ ਜੋਇ ਨਾਮੀ ਦਾਨ ਮੁਹਿੰਮ ਆਯੋਜਤ ਕੀਤੀ ਗਈ।ਇਸ ਦਾ ਉਦੇਸ਼ ਗਰੀਬ ਤੇ ਲੋੜਵੰਦ ਲੋਕਾਂ ਵਿੱਚ ਖੁਸ਼ੀਆਂ ਅਤੇ ਪਿਆਰ ਵੰਡਣਾ ਸੀ।ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਤੇ ਤਿਉਹਾਰਕ ਜੋਸ਼ ਦਾ ਪ੍ਰਦਰਸ਼ਨ ਕਰਦੇ ਹੋਏ ਦੀਵੇ ਤੇ ਮੋਮਬੱਤੀਆਂ ਸਜਾਉਣ, ਰੰਗੋਲੀ ਬਣਾਉਣ, ਦੀਆਂ ਕਰਾਫਟ ਅਤੇ ਹੋਰ ਕਈ ਸਰਗਰਮੀਆਂ ਵਿੱਚ ਭਾਗ ਲਿਆ।ਸਾਰਾ ਸਕੂਲ ਰੰਗਾਂ ਤੇ ਰੌਸ਼ਨੀ ਨਾਲ ਚਮਕ ਉਠਿਆ।ਸਕੂਲ ਦੇ ਸਟੂਡੈਂਟ ਕੌਂਸਲ ਮੈਂਬਰਾਂ ਨੇ ਸਲੱਮ ਇਲਾਕਿਆਂ, ਅਨਾਥ ਆਸ਼ਰਮਾਂ ਤੇ ਬੁਜ਼ੁਰਗ ਆਸ਼ਰਮਾਂ ਦਾ ਦੌਰਾ ਕਰਕੇ ਕੱਪੜੇ, ਖਿਡੌਣੇ, ਮਿਠਾਈਆਂ ਤੇ ਹੋਰ ਜ਼ਰੂਰੀ ਸਮਾਨ ਵੰਡਿਆ।ਇਹ ਸਭ ਮਾਤਾ-ਪਿਤਾ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ, ਜਿਨ੍ਹਾਂ ਨੇ ਦਾਨ ਲਈ ਵੱਖ-ਵੱਖ ਚੀਜ਼ਾਂ ਭੇਜੀਆਂ। ਉਨ੍ਹਾਂ ਦੇ ਸਹਿਯੋਗ ਨਾਲ ਬੱਚਿਆਂ ਨੇ ਸੱਚੀ ਮਨੁੱਖਤਾ ਦਾ ਪਾਠ ਸਿੱਖਿਆ।

## ਮਾਤਾ ਗੁਜਰੀ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਅੰਤਰ-ਕਾਲਜ ਬੈਡਮਿੰਟਨ ਟੂਰਨਾਮੈਂਟ 'ਚ ਵਧੀਆ ਪ੍ਰਦਰਸ਼ਨ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੀ ਲੜਕੀਆਂ ਦੀ ਬੈਡਮਿੰਟਨ ਟੀਮ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਯੋਜਤ ਅੰਤਰ ਕਾਲਜ ਬੈਡਮਿੰਟਨ ਟੂਰਨਾਮੈਂਟ ਵਿੱਚੋਂ ਤੀਜਾ ਸਥਾਨ ਹਾਸਲ ਕਰ ਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ।ਵਰਣਨਯੋਗ ਹੈ ਕਿ ਇਸ ਟੀਮ ਵਿੱਚ ਕਾਲਜ ਦੀ ਐਮ.ਏ. ਰਾਜਨੀਤੀ ਵਿਗਿਆਨ ਭਾਗ ਦੂਜਾ ਦੀਆਂ ਵਨਿਕਾ ਤੇ ਤਮੰਨਾ, ਬੀ.ਕਾਮ. ਭਾਗ ਦੂਜਾ ਦੀ ਅਮਨਪ੍ਰੀਤ ਕੌਰ, ਬੀ.ਏ. ਭਾਗ ਪਹਿਲਾ ਦੀ ਜਸਲੀਨ ਕੌਰ ਤੇ ਬੀ.ਕਾਮ. ਭਾਗ ਤੀਜਾ ਦੀ ਹਰਮਨਪ੍ਰੀਤ ਕੌਰ ਸ਼ਾਮਲ ਸਨ।ਇਸ ਦੇ ਨਾਲ ਹੀ ਕਾਲਜ ਦੀ ਹੋਣਹਾਰ ਵਿਦਿਆਰਥਣ ਅਮਨਪ੍ਰੀਤ ਕੌਰ ਦੀ ਆਲ ਇੰਡੀਆ ਅੰਤਰ ਯੂਨੀਵਰਸਿਟੀ ਬੈਡਮਿੰਟਨ ਕੈਂਪ 2025-2026 ਲਈ ਵੀ ਚੋਣ ਹੋਈ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਜੇਤੂ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਮਾਤਾ ਗੁਜਰੀ ਕਾਲਜ ਸਿਰਮੌਰ ਸਿੱਖਿਆ ਸੰਸਥਾ ਹੈ, ਜਿਸ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਤੇ ਖੇਡਾਂ ਦੇ ਖੇਤਰ ਵਿੱਚ ਨਿਰੰਤਰ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਜੇਤੂ ਟੀਮ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਤ ਕਰਦਿਆਂ ਇਹ ਆਸ ਜਤਾਈ ਕਿ ਪੰਜਾਬ ਦੇ ਨੌਜਵਾਨ ਖੇਡਾਂ ਜ਼ਰੀਏ ਸਿਹਤਮੰਦ ਅਤੇ ਰੰਗਲੇ ਪੰਜਾਬ ਦੀ ਸਿਰਜਣਾ ਕਰਨ। ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਵਾਧਾ ਹੁੰਦਾ ਹੈ।ਕਾਲਜ ਦੇ ਖੇਡ ਵਿਭਾਗ ਦੇ ਮੁਖੀ ਡਾ. ਹਰਜੀਤ ਕੌਰ ਨੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਦੀਆਂ ਹੋਣਹਾਰ ਵਿਦਿਆਰਥਣਾਂ ਦਾ ਵਧੀਆ ਪ੍ਰਦਰਸ਼ਨ ਹੋਰਨਾਂ ਵਿਦਿਆਰਥੀਆਂ ਨੂੰ ਵੀ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਸਹਾਇਕ ਸਿੱਧ ਹੋਵੇਗਾ।ਕੋਚ ਬਹਾਦਰ ਸਿੰਘ ਨੇ ਵਿਦਿਆਰਥਣਾਂ ਨੂੰ ਭਵਿੱਖ 'ਚ ਵੀ ਨਿਰੰਤਰ ਮਿਹਨਤ ਕਰਕੇ ਕਾਮਯਾਬੀ ਹਾਸਲ ਕਰਨ ਲਈ ਉਤਸ਼ਾਹਤ ਕੀਤਾ।

## ਤੰਦਰੁਸਤ ਰਹਿਣ ਲਈ ਆਇਓਡੀਨ ਵਾਲ਼ਾ ਨਮਕ ਸਿਹਤ ਲਈ ਜ਼ਰੂਰੀ : ਡਾ. ਚਾਵਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਗਲੋਬਲ ਆਇਓਡੀਨ ਡੈਫੀਸ਼ੈਂਸੀ ਡਿਸਆਰਡਰ ਪ੍ਰਵੈਂਸ਼ਨ ਦਿਵਸ ਦੇ ਸਬੰਧ ਵਿਚ ਦਫਤਰ ਸਿਵਲ ਸਰਜਨ ਵਿਖੇ ਡਾ. ਜਗਦੀਪ ਚਾਵਲਾ ਸਿਵਲ ਸਰਜਨ ਵਲੋਂ ਜਾਗਰੂਕਤਾ ਬੈਨਰ ਜਾਰੀ ਕੀਤਾ ਗਿਆ।ਡਾ. ਜਗਦੀਪ ਚਾਵਲਾ ਨੇ ਕਿਹਾ ਕਿ ਸਾਡੇ ਸਰੀਰ ਨੂੰ ਥਾਇਰਡ ਹਾਰਮੋਨ ਬਣਾਉਣ ਲਈ ਆਇਓਡੀਨ ਦੀ ਜ਼ਰੂਰਤ ਹੁੰਦੀ ਹੈ, ਜੋ ਖੁਰਾਕ 'ਚੋਂ ਹੀ ਲਿਆ ਜਾ ਸਕਦਾ ਹੈ।ਸਾਡੀ ਰੋਜ਼ਾਨਾ ਦੀ ਖੁਰਾਕ ਵਿਚ ਆਇਓਡੀਨ ਦੀ ਕਮੀ ਹੋਣ ਕਾਰਨ ਸਰੀਰ ਨੂੰ ਲੋੜੀਂਦੀ ਆਇਓਡੀਨ ਦੀ ਮਾਤਰਾ ਨਹੀ ਮਿਲ ਪਾਉਂਦੀ, ਜਿਸ ਕਾਰਨ ਗਰਭਵਤੀ ਔਰਤਾਂ ਦੇ ਬੱਚਿਆਂ ਵਿੱਚ ਕਈ ਪ੍ਰਕਾਰ ਦੀਆਂ ਬਿਮਾਰੀਆਂ, ਜਿਵੇਂ ਕਿ ਬੋਲਾਪਣ, ਬੱਚਾ ਗੂੰਗਾ ਪੈਦਾ ਹੋਣਾ, ਮਾਨਸਿਕ ਤੇ ਸਰੀਰਿਕ ਤੌਰ 'ਤੇ ਬੀਮਾਰ ਹੋਣਾ, ਭੈਂਗਾਪਣ, ਮਰਿਆ ਹੋਇਆ ਬੱਚਾ ਪੈਦਾ ਹੋਣਾ ਤੇ ਗਲੇ ਵਿਚ ਗੰਢਾਂ, ਗਿੱਲੜ ਦਾ ਰੋਗ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ।ਮਨੁੱਖੀ ਸਰੀਰ ਨੂੰ ਖਾਣੇ ਵਿਚ ਸੂਈ ਦੇ ਨੱਕੇ ਜਿੰਨੀ ਆਇਓਡੀਨ ਦੀ ਰੋਜ਼ਾਨਾ ਜ਼ਰੂਰਤ ਹੁੰਦੀ ਹੈ।ਸਰੀਰ ਵਿਚ ਆਇਓਡੀਨ ਦੀ ਘਾਟ ਤੋਂ ਬਚਣ ਲਈ ਆਇਓਡੀਨ ਨਮਕ ਹੀ ਖਰੀਦੋ ਤੇ ਉਸ ਦੇ ਉਪਰ ਚੜ੍ਹਦੇ ਹੋਏ ਸੂਰਜ ਦਾ ਚਿੰਨ੍ਹ ਜ਼ਰੂਰ ਦੇਖੋ ਅਤੇ ਸਬਜ਼ੀ ਪੱਕਣ ਤੋਂ ਬਾਅਦ ਉਸ ਵਿਚ ਆਇਓਡੀਨ ਨਮਕ ਪਾਓ, ਨਹੀ ਤਾਂ ਆਇਓਡੀਨ ਖਤਮ ਹੋ ਜਾਂਦੀ ਹੈ।ਨਮਕ ਨੂੰ ਘਰ 'ਚ ਪਲਾਸਟਿਕ ਦੇ ਹਵਾ ਬੰਦ ਡੱਬੇ 'ਚ ਰੱਖਣਾ ਚਾਹੀਦਾ ਹੈ।ਉਨ੍ਹਾ ਸਿਹਤ ਵਿਭਾਗ ਦੇ ਸਟਾਫ਼ ਨੂੰ ਹਦਾਇਤ ਕੀਤੀ ਕਿ ਵੱਧ ਤੋਂ ਵੱਧ ਲੋਕਾਂ ਨੂੰ ਰੋਜ਼ਾਨਾ ਜੀਵਨ ਵਿਚ ਆਇਓਡੀਨ ਯੁਕਤ ਨਮਕ ਦੀ ਹੀ ਵਰਤੋਂ ਕਰਨ ਲਈ ਪ੍ਰੇਰਤ ਕੀਤਾ ਜਾਵੇ।

## ਪਾਥਵੇਜ਼ ਸਕੂਲ ਨੇ ਮਨਾਇਆ ਦੀਵਾਲੀ ਤੇ ਬੰਦੀ ਛੋੜ ਦਿਵਸ




**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ ਗਲੋਬਲ ਸਕੂਲ ਵਿਖੇ ਦਿਵਾਲੀ ਤੇ ਬੰਦੀ ਛੋੜ ਦਿਵਸ ਧੂਮ ਧਾਮ ਨਾਲ ਮਨਾਇਆ ਗਿਆ।ਵਿਦਿਆਰਥੀਆਂ ਨੇ ਗਰੀਨ ਦਿਵਾਲੀ ਮਨਾਉਣ ਵਜੋਂ ਕਈ ਪ੍ਰੋਗਰਾਮ ਪੇਸ਼ ਕੀਤੇ।ਬੱਚਿਆਂ ਦੁਆਰਾ ਬਣਾਏ ਗਏ ਰੰਗੋਲੀ ਅਤੇ ਵੇਸਟ ਮਟੀਰੀਅਲ ਆਰਟ ਦਿਲ ਖਿੱਚਵੇਂ ਸਨ।ਪ੍ਰਿੰਸੀਪਲ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਦਿਵਾਲੀ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿਵਾਲੀ ਦਾ ਤਿਉਹਾਰ ਇੱਕ ਪਵਿੱਤਰ ਤਿਉਹਾਰ ਹੈ।ਇਸ ਦਿਨ ਭਗਵਾਨ ਸ੍ਰੀ ਰਾਮ ਜੀ 14 ਸਾਲਾਂ ਦਾ ਬਣਵਾਸ ਕੱਟ ਕੇ ਤੇ ਰਾਵਣ ਨੂੰ ਮਾਰ ਕੇ ਆਪਣੀ ਪਤਨੀ ਸਮੇਤ ਵਾਪਸ ਯੋਧਿਆ ਪਰਦੇ ਸਨ।ਇਸੇ ਦਿਨ ਹੀ ਸਿੱਖਾਂ ਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 52 ਰਾਜਿਆਂ ਸਮੇਤ ਜਹਾਂਗੀਰ ਦੀ ਕੈਦ ਵਿੱਚੋਂ ਰਿਹਾਅ ਹੋ ਕੇ ਆਏ ਸਨ।ਇਸ ਦਿਨ ਦੀ ਯਾਦ ਨੂੰ ਮੁੱਖ ਰੱਖਦਿਆਂ ਹੋਇਆਂ ਦੀਵਾਲੀ ਦਾ ਤਿਉਹਾਰ ਬੜੇ ਹੀ ਉਤਸ਼ਾਹ ਤੇ ਚਾਅ ਨਾਲ ਮਨਾਇਆ ਜਾਂਦਾ ਹੈ।

## ਲਾਈਫ਼ ਲਾਈਨ ਵੈੱਲਫੇਅਰ ਕਲੱਬ ਵੱਲੋਂ ਲੋਕਾਂ ਦੀ ਸਹੂਲਤ ਲਈ ਚਾਰਜਿੰਗ ਪੁਆਇੰਟ ਲਾਏ ਗਏ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲੋਕਾਂ ਦੀ ਰੋਜ਼ਮਰ੍ਹਾ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਾਈਫ ਲਾਈਨ ਵੈਲਫੇਅਰ ਕਲੱਬ ਵੱਲੋਂ ਦਵਿੰਦਰ ਕੁਮਾਰ ਬੱਲੂ, ਰਮਨ ਅਰੋੜਾ, ਤੀਰਥ ਬਾਂਸਲ, ਪ੍ਰਵੀਨ ਸੇਤੀਆ, ਰਾਮ ਤੀਰਥ, ਵਿਜੇ ਮਿੱਤਲ ਦੀ ਅਗਵਾਈ ਵਿੱਚ ਇੱਕ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ।ਕਲੱਬ ਵੱਲੋਂ ਸਰਕਾਰੀ ਹਸਪਤਾਲ ਦੇ ਵਾਰਡ ਅੰਦਰ ਤੇ ਤਹਿਸੀਲ ਕੰਪਲੈਕਸ ਵਿੱਚ ਮੋਬਾਇਲ ਚਾਰਜਿੰਗ ਪੁਆਇੰਟ ਲਾਏ ਗਏ ਹਨ, ਤਾਂ ਜੁ ਹਸਪਤਾਲ ਆਉਣ ਵਾਲੇ ਮਰੀਜ਼ਾਂ, ਉਨ੍ਹਾਂ ਦੇ ਸਾਥੀਆਂ ਤੇ ਤਹਿਸੀਲ ਕੰਪਲੈਕਸ ਆਉਣ ਵਾਲੇ ਲੋਕਾਂ ਨੂੰ ਆਪਣਾ ਮੋਬਾਇਲ ਚਾਰਜ ਕਰਨ ਵਿੱਚ ਕੋਈ ਦਿੱਕਤ ਨਾ ਆਵੇ।ਇਹ ਪ੍ਰੇਰਕ ਕਦਮ ਉਸ ਸਮੇਂ ਲਿਆ ਗਿਆ, ਜਦੋਂ ਇੱਕ ਬਜ਼ੁਰਗ ਮਹਿਲਾ ਆਪਣੇ ਮੋਬਾਇਲ ਨੂੰ ਚਾਰਜ ਕਰਨ ਲਈ ਲੋਕਾਂ ਕੋਲ ਮਿੰਨਤਾਂ ਕਰ ਰਹੀ ਸੀ, ਪਰ ਕਿਸੇ ਨੇ ਵੀ ਮਦਦ ਨਹੀਂ ਕੀਤੀ। ਘਟਨਾ ਨੂੰ ਦੇਖਦੇ ਹੋਏ ਲਾਈਫ਼ ਲਾਈਨ ਵੈਲਫੇਅਰ ਕਲੱਬ ਦੇ ਮੈਂਬਰਾਂ ਨੇ ਤੁਰੰਤ ਚਾਰਜਿੰਗ ਪੁਆਇੰਟ ਲਗਾਉਣ ਦਾ ਫੈਸਲਾ ਲਿਆ, ਤਾਂ ਜੁ ਅੱਗੇ ਕਿਸੇ ਨੂੰ ਇਸ ਤਰ੍ਹਾਂ ਦੀ ਤਕਲੀਫ਼ ਦਾ ਸਾਹਮਣਾ ਨਾ ਕਰਨਾ ਪਵੇ।ਕਲੱਬ ਦੇ ਮੈਂਬਰਾਂ ਨੇ ਕਿਹਾ ਕਿ ਇਹ ਉਨ੍ਹਾਂ ਦਾ ਛੋਟਾ ਜਿਹਾ ਯਤਨ ਹੈ। ਜੋ ਮਨੁੱਖਤਾ ਦੇ ਨਾਤੇ ਕੀਤਾ ਗਿਆ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜ ਸੇਵਾ ਸਿਰਫ਼ ਵੱਡੇ ਪ੍ਰੋਜੈਕਟਾਂ ਨਾਲ ਹੀ ਨਹੀਂ, ਸਗੋਂ ਛੋਟੇ-ਛੋਟੇ ਕਦਮਾਂ ਨਾਲ ਵੀ ਕੀਤੀ ਜਾ ਸਕਦੀ ਹੈ।ਲਾਈਫ ਲਾਈਨ ਵੈਲਫੇਅਰ ਕਲੱਬ ਵੱਲੋਂ ਅਗਲੇ ਦਿਨਾਂ ਵਿੱਚ ਹੋਰ ਵੀ ਲੋਕ ਭਲਾਈ ਦੇ ਪ੍ਰੋਜੈਕਟ ਸ਼ੁਰੂ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

## ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬੰਦੀ ਛੋੜ ਦਿਵਸ ਮੌਕੇ ਕਰਾਇਆ ਗੁਰਮਤਿ ਸਮਾਗਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨੌਵੇਂ ਪਾਤਸ਼ਾਹ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਬੰਦੀ ਛੋੜ ਦਿਵਸ ਮੌਕੇ ਗੁਰਮਤਿ ਸਮਾਗਮ ਕਰਾਇਆ ਗਿਆ। ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਬੰਦੀ ਛੋੜ ਦਿਵਸ ਨੂੰ ਸਮਰਪਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ। ਗੁਰਮਤਿ ਸਮਾਗਮ ਦੌਰਾਨ ਹਜ਼ੂਰੀ ਰਾਗੀ ਜੱਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਤੜਕ ਸਵੇਰੇ ਕਵਾੜ ਖੁੱਲ੍ਹਣ ਮਗਰੋਂ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਦੌਰਾਨ ਗੁਰੂ ਸਾਹਿਬ ਦੇ ਦਰਬਾਰ ਵਿਖੇ ਸੰਗਤ ਵੱਡੀ ਗਿਣਤੀ ਵਿਚ ਨਤਮਸਕ ਹੋਈ।ਬੰਦੀ ਛੋੜ ਦਿਵਸ ਮੌਕੇ ਸੰਗਤਾਂ ਨੇ ਪਵਿੱਤਰ ਸਰੋਵਰ ਦੇ ਆਲੇ ਦੁਆਲੇ ਮੋਮਬੱਤੀਆਂ ਜਗਾ ਕੇ ਜਿਥੇ ਗੁਰੂ ਸਾਹਿਬ ਪ੍ਰਤੀ ਆਪਣਾ ਆਸਥਾ ਦਾ ਪ੍ਰਗਟਾਵਾ ਕੀਤਾ ਗਿਆ, ਉਥੇ ਗੁਰਦੁਆਰਾ ਸਾਹਿਬ ਵਿਖੇ ਕੀਤੀ ਗਈ ਦੀਪਮਾਲਾ ਵੀ ਸੰਗਤਾਂ ਵਿਚ ਖਿੱਚ ਦਾ ਕੇਂਦਰ ਬਣੀ ਰਹੀ।

ਗੁਰੂ ਦਰਬਾਰ ਵਿਚ ਕੀਤੀ ਗਈ ਫੁੱਲਾਂ ਦੀ ਸਜਾਵਟ ਨੇ ਅਲੌਕਿਕ ਰੰਗ ਪ੍ਰਦਾਨ ਕੀਤਾ।ਗੁਰੂ ਘਰ ਵਿਚ ਪੁੱਜੀ ਸੰਗਤਾਂ ਨੇ ਦੇਰ ਰਾਤ ਤੱਕ ਆਤਿਸ਼ਬਾਜ਼ੀ ਕਰਕੇ ਆਪਣਾ ਗੁਰੂ ਪ੍ਰਤੀ ਆਸਥਾ ਦਾ ਪ੍ਰਗਟਾਵਾ ਕੀਤਾ।ਸੰਗਤਾਂ ਨੇ ਪੰਗਤ ਤੇ ਸੰਗਤ ਕਰਦਿਆਂ ਦੀਵਾਨ ਹਾਲ ਵਿਖੇ ਸੰਗਤਾਂ ਨੇ ਖੁਦ ਨੂੰ ਨਾਮ ਸਿਮਰਨ ਨਾਲ ਜੋੜਨ ਦਾ ਉਪਰਾਲਾ ਕੀਤਾ।ਗੁਰਦੁਆਰਾ ਸਾਹਿਬ ਵਿਖੇ ਕਰਾਏ ਗਏ ਗੁਰਮਤਿ ਸਮਾਗਮ ਦੌਰਾਨ ਉਚੇਚੇ ਤੌਰ 'ਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਅਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਜਥੇਦਾਰ ਜਸਮੇਰ ਸਿੰਘ ਲਾਛੜੂ ਤੇ ਹੋਰ ਸ਼ਖ਼ਸੀਅਤਾਂ ਨੇ ਵੀ ਸ਼ਿਰਕਤ ਕੀਤੀ।ਦੀਵਾਨ ਹਾਲ ਵਿਚ ਸੰਗਤਾਂ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੰਦਿਆਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਇਤਿਹਾਸਕ ਪੱਖ ਤੋਂ ਦੱਸਿਆ ਕਿ ਕਿਸ ਤਰ੍ਹਾਂ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਬ ਪਾਤਸ਼ਾਹ ਨੇ ਇਸ ਦਿਨ 52 ਹਿੰਦੂ ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਕਰਾਇਆ।ਗੁਰੂ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸੱਚਖੰਡ ਸ੍ਰੀ ਹਰਮਿੰਦਰ ਸਾਹਿਬ ਪੁੱਜੇ, ਜਿਨ੍ਹਾਂ ਦੇ ਰਿਹਾਅ ਹੋਣ ਆਉਣ ਦੀ ਖੁਸ਼ੀ ਵਿਚ ਪਹਿਲੇ ਹੈਡ ਗ੍ਰੰਥੀ ਬਾਬਾ ਬੁੱਢਾ ਜੀ ਤੇ ਸੰਗਤਾਂ ਨੇ ਗੁਰੂ ਘਰ ਵਿਖੇ ਦੀਪਮਾਲਾ ਕਰਾਈ ਅਤੇ ਇਸ ਕਰਕੇ ਇਸ ਦਿਨ ਨੂੰ ਬੰਦੀ ਛੋੜ ਦਿਵਸ ਕਰਕੇ ਮਨਾਇਆ ਜਾਂਦਾ ਹੈ। ਸਾਬਕਾ ਪ੍ਰਧਾਨ ਬਡੂੰਗਰ ਨੇ ਬੰਦੀ ਛੋੜ ਦਿਵਸ 'ਤੇ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੱਖਾਂ ਨੂੰ ਰਿਹਾਅ ਨਾ ਕੀਤੇ ਜਾਣ 'ਤੇ ਚਿੰਤਾ ਵੀ ਪ੍ਰਗਟ ਕੀਤੀ।ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਜਿਨ੍ਹਾਂ ਨੂੰ ਬਗੈਰ ਕਿਸੇ ਦੇਰੀ 'ਤੇ ਛੱਡਿਆ ਜਾਣਾ ਚਾਹੀਦਾ।ਗੁਰਦੁਆਰਾ ਪ੍ਰਬੰਧਕ ਮੈਨੇਜਰ ਭਾਗ ਸਿੰਘ ਨੇ ਵੱਲੋਂ ਪੁੱਜੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਵੀ ਦਿੱਤਾ ਗਿਆ।ਦੀਵਾਨ ਹਾਲ ਵਿਖੇ ਕਰਾਏ ਸਮਾਗਮ ਦੌਰਾਨ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਦੱਸਿਆ ਕਿ ਇਸ ਪਵਿੱਤਰ ਦਿਹਾੜੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦੇ ਸਬੰਧ ਵਿਚ ਸ੍ਰੀ ਅਖੰਡ ਪਾਠ ਸਾਹਿਬ ਵੀ ਆਰੰਭ ਕਰਾਏ ਗਏ, ਜਿਨ੍ਹਾਂ ਦੇ ਭੋਗ ਭਲਕੇ ਪੈਣਗੇ।

## ਲੋਕ ਆਗੂ ਹਰਦੀਪ ਮਹਿਣਾ ਦੀ ਸੰਘਰਸ਼ਸ਼ੀਲ ਜੀਵਨ ਘਾਲਣਾ ਉੱਪਰ ਚਰਚਾ

**ਬਠਿੰਡਾ (ਪੱਤਰ ਪ੍ਰੇਰਕ)**-ਬਹੁਮੁਖੀ ਪ੍ਰਤਿਭਾ ਦੇ ਧਨੀ, ਸੰਘਰਸ਼ਸ਼ੀਲ ਲੋਕ ਆਗੂ ਸਾਥੀ ਹਰਦੀਪ ਸਿੰਘ ਮਹਿਣਾ ਨੂੰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਹਸਤੀਆਂ, ਮਿੱਤਰਾਂ-ਦੋਸਤਾਂ ਤੇ ਰਿਸ਼ਤੇਦਾਰਾਂ ਵੱਲੋਂ ਭਾਵਪੂਰਨ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਬੁਲਾਰਿਆਂ ਤੇ ਹਾਜ਼ਰੀਨ ਨੇ ਉਨ੍ਹਾਂ ਨੂੰ ਪੁਸ਼ਪਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਦਿਖਾਏ ਰਾਹ 'ਤੇ ਤੁਰਨ ਦਾ ਅਹਿਦ ਲਿਆ।ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਮੁਖਤਿਆਰ ਪੂਹਲਾ, ਆਰ.ਐਮ.ਪੀ.ਆਈ. ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਲੋਕ ਮੋਰਚਾ ਪੰਜਾਬ ਦੇ ਪ੍ਰਧਾਨ ਮਾਸਟਰ ਜਗਮੇਲ ਸਿੰਘ, ਲੋਕ ਸੰਗਰਾਮ ਮੋਰਚਾ ਦੀ ਸੀਨੀਅਰ ਰੁਕਨ ਕਾਮਰੇਡ ਮੁਖਤਿਆਰ ਕੌਰ, ਜਮਹੂਰੀ ਅਧਿਕਾਰ ਸਭਾ ਜਿਲ੍ਹਾ ਬਠਿੰਡਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਤਰਕਸ਼ੀਲ ਸੁਸਾਇਟੀ ਦੇ ਸਪੋਕਸਪਰਸਨ ਭੂਰਾ ਸਿੰਘ ਮਹਿਮਾ ਸਰਜਾ, ਐਮਈਐਸ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ, ਆਦੇਸ਼ ਹਸਪਤਾਲ ਦੇ ਡਾ. ਪ੍ਰਮੋਦ ਕੁਮਾਰ ਨੇ ਆਪੋ-ਆਪਣੀ ਤਕਰੀਰ ਰਾਹੀਂ ਵਿਛੜੇ ਸਾਥੀ ਦੀਆਂ ਪ੍ਰੇਰਨਾਦਾਇਕ ਯਾਦਾਂ ਤੇ ਉਨ੍ਹਾਂ ਵਲੋਂ ਲੋਕ ਹਿਤਾਂ ਦੀ ਰਾਖੀ ਲਈ ਜੂਝਦਿਆਂ ਘਾਲੀਆਂ ਘਾਲਣਾਵਾਂ ਸਾਂਝੀਆਂ ਕੀਤੀਆਂ।ਮੰਚ ਸੰਚਾਲਕ ਦੇ ਫ਼ਰਜ਼ ਵਿੱਛੜੇ ਸਾਥੀ ਦੇ ਗੂੜ੍ਹੇ ਮਿੱਤਰ ਸਾਥੀ ਮੰਦਰ ਜੱਸੀ ਵੱਲੋਂ ਅਦਾ ਕੀਤੇ ਗਏ। ਸ਼ਰਧਾਂਜਲੀ ਸਮਾਗਮ ਦਾ ਆਗਾਜ਼ ਉੱਘੇ ਲੋਕ ਗਾਇਕ ਅਜਮੇਰ ਸਿੰਘ ਅਕਾਲੀਆ ਨੇ ਬਾਬੁਲੰਦ ਆਵਾਜ਼ 'ਚ ਗਾਏ, ਲੋਕ ਹਿਤਾਂ ਲਈ ਜੂਝਦਿਆਂ ਕੁਰਬਾਨ ਹੋਣ ਵਾਲੇ ਸ਼ਹੀਦਾਂ ਤੇ ਸੂਰਮਿਆਂ ਨੂੰ ਸਮਰਪਿਤ ਆਪਣੇ ਬੇਹੱਦ ਭਾਵਪੂਰਤ ਗੀਤ ਰਾਹੀਂ ਕੀਤਾ।ਸਮਾਪਤੀ 'ਤੇ ਸਾਥੀ ਹਰਦੀਪ ਮਹਿਣਾ ਦੇ ਹੋਣਹਾਰ ਸਪੁੱਤਰ ਅਵਤਾਰ ਸਿੰਘ ਜੁਗਨੂੰ ਨੇ ਸਭਨਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਪਿਆਰੇ ਪਿੰਡ ਮਹਿਣਾ ਦੀ ਯਾਦ 'ਚ ਲਿਖੀ ਆਪਣੇ ਮਰਹੂਮ ਪਿਤਾ ਦੀ ਅਤਿਅੰਤ ਜਜ਼ਬਾਤੀ ਕਵਿਤਾ ਵੀ ਪੜ੍ਹ ਕੇ ਸੁਣਾਈ।

## 20 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ : ਅੰਮ੍ਰਿਤਪਾਲ ਸਿੰਘ ਖਾਲਸਾ



**ਬੱਧਨੀ ਕਲਾਂ (ਲਵਲੀ ਕੁਮਾਰ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਹਿਲੀ ਕੈਬਨਿਟ ਮੀਟਿੰਗ ਤੋਂ ਹੀ ਪੰਜਾਬ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ ਸੀ, ਜੋ ਅੱਜ ਵੀ ਜਾਰੀ ਹੈ, ਜਿਸਦੀ ਜਿਉਂਦੀ ਜਾਗਦੀ ਮਿਸਾਲ ਪਿਛਲੇ ਦਿਨੀਂ ਪੰਜਾਬ ਦੇ ਕਿਸਾਨਾਂ ਉੱਤੇ ਆਈ ਕੁਦਰਤੀ ਆਫਤ ਕਾਰਨ ਜੋ ਝੋਨੇ ਦੀ ਫਸਲ ਦਾ ਨੁਕਸਾਨ ਹੋਇਆ ਸੀ, ਉਸਦੀ ਭਰਪਾਈ ਲਈ ਤੇ ਪੰਜਾਬ ਦੇ ਹੜ੍ਹ ਪੀੜਤ ਕਿਸਾਨਾਂ ਨੂੰ ਫੇਰ ਤੋਂ ਆਰਥਿਕ ਪੱਖੋਂ ਖੜੇ ਕਰਨ ਲਈ ਪੰਜਾਬ ਸਰਕਾਰ ਵੱਲੋਂ 20 ਹਜਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇ ਕੇ ਇੱਕ ਇਤਿਹਾਸ ਪੈਦਾ ਕੀਤਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਜ਼ਿਲ੍ਹਾ ਮੋਗਾ ਦੇ ਪ੍ਰੈੱਸ ਸਕੱਤਰ ਅੰਮ੍ਰਿਤਪਾਲ ਸਿੰਘ ਖਾਲਸਾ ਦੀਨਾਸਾਹਿਬ ਨੇ ਕੀਤਾ।ਖਾਲਸਾ ਜੀ ਨੇ ਦੱਸਿਆ ਕਿ ਜਿੱਥੇ ਹੜ੍ਹਾਂ ਦੌਰਾਨ ਸਰਕਾਰ ਦੇ ਮੰਤਰੀ, ਵਿਧਾਇਕ, ਚੇਅਰਮੈਨ ਤੇ ਪਾਰਟੀ ਦੇ ਸਾਰੇ ਅਹੁਦੇਦਾਰਾਂ ਨੇ ਹੜ੍ਹਾਂ ਤੋਂ ਪ੍ਰਭਾਵਤ ਲੋਕਾਂ ਦੀ ਆਪ ਪਾਣੀ ਦੇ ਵਿੱਚ ਜਾ ਕੇ ਸੇਵਾ ਕੀਤੀ, ਉੱਥੇ ਹੀ ਹੁਣ ਪੰਜਾਬ ਸਰਕਾਰ ਹਰ ਪੱਖ ਤੋਂ ਹੜ੍ਹ ਪੀੜਤਾਂ ਦੀ ਬਾਂਹ ਫੜ ਰਹੀ ਹੈ। ਫੇਰ ਭਾਵੇਂ ਉਹ ਫ਼ਸਲਾਂ ਦਾ ਮੁਆਵਜ਼ਾ ਹੋਵੇ ਜਾਂ ਕੱਚੇ-ਪੱਕੇ ਘਰਾਂ ਦੇ ਨੁਕਸਾਨ ਦਾ ਮੁਆਵਜ਼ਾ ਹੋਵੇ ਤੇ ਜਾਂ ਫੇਰ ਕਣਕ ਬੀਜਣ ਲਈ ਕਿਸਾਨ ਭਰਾਵਾਂ ਨੂੰ ਬੀਜ ਦੇਣ ਦੀ ਗੱਲ ਹੋਵੇ।ਦੇਸ ਦੇ ਇਤਿਹਾਸ ਵਿੱਚ ਅੱਜ ਤੱਕ ਕਿਸੇ ਵੀ ਸਰਕਾਰ ਨੇ ਇੱਕ ਏਕੜ ਪ੍ਰਤੀ ਐਨਾ ਮੁਆਵਜ਼ਾ ਨਹੀਂ ਦਿੱਤਾ, ਜੋ ਮਾਨ ਸਰਕਾਰ ਨੇ ਦਿੱਤਾ ਹੈ, ਇਹ ਵੀ ਇੱਕ ਕਿਸਮ ਦਾ ਇਤਿਹਾਸ ਹੀ ਹੈ। ਖਾਲਸਾ ਜੀ ਨੇ ਅੱਗੇ ਦੱਸਿਆ ਕਿ ਜਿਸ ਦਿਨ ਤੋਂ ਭਗਵੰਤ ਮਾਨ ਮੁੱਖ ਮੰਤਰੀ ਬਣੇ ਹਨ, ਉਸ ਦਿਨ ਤੋਂ ਲੈ ਕੇ ਅੱਜ ਤੱਕ ਪੰਜਾਬ ਦੇ ਲੋਕਾਂ ਦੇ ਹਿੱਤ 'ਚ ਐਨੇ ਕੰਮ ਕਰ ਦਿੱਤੇ ਹਨ, ਜਿਨ੍ਹਾਂ ਤੱਕ ਪਹੁੰਚਣਾ ਵਿਰੋਧੀਆਂ ਦੇ ਵੱਸ ਦੀ ਗੱਲ ਨਹੀਂ, ਕਿਉਂਕਿ ਮਾਨ ਸਾਹਿਬ ਨੇ ਸੱਤਾ ਸੰਭਾਲਦਿਆਂ ਹੀ ਹਰ ਘਰ ਨੂੰ 300 ਯੂਨਿਟ ਬਿਜਲੀ ਫ੍ਰੀ ਕੀਤੀ, ਉਸਤੋਂ ਬਾਅਦ ਫ੍ਰੀ ਤੇ ਵਧੀਆ ਇਲਾਜ ਵਾਸਤੇ 850 ਤੋਂ ਉੱਪਰ ਮੁਹੱਲਾ ਕਲੀਨਿਕ ਖੋਲ੍ਹੇ, ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ, ਜੋ ਅੱਜ ਵੀ ਜਾਰੀ ਹੈ।

## ਸਰਕਾਰ ਵੱਲੋਂ ਜਾਇਦਾਦਾਂ ਵੇਚਣ ਦੀ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਵੱਲੋਂ ਸਖ਼ਤ ਨਿਖੇਧੀ

**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਵਿੱਚ ਪਿਛਲੇ ਲਗਭਗ ਪੌਣੇ ਚਾਰ ਸਾਲਾਂ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਹਵਾਈ ਜਹਾਜ਼ਾਂ ਦੇ ਦੌਰਿਆਂ ਵੱਖ-ਵੱਖ ਸ਼ਹਿਰਾਂ ਵਿੱਚ ਹੋਰਡਿੰਗ ਲਾ ਕੇ ਝੂਠਾ ਪ੍ਰਚਾਰ ਕਰਨ ਤੇ ਮੀਡੀਏ ਵਿੱਚ ਫੋਕੀ ਇਸ਼ਤਿਹਾਰਬਾਜ਼ੀ ਨੇ ਪੰਜਾਬ ਦੇ ਸਰਕਾਰੀ ਖਜ਼ਾਨੇ ਦਾ ਦੀਵਾਲਾ ਕੱਢ ਕੇ ਰੱਖ ਦਿੱਤਾ ਹੈ।ਮੁਲਾਜ਼ਮਾਂ ਤੇ ਪੈਨਸਨਰਾਂ ਦੇ ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ ਪੰਜ ਕਿਸ਼ਤਾਂ ਅਨੁਸਾਰ 16 ਫ਼ੀਸਦੀ ਡੀ.ਏ ਦੱਬ ਕੇ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਕੇ ਅਤੇ ਵੱਖ-ਵੱਖ ਵਿਭਾਗਾਂ ਤੇ ਬੋਰਡਾਂ ਵਿੱਚ ਠੇਕੇ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਕੇ ਫਿੱਕੀ ਦੀਵਾਲੀ ਮਨਾਉਣ ਲਈ ਮਜਬੂਰ ਕੀਤਾ ਹੈ।ਹਰ ਰੋਜ਼ ਖਜ਼ਾਨਾ ਭਰਿਆ ਹੋਣ ਦੀਆਂ ਟਾਹਰਾਂ ਮਾਰਨ ਵਾਲੀ ਭਗਵੰਤ ਮਾਨ ਸਰਕਾਰ ਹੁਣ ਲੁਧਿਆਣਾ, ਪਟਿਆਲਾ ਤੇ ਕਈ ਹੋਰ ਸ਼ਹਿਰਾਂ ਵਿੱਚ ਪੰਜਾਬ ਰਾਜ ਬਿਜਲੀ ਬੋਰਡ, ਪਾਵਰ ਕਾਰਪੋਰੇਸ਼ਨ ਤੇ ਕਈ ਹੋਰ ਅਦਾਰਿਆਂ ਦੀ ਬਹੁ ਕੀਮਤੀ ਜਾਇਦਾਦਾਂ ਨੂੰ ਵੇਚਣ ਦੇ ਕੁਰਾਹੇ ਪੈ ਗਈ ਹੈ।ਪੰਜਾਬ ਸਰਕਾਰ ਦੀ ਇਸ ਲੋਕ ਵਿਰੋਧੀ ਕਾਰਵਾਈ ਦੀ ਵੱਖ ਵੱਖ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਪੁਆਰੀ, ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਪੰਜਾਬ ਪੈਨਸ਼ਨਰ ਯੂਨੀਅਨ ਦੇ ਸੂਬਾ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਪ੍ਰੇਮ ਚਾਵਲਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਤੇ ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਅਜੇ ਸਨੋਤਰਾ, ਪਾਵਰਕਾਮ ਤੇ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਦੇ ਆਗੂ ਰਾਧੇ ਸ਼ਾਮ, ਚਮਕੌਰ ਸਿੰਘ ਤੇ ਅਮਰੀਕ ਸਿੰਘ ਮਸੀਤਾਂ ਅਤੇ ਪਾਵਰ ਕਾਮ ਕਾਰਪੋਰੇਸ਼ਨ ਵਿੱਚ ਕੰਮ ਕਰਦੇ ਆਊਟਸੋਰਸ ਮੁਲਾਜ਼ਮਾਂ ਦੇ ਸੂਬਾ ਪ੍ਰਧਾਨ ਹਰਵਿੰਦਰ ਸ਼ਰਮਾ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਹ ਲੋਕ ਵਿਰੋਧੀ ਫੈਸਲਾ ਤੁਰੰਤ ਵਾਪਸ ਲਿਆ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਰਕਾਰੀ ਜਾਇਦਾਦਾਂ ਨੂੰ ਵੇਚਣ ਦਾ ਫੈਸਲਾ ਤੁਰੰਤ ਵਾਪਸ ਨਾ ਲਿਆ ਗਿਆ ਤਾਂ ਜਲਦੀ ਹੀ ਸਮੂਹ ਜਥੇਬੰਦੀਆਂ ਵੱਲੋਂ ਇਹ ਲੋਕ ਵਿਰੋਧੀ ਫੈਸਲਾ ਵਾਪਸ ਕਰਵਾਉਣ ਲਈ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ।

## ਕਿੰਡਰ ਗਾਰਟਨ ਸਕੂਲ ਦੇ ਹਰਕੀਰਤ ਨੇ ਜਿੱਤਿਆ ਗੋਲਡ ਮੈਡਲ



**ਸਮਰਾਲਾ (ਸੁਰਜੀਤ ਸਿੰਘ)**-ਲੁਧਿਆਣਾ ਵਿਖੇ ਸਿੱਖਿਆ ਵਿਭਾਗ ਵੱਲੋਂ ਆਯੋਜਿਤ ਸੂਬਾ ਪੱਧਰੀ ਖੇਡਾਂ ਵਿੱਚ ਸਥਾਨਕ ਕਿੰਡਰ ਗਾਰਟਨ ਸਕੂਲ ਦੇ ਵਿਦਿਆਰਥੀ ਹਰਕੀਰਤ ਸਿੰਘ ਨੇ ਹੈਂਡਬਾਲ ਅੰਡਰ-19 ਸਖ਼ਤ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਉੱਪ-ਚੇਅਰਮੈਨ ਕਮਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਤੇ ਸਮੂਹ ਸਟਾਫ ਨੇ ਹਰਕੀਰਤ ਸਿੰਘ, ਉਸ ਦੇ ਮਾਤਾ-ਪਿਤਾ ਤੇ ਡੀ ਪੀ ਹਰਪ੍ਰੀਤ ਕੌਰ ਨੂੰ ਵਧਾਈ ਦਿੱਤੀ ਅਤੇ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ।

## ਇੱਕ ਹਫ਼ਤੇ 'ਚ 7 ਮੁਕੱਦਮੇ ਦਰਜ ਕਰਕੇ 10 ਮੁਲਜ਼ਮ ਕਾਬੂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਡੀ.ਐਸ.ਪੀ. ਰਣਬੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ੇ ਦਾ ਖਾਤਮਾ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਮੱਗਲਰਾ ਖਿਲਾਫ ਕਾਨੂੰਨੀ ਕਾਰਵਾਈ ਕਰਦੇ ਹੋਏ ਸਬ ਡਵੀਜ਼ਨ ਦੇ ਥਾਣਾ ਸਦਰ ਧੂਰੀ, ਸਿਟੀ ਧੂਰੀ ਤੇ ਥਾਣਾ ਸੇਰਪੁਰ ਦੇ ਏਰੀਆ ਵਿਚ ਸਮੱਗਲਰਾਂ ਵਿਰੁੱਧ ਐਨ.ਡੀ.ਪੀ.ਐਸ ਅਤੇ ਆਬਕਾਰੀ ਐਕਟ ਤਹਿਤ 13 ਤੋਂ 19 ਅਕਤੂਬਰ ਤੱਕ 07 ਮੁਕੱਦਮੇ ਦਰਜ ਕਰਕੇ 10 ਮੁਲਜ਼ਮਾਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 10 ਗ੍ਰਾਮ ਚਿੱਟਾ/ਹੈਰੋਇਨ, 62 ਬੋਤਲਾਂ ਸ਼ਰਾਬ ਠੇਕਾ ਦੇਸੀ ਮਾਰਕਾ ਹਰਿਆਣਾ, 66 ਬੋਤਲਾਂ ਸ਼ਰਾਬ ਠੇਕਾ ਦੇਸੀ, ਜਿਸ ਵਿੱਚ 24 ਬੋਤਲਾਂ ਸ਼ਰਾਬ ਠੇਕਾ ਦੇਸੀ ਨਕਲੀ ਤਿਆਰ ਕੀਤੀ ਹੋਈ ਬਰਾਮਦ ਕਰਾਈ ਗਈ ਹੈ।ਇਸ ਤੋਂ ਇਲਾਵਾ ਚੋਰੀ ਦੀ ਵਾਰਦਾਤ ਟ੍ਰੇਸ ਕਰਕੇ ਦੋਸ਼ੀਆਨ ਨੂੰ ਕਾਬੂ ਕਰਕੇ ਚਾਂਦੀ ਦੀਆਂ ਪੰਜੇਬਾਂ ਬਰਾਮਦ ਕਰਾਈਆਂ ਹਨ।ਉਨ੍ਹਾਂ ਅੱਗੇ ਦੱਸਿਆ ਕਿ ਦੀਵਾਲੀ ਦੇ ਤਿਉਹਾਰ ਨੂੰ ਮੱਦੇਨਜ਼ਰ ਰੱਖਦੇ ਹੋਏ ਹੈਡ ਕੁਆਟਰ ਵੱਲੋ ਵਾਧੂ ਫੋਰਸ ਮੁਹੱਈਆ ਕਰਾਈ ਗਈ ਹੈ।ਸ਼ਹਿਰ ਧੂਰੀ ਤੇ ਸਬ ਡਵੀਜ਼ਨ ਧੂਰੀ ਅੰਦਰ ਲਗਾਤਾਰ ਦਿਨ-ਰਾਤ ਨਾਕਾਬੰਦੀਆਂ ਕੀਤੀਆਂ ਜਾ ਰਹੀਆਂ ਹਨ ਤੇ ਸ਼ਹਿਰ ਧੂਰੀ ਅੰਦਰ ਪੀ.ਸੀ.ਆਰ ਦੀਆਂ ਡਿਊਟੀਆਂ ਵਿੱਚ ਵਾਧਾ ਕੀਤਾ ਗਿਆ ਹੈ।ਇਸ ਹਫਤੇ ਦੌਰਾਨ ਪਬਲਿਕ ਨਾਲ ਤਾਲਮੇਲ ਕਰਕੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚ ਵਿਲੇਜ ਡਿਫੈਂਸ ਕਮੇਟੀ ਤੇ ਸ਼ਹਿਰ ਧੂਰੀ ਵਿੱਚ ਵਾਰਡ ਡਿਫੈਸ ਕਮੇਟੀ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ।ਉਨ੍ਹਾਂ ਅੱਗੇ ਦੱਸਿਆ ਕਿ ਨਸ਼ਾ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਕਰਕੇ ਉਨ੍ਹਾਂ ਦੀ ਸ਼ਨਾਖਤ ਨੂੰ ਗੁਪਤ ਰੱਖਦੇ ਹੋਏ ਉਨ੍ਹਾਂ ਨੂੰ ਨਸ਼ੇ ਦੀ ਦਲਦਲ ਵਿਚੋਂ ਬਾਹਰ ਕੱਢਣ ਲਈ ਇਸ ਹਫਤੇ ਦੌਰਾਨ 10 ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਵਾ ਕੇ ਇਲਾਜ ਕਰਾਇਆ ਗਿਆ ਹੈ।

## ...ਸਫ਼ਾ 1 ਦੇ ਬਾਕੀ

### ਕੋਈ ਵੀ ਤਾਕਤ ਪੰਜਾਬ ਦੀ ...

ਭੇਟ ਕੀਤਾ। ਇਹ ਰਾਸ਼ੀ 'ਮਿਸ਼ਨ ਚੜ੍ਹਦੀ ਕਲਾ' ਅਧੀਨ ਚੱਲ ਰਹੇ ਵਿਕਾਸ ਅਤੇ ਲੋਕ ਭਲਾਈ ਪ੍ਰੋਜੈਕਟਾਂ ਲਈ ਦਿੱਤੀ ਗਈ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ੈਲਰ ਮਾਲਕਾਂ ਅਤੇ ਵਿਧਾਇਕ ਗੋਲਡੀ ਕੰਬੋਜ ਦਾ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਇਹ ਯੋਗਦਾਨ ਸਿਰਫ਼ ਆਰਥਿਕ ਸਹਿਯੋਗ ਨਹੀਂ, ਸਗੋਂ ਪੰਜਾਬ ਦੀ ਤਰੱਕੀ ਪ੍ਰਤੀ ਇੱਕ ਮਜ਼ਬੂਤ ਵਚਨਬੱਧਤਾ ਦਾ ਪ੍ਰਤੀਕ ਹੈ। ਉਨ੍ਹਾ ਕਿਹਾ ਕਿ ਜਦੋਂ ਉਦਯੋਗਪਤੀ ਇਸ ਤਰ੍ਹਾਂ ਦੇ ਲੋਕ ਹਿੱਤਾਂ ਦੇ ਕੰਮਾਂ ਵਿੱਚ ਹਿੱਸਾ ਲੈਂਦੇ ਹਨ, ਤਾਂ ਸਰਕਾਰ ਅਤੇ ਜਨਤਾ ਵਿਚਕਾਰ ਭਰੋਸੇ ਦਾ ਪੁਲ ਹੋਰ ਮਜ਼ਬੂਤ ਹੁੰਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਿਸ਼ਨ ਚੜ੍ਹਦੀ ਕਲਾ' ਦਾ ਉਦੇਸ਼ ਹਰ ਪੰਜਾਬੀ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ। ਭਾਵੇਂ ਉਹ ਸਿਹਤ, ਸਿੱਖਿਆ, ਰੁਜ਼ਗਾਰ ਜਾਂ ਸਫ਼ਾਈ ਦਾ ਖੇਤਰ ਹੋਵੇ। ਇਸ ਮਿਸ਼ਨ ਨੂੰ ਸਫ਼ਲ ਬਣਾਉਣ ਲਈ ਜਲਾਲਾਬਾਦ ਦੇ ਸ਼ੈਲਰ ਮਾਲਕਾਂ ਵੱਲੋਂ ਚੁੱਕਿਆ ਗਿਆ ਕਦਮ ਪੂਰੇ ਰਾਜ ਲਈ ਇੱਕ ਮਿਸਾਲ ਹੈ। ਉਨ੍ਹਾ ਕਿਹਾ ਕਿ ਪੰਜਾਬ ਦੀ ਤਾਕਤ ਇਸ ਦੇ ਕਿਸਾਨਾਂ, ਮਜ਼ਦੂਰਾਂ ਅਤੇ ਉਦਯੋਗਪਤੀਆਂ ਵਿੱਚ ਹੈ। ਜਦੋਂ ਇਹ ਤਿੰਨੋਂ ਵਰਗ ਇਕੱਠੇ ਕੰਮ ਕਰਦੇ ਹਨ, ਤਾਂ ਕੋਈ ਵੀ ਚੁਣੌਤੀ ਪੰਜਾਬ ਦੀ ਤਰੱਕੀ ਨੂੰ ਰੋਕ ਨਹੀਂ ਸਕਦੀ। ਉਨ੍ਹਾ ਕਿਹਾ ਕਿ ਜਲਾਲਾਬਾਦ ਦੇ ਲੋਕਾਂ ਦੀ ਇਹ ਇੱਕਜੁੱਟਤਾ ਦੀ ਭਾਵਨਾ ਹੀ 'ਚੜ੍ਹਦੀ ਕਲਾ' ਦੀ ਸੱਚੀ ਤਸਵੀਰ ਹੈ। ਵਿਧਾਇਕ ਜਗਦੀਪ ਸਿੰਘ ਗੋਲਡੀ ਕੰਬੋਜ ਨੇ ਕਿਹਾ ਕਿ ਜਲਾਲਾਬਾਦ ਹਮੇਸ਼ਾ ਤੋਂ ਸਮਾਜ ਸੇਵਾ ਅਤੇ ਰਾਜਨੀਤਕ ਜ਼ਿੰਮੇਵਾਰੀ ਵਿੱਚ ਮੋਹਰੀ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਡੇ ਉਦਯੋਗਪਤੀ ਨਾ ਸਿਰਫ਼ ਆਪਣੇ ਕਾਰੋਬਾਰ ਵਿੱਚ ਸਫ਼ਲ ਹਨ, ਸਗੋਂ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਗੰਭੀਰਤਾ ਨਾਲ ਨਿਭਾ ਰਹੇ ਹਨ। ਇਹੀ ਭਾਵਨਾ 'ਮਿਸ਼ਨ ਚੜ੍ਹਦੀ ਕਲਾ' ਦੀ ਆਤਮਾ ਹੈ। ਉਦਯੋਗਪਤੀ ਕਪਿਲ ਗੁੰਬਰ, ਜੋ ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਦਯੋਗਾਂ ਲਈ ਬਣਾਈਆਂ ਜਾ ਰਹੀਆਂ ਨਵੀਆਂ ਨੀਤੀਆਂ ਅਤੇ ਸੁਧਾਰਕ ਕਦਮਾਂ ਨਾਲ ਵਪਾਰ ਜਗਤ ਵਿੱਚ ਵਿਸ਼ਵਾਸ ਦਾ ਮਾਹੌਲ ਬਣ ਰਿਹਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਦੀ ਪਾਰਦਰਸ਼ੀ ਨੀਤੀ ਅਤੇ ਖੁੱਲ੍ਹੇ ਸੰਵਾਦ ਨੇ ਸਾਨੂੰ ਪ੍ਰੇਰਿਤ ਕੀਤਾ ਕਿ ਅਸੀਂ ਸਰਕਾਰੀ ਮੁਹਿੰਮਾਂ ਦਾ ਹਿੱਸਾ ਬਣੀਏ ਅਤੇ ਸਮਾਜ ਨੂੰ ਕੁਝ ਵਾਪਸ ਕਰੀਏ। ਰਾਈਸ ਮਿਲਰਜ਼ ਦੀ ਇਸ ਟੀਮ ਵਿੱਚ ਜਲਾਲਾਬਾਦ ਅਤੇ ਆਸ-ਪਾਸ ਦੇ ਕਈ ਪ੍ਰਮੁੱਖ ਮਿੱਲ ਮਾਲਕ ਸ਼ਾਮਲ ਸਨ, ਜਿਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਪੰਜਾਬ ਸਰਕਾਰ ਦੀਆਂ ਜਨਹਿੱਤ ਯੋਜਨਾਵਾਂ ਵਿੱਚ ਪੂਰਾ ਸਹਿਯੋਗ ਦੇਣਗੇ।

### ਡੀ ਆਈ ਜੀ ਭੁੱਲਰ ਮੁਅੱਤਲ...

ਕਾਰਵਾਈਆਂ ਤੋਂ ਸਾਫ਼ ਝਲਕਦਾ ਹੈ। ਉਨ੍ਹਾ ਆਖਿਆ ਕਿ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ੀ ਪਾਏ ਗਏ ਕਿਸੇ ਵੀ ਵਿਅਕਤੀ ਨੂੰ ਨਾ ਬਖਸ਼ ਕੇ ਜ਼ੀਰੋ-ਟਾਲਰੈਂਸ ਪਹੁੰਚ ਨੂੰ ਬਰਕਰਾਰ ਰੱਖਿਆ ਹੈ। ਮਾਨ ਨੇ ਕਿਹਾ ਕਿ ਇਸ ਨੀਤੀ ਤਹਿਤ ਹਾਲ ਹੀ ਵਿੱਚ ਇੱਕ ਕੇਂਦਰੀ ਏਜੰਸੀ ਦੁਆਰਾ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਗਏ ਆਈ ਪੀ ਐੱਸ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਮਾਨ ਨੇ ਐਲਾਨ ਕੀਤਾ ਕਿ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਸ ਨੂੰ 16 ਅਕਤੂਬਰ ਤੋਂ ਮੁਅੱਤਲ ਮੰਨਿਆ ਜਾਵੇਗਾ। ਉਨ੍ਹਾ ਦੁਹਰਾਇਆ ਕਿ ਕੋਈ ਵੀ ਅਧਿਕਾਰੀ ਜਾਂ ਸਿਆਸਤਦਾਨ ਭਾਵੇਂ ਉਸ ਦਾ ਕੋਈ ਵੀ ਅਹੁਦਾ ਜਾਂ ਪ੍ਰਭਾਵ ਹੋਵੇ, ਸਮਾਜ ਵਿਰੁੱਧ ਇਸ ਗੰਭੀਰ ਅਪਰਾਧ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

### ਟਰੈਵਲ ਏਜੰਟ ਦੀ ਠੱਗੀ ...

ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਹਾੜੀ ਇਲਾਕਿਆਂ ਵਿੱਚ ਲੰਬੀ ਦੂਰੀ ਤੱਕ ਕਥਿਤ ਭਾਰੀ ਬੋਝ ਚੁੱਕਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਤੰਗ ਧਾਤ ਵਾਲੇ ਡੱਬਿਆਂ ਵਿੱਚ ਅਕਸਰ ਬਿਨਾਂ ਭੋਜਨ ਜਾਂ ਮੁੱਢਲੀ ਸੁਰੱਖਿਆ ਦੇ ਰਹਿਣ ਲਈ ਮਜਬੂਰ ਕੀਤਾ ਜਾਂਦਾ ਹੈ। ਨੌਜਵਾਨਾਂ ਨੂੰ ਦਰਪੇਸ਼ ਤੰਗੀ ਦਾ ਉਦੋਂ ਪਤਾ ਲੱਗਾ ਜਦੋਂ ਨੰਗਲ ਨਾਲ ਸੰਬੰਧਤ ਪੀੜਤਾਂ ਵਿੱਚੋਂ ਇੱਕ ਹਰਵਿੰਦਰ ਸਿੰਘ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨਾਲ ਫ਼ੋਨ 'ਤੇ ਸੰਪਰਕ ਕਰਨ ਵਿੱਚ ਕਾਮਯਾਬ ਹੋ ਗਿਆ। ਹਰਵਿੰਦਰ ਨੇ ਇੱਕ ਭਾਵੁਕ ਕਾਲ ਵਿੱਚ ਆਪਣੇ ਅਤੇ ਆਪਣੇ ਸਾਥੀਆਂ ਨੂੰ ਦਰਪੇਸ਼ ਗੰਭੀਰ ਮੁਸ਼ਕਲਾਂ ਦਾ ਵਰਣਨ ਕਰਦੇ ਹੋਏ ਮਦਦ ਦੀ ਗੁਹਾਰ ਲਗਾਈ। ਕਜ਼ਾਖਸਤਾਨ ਵਿਚ ਫਸੇ ਪੰਜਾਬੀ ਨੌਜਵਾਨਾਂ ਵਿਚ ਮਨਜੀਤ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ, ਅਵਤਾਰ ਸਿੰਘ ਤੇ ਹਰਵਿੰਦਰ ਸਿੰਘ ਤੇ ਹੋਰ ਸ਼ਾਮਲ ਹਨ। ਲਾਲਪੁਰਾ ਨੇ ਕਿਹਾ ਕਿ ਉਹ ਇਨ੍ਹਾਂ ਨੌਜਵਾਨਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਕੇਂਦਰੀ ਅਧਿਕਾਰੀਆਂ ਕੋਲ ਇਹ ਮੁੱਦਾ ਉਠਾਉਣਗੇ। ਸੂਤਰਾਂ ਨੇ ਦੱਸਿਆ ਕਿ ਫਸੇ ਹੋਏ ਨੌਜਵਾਨਾਂ ਦੇ ਮਾਪਿਆਂ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਵੀ ਮੁਲਾਕਾਤ ਕਰਕੇ ਨੌਜਵਾਨਾਂ ਨੂੰ ਭਾਰਤ ਵਾਪਸ ਲਿਆਉਣ ਵਿੱਚ ਮਦਦ ਦੀ ਮੰਗ ਕੀਤੀ ਹੈ।

### ਮੋਟਰਸਾਈਕਲ ਸਵਾਰ ਝਪਟਮਾਰ ਮੋਬਾਇਲ ਝਪਟ ਕੇ ਫਰਾਰ

**ਧੂਰੀ (ਮਨੋਹਰ ਸਿੰਘ ਸੱਗੂ)**-ਸ਼ਹਿਰ ਅੰਦਰ ਦਿਨ ਦਿਹਾੜੇ ਮੋਟਰਸਾਈਕਲ ਸਵਾਰ ਇੱਕ ਵਿਅਕਤੀ ਤੋਂ ਮੋਬਾਇਲ ਫ਼ੋਨ ਝਪਟ ਕੇ ਫਰਾਰ ਹੋ ਗਏ।ਮੁਹੱਲਾ ਜੰਤਾ ਨਗਰ ਦੇ ਨਿਵਾਸੀ ਰਾਜੀਵ ਕੁਮਾਰ ਨੇ ਦੱਸਿਆ ਕਿ ਉਹ ਬਾਅਦ ਦੁਪਹਿਰ ਕਰੀਬ ਦੋ ਵਜੇ ਸ਼ਹਿਰ ਅੰਦਰ ਕੱਕੜਵਾਲ ਪੁਲ ਨੇੜੇ ਜਾ ਰਿਹਾ ਸੀ ਕਿ ਦੋ ਮੋਟਰਸਾਈਕਲ ਸਵਾਰ ਝਪਟਮਾਰ ਉਸ ਦਾ ਔਪੋ ਕੰਪਨੀ ਦਾ ਮੋਬਾਇਲ ਫ਼ੋਨ ਝਪਟ ਕੇ ਲੈ ਗਏ ਤੇ ਉਸ ਵੱਲੋਂ ਫੋਨ ਝਪਟਣ ਵਾਪਰੀ ਘਟਨਾ ਬਾਰੇ ਪੁਲਸ ਨੂੰ ਸੂਚਿਤ ਕੀਤਾ ਗਿਆ।

### ਪੰਜਾਬ ਸਰਕਾਰ ਹੜ੍ਹ...

ਮਹੀਨਾਵਾਰ ਫੀਸਾਂ ਅਤੇ ਖਾਸ ਕਰਕੇ ਬੋਰਡ ਦਾ ਇਮਤਿਹਾਨ ਦੇਣ ਵਾਲੇ ਬੱਚਿਆਂ ਦੀ ਇਮਤਿਹਾਨ ਫੀਸ ਮਾਫ ਕੀਤੀ ਜਾਵੇ।

ਇਹਨਾਂ ਆਗੂਆਂ ਨੇ ਕਿਹਾ ਕਿ ਅਸੀਂ ਹੜ ਪ੍ਰਭਾਵਤ ਇਲਾਕਿਆਂ ਵਿੱਚ ਜਾ ਕੇ ਮਦਦ ਕਰਨ ਦੀ ਸੰਭਵ ਕੋਸ਼ਿਸ਼ ਕੀਤੀ ਅਤੇ ਉਥੋਂ ਹੀ ਸਾਨੂੰ ਇਹ ਪਤਾ ਲੱਗਿਆ ਕਿ ਲੋਕਾਂ ਕੋਲ ਰੁਜ਼ਗਾਰ ਨਹੀਂ, ਜਿਸ ਕਰਕੇ ਪੈਸਾ ਆਉਣ ਦੀ ਕੋਈ ਉਮੀਦ ਨਹੀਂ।ਰਾਸ਼ਨ ਸਮਾਜ ਸੇਵੀ ਜਥੇਬੰਦੀਆਂ ਨੇ ਦਿੱਤਾ ਹੈ, ਜਿਸ ਨਾਲ ਦੋ ਤਿੰਨ ਮਹੀਨੇ ਨਿਕਲ ਜਾਣਗੇ, ਪਰੰਤੂ ਬੱਚਿਆਂ ਦੀਆਂ ਫੀਸਾਂ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਇਸ ਵਾਸਤੇ ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਸ ਮੁਸ਼ਕਲ ਦੀ ਘੜੀ ਆਪਣੇ ਨਾਗਰਿਕਾਂ ਦੀ ਬਾਂਹ ਫੜੇ, ਨਾਲ ਹੀ ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਬੋਰਡ ਦੀ ਫੀਸ ਜਮ੍ਹਾਂ ਕਰਾਉਣ ਵਿੱਚ ਕੁਝ ਦਿਨ ਦਾ ਵਾਧਾ ਕੀਤਾ ਜਾਵੇ, ਤਾਂ ਕਿ ਉਹ ਬੱਚੇ ਜਿਹੜੇ ਕਿਸੇ ਤਰ੍ਹਾਂ ਫੀਸ ਦਾ ਪ੍ਰਬੰਧ ਕਰ ਸਕਦੇ ਹਨ, ਕਰ ਲੈਣ ਅਤੇ ਜਿਹੜੇ ਨਹੀਂ ਕਰ ਸਕਦੇ, ਉਹਨਾਂ ਦੀ ਫੀਸ ਜ਼ਰੂਰ ਮੁਆਫ ਕੀਤੀ ਜਾਵੇ।

## ਅੱਜ-ਨਾਮਾ

ਚਰਚਿਆਂ ਵਿੱਚ ਬਿਹਾਰ ਦੀ ਚੋਣ ਆਈ,
ਬਣ ਕੇ ਗੱਠਜੋੜ ਰਹੇ ਨੇ ਤਿੜਕ ਮੀਆਂ।
ਛੋਟੀ-ਮੋਟੀ ਜਿਹੀ ਗੱਲ ਦੀ ਪਕੜ ਕੰਨੀ,
ਕੱਚੀ ਲੱਸੀ ਦੇ ਵਾਂਗ ਰਹੇ ਫਿੜਕ ਮੀਆਂ।
ਆਪਣੇ ਪਾਸੇ ਦੀ ਚਿੰਤਾ ਹੈ ਘੱਟ ਲੱਗਦੀ,
ਦੂਸਰੇ ਪਾਸੇ ਦੀ ਰੱਖਣਗੇ ਝਿੜਕ ਮੀਆਂ।
ਦੂਸਰੀ ਧਿਰ ਖਿਲਾਫ ਖੁਦ ਖਬਰ ਭੇਜਣ,
ਆਪਣੀ ਪੁੱਛੀ ਤਾਂ ਦੇਣਗੇ ਝਿੜਕ ਮੀਆਂ।
ਮੰਨਦਾ ਮੂਹੋਂ ਜਾਂ ਭਾਵੇਂ ਕੋਈ ਮੰਨਦਾ ਨਾ,
ਅੰਦਰੋਂ ਸਾਰਿਆਂ ਦੇ ਸੁੱਕਦੇ ਸਾਹ ਮੀਆਂ।
ਆਖਰੀ ਵੇਲੇ ਹੈ ਜਾਵਣਾ ਤਰਫ ਕਿਹੜੀ,
ਦਿੰਦਾ ਵੋਟਰ ਨਹੀਂ ਕਦੀ ਹੈ ਥਾਹ ਮੀਆਂ।

-ਤੀਸ ਮਾਰ ਖਾਂ

## ਵਿਧਾਇਕ ਪੰਡੋਰੀ ਨੇ 27 ਹੜ੍ਹ ਪੀੜਤਾਂ ਨੂੰ ਮੁਆਵਜ਼ੇ ਵਜੋਂ 5.49 ਲੱਖ ਤਕਸੀਮ ਕੀਤੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਹੜ੍ਹ ਪੀੜਤਾਂ ਨੂੰ ਸਮੇਂ ਸਿਰ ਰਾਹਤ ਪ੍ਰਦਾਨ ਕਰਨ ਦੇ ਉਪਰਾਲਿਆਂ ਤਹਿਤ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਕੁਲਵੰਤ ਸਿੰਘ ਪੰਡੋਰੀ ਤੇ ਉਪ ਮੰਡਲ ਮੈਜਿਸਟ੍ਰੇਟ ਮੈਡਮ ਸੋਨਮ ਨੇ ਹਲਕੇ ਦੇ 27 ਹੜ੍ਹ ਪੀੜਤਾਂ ਨੂੰ 5.49 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ।ਵਿਧਾਇਕ ਪੰਡੋਰੀ ਨੇ ਦੱਸਿਆ ਕਿ ਭਾਰੀ ਬਰਸਾਤ ਜਾਂ ਹੜ੍ਹ ਵਰਗੇ ਹਾਲਾਤ ਨਾਲ ਜਿਹੜੇ ਲੋਕਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਦੀ ਮਦਦ ਲਈ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਪਾਰਦਰਸ਼ੀ ਤਰੀਕੇ ਨਾਲ ਮੁਆਵਜ਼ਾ ਰਾਸ਼ੀ ਜਾਰੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ, ਤਾਂ ਜੁ ਕੋਈ ਵੀ ਪੀੜਤ ਪਰਵਾਰ ਦੀ ਕੋਈ ਲੋੜ ਨਾ ਰਹਿ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਯਕੀਨੀ ਬਣਾਈ ਜਾ ਰਹੀ ਹੈ ਅਤੇ ਜਿੱਥੇ ਵੀ ਜਿਸ ਵੀ ਕਿਸਮ ਦੀ ਲੋੜ ਹੈ, ਉਹ ਸਰਕਾਰ ਵੱਲੋਂ ਪੂਰੀ ਕੀਤੀ ਜਾ ਰਹੀ ਹੈ।ਐਸ ਡੀ ਐਮ ਮੈਡਮ ਸੋਨਮ ਨੇ ਦੱਸਿਆ ਕਿ ਹਲਕੇ ਦੇ ਕੁੱਲ 41 ਹੜ੍ਹ ਪੀੜਤ ਪਰਵਾਰਾਂ ਨੂੰ 9.82 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡੀ ਜਾ ਰਹੀ ਹੈ।

## ਰਾਣਾ ਹਸਪਤਾਲ ਨੇ ਦੀਵਾਲੀ ਮਨਾਈ




**ਸਰਹੰਦ ਮੰਡੀ (ਪ੍ਰਮੋਦ ਭਾਰਦਵਾਜ)**-ਦੀਵਾਲੀ ਮੌਕੇ ਰਾਣਾ ਹਸਪਤਾਲ ਵਿੱਚ ਇੱਕ ਸੁੰਦਰ ਧੀ ਦਾ ਜਨਮ ਹੋਇਆ। ਹਰਪ੍ਰੀਤ ਸਿੰਘ ਘੁਮਣ ਅਤੇ ਅਮਨਦੀਪ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਘਰ ਵਿੱਚ ਮਾਨੋ ਮਾਂ ਲਕਸ਼ਮੀ ਖੁਦ ਪ੍ਰਗਟ ਹੋਈ ਹੈ, ਜੋ ਆਪਣੇ ਨਾਲ ਧਨ, ਸਮ੍ਰਿੱਧੀ ਅਤੇ ਖੁਸ਼ਹਾਲੀ ਦੀਆਂ ਵਰਖਾ ਲੈ ਕੇ ਆਈ ਹੈ।ਡਾ. ਦੀਪਿਕਾ ਸੂਰੀ ਨੇ ਨਵਜੰਮੇ ਬੱਚੇ ਦੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ। ਇਸ ਸ਼ੁਭ ਖ਼ਬਰ ਤੋਂ ਬਾਅਦ ਰਾਣਾ ਹਸਪਤਾਲ ਦਾ ਸਾਰਾ ਸਟਾਫ਼ ਖੁਸ਼ੀ ਤੇ ਉਤਸ਼ਾਹ ਨਾਲ ਦੀਵਾਲੀ ਮਨਾਉਣ ਵਿੱਚ ਜੁਟ ਗਿਆ।

## ਡਰਾਈਕਲੀਨ ਦੀ ਦੁਕਾਨ ਨੂੰ ਅੱਗ ਲੱਗਣ ਨਾਲ ਨੁਕਸਾਨ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ, ਬਿੰਨੀ ਗਰਗ)**-ਮੁਹੱਲਾ ਸ਼ਿਵਪੁਰੀ 'ਚ ਸਥਿਤ ਡਰਾਈਕਲੀਨ ਦੀ ਦੁਕਾਨ 'ਚ ਅਚਾਨਕ ਅੱਗ ਲੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਜਾਣ ਦੀ ਖ਼ਬਰ ਹੈ।ਪੀੜਤ ਸੰਜੇ ਡਰਾਈਕਲੀਨ ਦੇ ਮਾਲਕ ਰਾਜੇਸ਼ ਕੁਮਾਰ ਨੇ ਦੁਕਾਨ 'ਚ ਬਿਜਲੀ ਦੇ ਸ਼ਾਟ ਸਰਕਟ ਕਾਰਨ ਅੱਗ ਲੱਗਣ ਦਾ ਖਦਸ਼ਾ ਜ਼ਾਹਰ ਕਰਦਿਆਂ ਦੱਸਿਆ ਕਿ ਲੰਘੀ ਰਾਤ ਕਰੀਬ ਦਸ ਪੌਣੇ ਦਸ ਵਜੇ ਦੁਕਾਨ 'ਚ ਲੱਗੀ ਅੱਗ ਕਾਰਨ ਜਿੱਥੇ ਲੋਕਾਂ ਦੇ ਡਰਾਈਕਲੀਨ ਤੇ ਪ੍ਰੈਸ ਕਰਨ ਲਈ ਆਏ ਕੱਪੜੇ ਸੜ ਕੇ ਸੁਆਹ ਹੋ ਗਏ, ਉਥੇ ਦੁਕਾਨ ਦਾ ਕਾਊਂਟਰ ਤੇ ਸ਼ੋਅ ਕੇਸ ਸਮੇਤ ਹੋਰ ਸਾਮਾਨ ਸੜ ਜਾਣ ਕਾਰਨ ਕਰੀਬ 2 ਲੱਖ 50 ਰੁਪਏ ਦਾ ਨੁਕਸਾਨ ਹੋ ਗਿਆ।

## ਬ੍ਰਹਮ ਕੁਮਾਰੀ ਆਸ਼ਰਮ 'ਚ ਦੀਵਾਲੀ ਮਨਾਈ



**ਬਠਿੰਡਾ (ਰਾਜੀਵ ਗੋਇਲ)**-ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਵਿਖੇ ਪੁਰੀ ਰੈਸਟੋਰੈਂਟ ਵਿਖੇ ਬ੍ਰਹਮਾ ਕੁਮਾਰੀਜ ਵੱਲੋਂ ਸੰਗੀਤਾ ਦੀਦੀ ਦੀ ਅਗਵਾਈ ਹੇਠ ਦਿਵਾਲੀ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਭਾਜਪਾ ਦੇ ਨਵ-ਨਿਯੁਕਤ ਮੰਡਲ ਪ੍ਰਧਾਨ ਬਬਲੇਸ਼ ਕੁਮਾਰ ਬੌਬੀ ਸਿੰਗਲਾ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਬ੍ਰਹਮਾ ਕੁਮਾਰੀਜ ਵੱਲੋਂ ਮੁੱਖ ਮਹਿਮਾਨ ਨੂੰ ਗੁਲਦਸਤਾ ਭੇਟ ਕਰਦੇ ਹੋਏ ਜੀ ਆਇਆਂ ਕਿਹਾ ਗਿਆ। ਉਧਰ ਦੂਜੇ ਪਾਸੇ ਸਿੰਗਲਾ ਵੱਲੋ ਇਕੱਤਰ ਹੋਏ ਲੋਕਾਂ ਨੂੰ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਦਾ ਸੱਦਾ ਦਿੱਤਾ ਗਿਆ ਤੇ ਨਾਲ ਹੀ ਸਭਨਾਂ ਨੂੰ ਦਿਵਾਲੀ ਦੇ ਤਿਉਹਾਰ ਦੀ ਵਧਾਈ ਦਿੱਤੀ ਗਈ। ਸੰਗੀਤਾ ਦੀਦੀ ਵੱਲੋਂ ਵੀ ਇਕੱਤਰ ਹੋਏ ਸ਼ਰਧਾਲੂਆਂ ਨੂੰ ਗਰੀਨ ਦੀਵਾਲੀ ਮਨਾਉਣ ਦਾ ਸੱਦਾ ਦਿੰਦੇ ਹੋਏ ਵਧਾਈਆਂ ਦਿੱਤੀਆਂ ਗਈਆਂ ਤੇ ਨਾਲ ਹੀ ਸਿੰਗਲਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨਰਿੰਦਰਪਾਲ ਗਰਗ ਸਮੇਤ ਹੋਰ ਵੀ ਲੋਕ ਹਾਜ਼ਰ ਸਨ।

## ਐਜੂਬੀਕਨਜ਼ ਗਲੋਬਲ ਸਕੂਲ ਨੇ ਖੇਡਾਂ 'ਚ 115 ਤਮਗੇ ਜਿੱਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨਜ਼ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਨੇ ਕੇਂਦਰੀ ਵਿਦਿਆਲਿਆ ਖੇਡ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕੁੱਲ 115 ਤਮਗੇ ਜਿੱਤੇ, ਜਿਨ੍ਹਾਂ ਵਿੱਚ 27 ਸੋਨੇ, 76 ਚਾਂਦੀ ਤੇ 12 ਕਾਂਸੀ ਦੇ ਤਮਗੇ ਸ਼ਾਮਲ ਹਨ। ਮੁੱਖ ਜੇਤੂਆਂ ਵਿੱਚ ਗੁਰਸ਼ਾਨ ਕੌਰ (ਸ਼ਾਟਪੁੱਟ-ਸੋਨਾ), ਜਪਜੀਤ ਕੌਰ (ਲੰਬੀ ਛਾਲ-ਸੋਨਾ ਤੇ ਚਾਂਦੀ), ਕਬੱਡੀ ਲੜਕੇ (ਸੋਨਾ), ਹੈਂਡਬਾਲ ਕੁੜੀਆਂ (ਸੋਨਾ), ਕਬੱਡੀ ਸਰਕਲ (ਕਾਂਸੀ), ਇਨ੍ਹਾਂ ਵਿੱਚ ਹੈਂਡਬਾਲ ਲੜਕੇ (ਚਾਂਦੀ), ਫੁੱਟਬਾਲ ਲੜਕੀਆਂ (ਚਾਂਦੀ), ਟਗ ਆਫ਼ ਵਾਰ (ਚਾਂਦੀ), ਖੋ-ਖੋ ਲੜਕੇ (ਚਾਂਦੀ), ਖੋ-ਖੋ ਲੜਕੀਆਂ (ਚਾਂਦੀ), ਕਰਾਟੇ ਲੜਕੇ (ਸੋਨਾ, ਚਾਂਦੀ), ਕਰਾਟੇ ਲੜਕੀਆਂ (ਚਾਂਦੀ) ਤੇ ਬੈਡਮਿੰਟਨ ਲੜਕੀਆਂ (ਚਾਂਦੀ) ਸ਼ਾਮਲ ਹਨ। ?ਵਿਦਿਆਰਥੀਆਂ, ਟ੍ਰੇਨਰਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ, ਸਕੂਲ ਦੇ ਉਪ ਪ੍ਰਧਾਨ, ਸ੍ਰੀ ਅਮਿਤ ਸਰਾਫ ਨੇ ਕਿਹਾ ਕਿ ਸਾਡਾ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮਰਪਤ ਹੈ। ਇਹ ਸਫਲਤਾ ਸਖ਼ਤ ਮਿਹਨਤ, ਲਗਨ ਤੇ ਸਹੀ ਮਾਰਗ ਦਰਸ਼ਨ ਦਾ ਨਤੀਜਾ ਹੈ। ਸਾਡੇ ਵਿਦਿਆਰਥੀ ਨਾ ਸਿਰਫ਼ ਅਕਾਦਮਿਕ ਖੇਤਰ ਵਿੱਚ ਸਗੋਂ ਖੇਡਾਂ ਤੇ ਹੋਰ ਪਾਠਕ੍ਰਮ ਤੋਂ ਬਾਹਰਲੀਆਂ ਗਤੀਵਿਧੀਆਂ ਵਿੱਚ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੇ ਹਨ। ਇਹ ਪ੍ਰਾਪਤੀਆਂ ਸਾਬਤ ਕਰਦੀਆਂ ਹਨ ਕਿ ਸਹੀ ਮਾਰਗ ਦਰਸ਼ਨ ਤੇ ਸਮਰਪਣ ਨਾਲ, ਹਰ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦੀਵਾਲੀ, ਬੰਦੀਛੋੜ, ਗੁਰਪੁਰਬ ਅਤੇ ਵਿਸ਼ਵਕਰਮਾ ਦਿਵਸ ਨੂੰ ਸਮਰਪਿਤ ਪੱਤਰਕਾਰ ਸੁਰਜੀਤ ਸਿੰਘ ਢੇਰ ਵੱਲੋਂ ਨੰਗਲ ਵਿਸ਼ੇਸ਼ ਸਪਲੀਮੈਂਟ

**ਸੰਦੇਸ਼**

ਦੀਵਾਲੀ, ਬੰਦੀਛੋੜ, ਗੁਰਪੁਰਬ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਗੁਲਨੀਤ ਸਿੰਘ ਖੁਰਾਣਾ, ਐਸ ਐਸ ਪੀ ਰੂਪਨਗਰ | ਹਰਕੀਰਤ ਸਿੰਘ, ਡੀ ਐਸ ਪੀ ਨੰਗਲ | ਜਸ਼ਨਦੀਪ ਸਿੰਘ ਮਾਨ, ਡੀ ਐਸ ਪੀ ਸ੍ਰੀ ਆਨੰਦਪੁਰ ਸਾਹਿਬ | ਸਚਿਨ ਪਾਠਕ, ਐਸ ਡੀ ਐਮ ਨੰਗਲ | ਜਸਪ੍ਰੀਤ ਸਿੰਘ, ਐਸ ਡੀ ਐਮ ਸ੍ਰੀ ਆਨੰਦਪੁਰ ਸਾਹਿਬ | ਵਿਸ਼ਾਂਤ ਚੌਧਰੀ, ਬੀ ਡੀ ਪੀ ਓ ਸ੍ਰੀ ਆਨੰਦਪੁਰ ਸਾਹਿਬ | ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ, ਪੰਜਾਬ | ਰਾਣਾ ਕੰਵਰਪਾਲ ਸਿੰਘ, ਸਾਬਕਾ ਸਪੀਕਰ ਵਿਧਾਨ ਸਭਾ, ਪੰਜਾਬ



ਸਿਮਰਨਜੀਤ ਸਿੰਘ, ਐੱਸ ਐੱਚ ਓ, ਨੰਗਲ | ਸਰਤਾਜ ਸਿੰਘ, ਐਸ ਆਈ, ਨਯਾ ਨੰਗਲ | ਦਾਨਿਸ਼ਵੀਰ ਸਿੰਘ, ਐਸ ਐਚ ਓ ਸ੍ਰੀ ਆਨੰਦਪੁਰ ਸਾਹਿਬ | ਪਵਨ ਕੁਮਾਰ ਚੌਧਰੀ, ਐੱਸ ਐੱਚ ਓ, ਸਿਟੀ ਰੂਪਨਗਰ | ਜਥੇ. ਮੋਹਨ ਸਿੰਘ ਢਾਹੇ, ਸੀਨੀ. ਅਕਾਲੀ ਆਗੂ | ਕਾਮਰੇਡ ਬਜਿੰਦਰ ਪੰਡਤ, ਸਕੱਤਰ ਸੀ ਪੀ ਆਈ ਐਮ, ਰੂਪਨਗਰ | ਜਸਵਿੰਦਰ ਸਿੰਘ ਭੰਗਲ | ਸੈਕਟਰੀ ਸਤਨਾਮ ਸਿੰਘ | ਮਾਸਟਰ ਸੁੱਚਾ ਸਿੰਘ ਖੱਟੜਾ, ਸਾਬਕਾ ਸਕੱਤਰ ਜੀ ਟੀ ਯੂ ਪੰਜਾਬ | ਅਸ਼ੋਕ ਚੋਪੜਾ, ਮੈਨੇਜਿੰਗ ਡਾਇਰੈਕਟਰ, ਪਦਮਿਨੀ ਕੈਮੀਕਲ ਲਿਮ.


ਸੁਰਜੀਤ ਸਿੰਘ ਢੇਰ, ਪੱਤਰਕਾਰ ਨੰਗਲ, ਮੋਬਾ 94788-13425 | ਬਰਜਿੰਦਰ ਸਿੰਘ ਡਡ | ਨੀਰਜ ਅਰੋੜਾ, ਨਿਊਜ਼ ਏਜੰਸੀ ਢੇਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਜੈਲਦਾਰ ਸੰਜੀਵਨ ਰਾਣਾ
ਜੈ ਲਕਸ਼ਮੀ ਬਰਿਕਸ ਆਰੰਭਪੁਰ
ਮੋਬਾ. 94170-64560

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ, ਪੰਜਾਬ
ਸਰਪੰਚ ਜਸਪਾਲ ਸਿੰਘ ਢਾਹੇ, ਗ੍ਰਾਮ ਪੰਚਾਇਤ ਢਾਹੇ

ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਠੇਕੇਦਾਰ ਬਲਜਿੰਦਰ ਸਿੰਘ
ਇੱਥੇ ਨਵੇਂ-ਨਵੇਂ ਡਿਜ਼ਾਇਨਾਂ ਰਾਹੀਂ ਕੋਠੀਆਂ ਬਣਾਉਣ ਲਈ ਮਿਲੋ
ਪਿੰਡ ਢਾਹੇ
ਮੋਬਾ. 98551-80768

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਗੁਰਮੀਤ ਸਿੰਘ ਡਡ, ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਨੈਨਾ ਹਸਪਤਾਲ ਗੰਭੀਰਪੁਰ
ਡਾ. ਅੰਛਰ ਸ਼ਰਮਾ
ਯੂਥ ਕਾਂਗਰਸੀ ਆਗੂ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਮਾਸਟਰ ਗੁਰਦੇਵ ਸਿੰਘ ਡੱਬਰੀ
ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਲਬੀਰ ਧਰਮਾਣੀ
ਨੰਬਰਦਾਰ, ਪਿੰਡ ਢੇਡੇਸਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ, ਪੰਜਾਬ
ਭਗਵੰਤ ਸਿੰਘ ਅਟਵਾਲ ਸਰਪੰਚ

ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਦੀ ਢਾਹੇ ਦੁੱਧ ਉਤਪਾਦਕ ਸਹਿਕਾਰੀ ਸਭਾ ਢਾਹੇ
ਮੀਤ ਪ੍ਰਧਾਨ ਪ੍ਰੇਮ ਸਿੰਘ, ਮਨਜੀਤ ਕੌਰ, ਗੁਰਦੀਪ ਸਿੰਘ, ਜਗੀਰ ਕੌਰ
ਪ੍ਰਧਾਨ ਹਰਜਿੰਦਰ ਕੌਰ | ਸੈਕਟਰੀ ਮੁਖਤਿਆਰ ਸਿੰਘ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਫਰੀਦਾ ਬੇਗਮ | ਰਾਣਾ ਕੰਵਰਪਾਲ ਸਿੰਘ, ਸਾਬਕਾ ਮੰਤਰੀ ਸਕੱਤਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਨਰਿੰਦਰ ਰਾਣਾ
ਟਰਾਂਸਪੋਰਟਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਗੁਰਦਿਆਲ ਸਿੰਘ
ਸ੍ਰੀ ਆਨੰਦਪੁਰ ਸਾਹਿਬ, ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਰਜੋਤ ਸਿੰਘ ਬੈਂਸ, ਕੈਬਨਿਟ ਮੰਤਰੀ, ਪੰਜਾਬ
ਜਗਮੀਤ ਸਿੰਘ ਬਹਿਲੂ, 'ਆਪ' ਆਗੂ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਨੰਬਰਦਾਰ ਗੁਰਜਿੰਦਰ ਸਿੰਘ
ਸਾਬਕਾ ਸਰਪੰਚ, ਦਸਗਰਾਈਂ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
M/S SHIVALIK CONSTRUCTION COMPANY
(M) 98154-82414, 92163-01324
ਅਰੁਣ ਸੈਣੀ | ਸਿਮਰਦਿੰਦਰ ਸਿੰਘ, ਠੇਕੇਦਾਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਇੰਦਰਜੀਤ ਸਿੰਘ ਫੌਜੀ
ਪ੍ਰਧਾਨ ਦਿ ਖੇਤੀਬਾੜੀ ਸਹਿਕਾਰੀ ਸਭਾ ਢੇਰ
ਸਕੱਤਰ, ਰਾਜਬੀਰ ਕੌਰ ਖੱਟੜਾ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਮਮਤਾ ਦੇਵੀ
ਸਰਪੰਚ ਗ੍ਰਾਮ ਪੰਚਾਇਤ ਮਹੈਣ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਰਮਿੰਦਰਪਾਲ ਸਿੰਘ
ਸਾਬਕਾ ਸਰਪੰਚ ਢਾਹੇ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸੁਰਜੀਤ ਸਿੰਘ ਬਿਰਲ
ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸੁਰਿੰਦਰ ਸ਼ਾਹ
ਟਰਾਂਸਪੋਰਟਰ, ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਮੋਹਿਤ ਸ਼ਰਮਾ | ਸੁਖਵਿੰਦਰ ਸਿੰਘ, ਜੇ ਈ ਜਲ ਡਵੀਜ਼ਨ ਨੰਗਲ | ਚਮਨ ਲਾਲ
ਬਲਵੰਤ ਸਿੰਘ ਭੱਜ | ਸ਼ਿਵ ਕੁਮਾਰ | ਬਹਾਦਰ ਸਿੰਘ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਰਣਬਹਾਦਰ ਸਿੰਘ ਰਾਣਾ
ਸਮਾਜ ਸੇਵੀ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਨਿੱਕਾ ਸਿੰਘ ਮੱਟੂ ਪ੍ਰਧਾਨ
ਉਘੇ ਟਰਾਂਸਪੋਰਟਰ

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Atwal Trading Company
Aurtorised Dealer of Ambuja Cement Limited
Nangal Road, Dher, Rupnagar, Dher
98551-03900

PRIMO CHEMICALS LTD.
(Formerly Known as Punjab Alkalies & Chemicals Ltd.)
NAYA NANGAL DISTT. ROPAR (PB)
"Market leadership and growth through higher customer satisfaction for enhanced profitability using eco-friendly, cost effective technology and safest practices."
Our products: Caustic soda lye, Caustic soda Flakes, Hydrochloric acid, Liquid chlorine, Sodium hypochlorite, Hydrogen gas, Aluminium chloride, Stable Bleaching Powder

ਦੀਵਾਲੀ, ਬੰਦੀਛੋੜ, ਗੁਰਪੁਰਬ ਅਤੇ ਬਾਬਾ ਵਿਸ਼ਵਕਰਮਾ ਦਿਵਸ ਦੀਆਂ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ. ਹਰਜੋਤ ਸਿੰਘ ਬੈਂਸ, ਸਿੱਖਿਆ ਮੰਤਰੀ, ਪੰਜਾਬ | ਬਲਵੀਰ ਸਿੰਘ | ਪੰਡਿਤ ਰੋਹਿਤ ਕਾਲੀਆ, ਪ੍ਰਧਾਨ, ਟਰੱਕ ਯੂਨੀਅਨ, ਨੰਗਲ
ਜਾਰੀ ਕਰਤਾ: ਟਰੱਕ ਯੂਨੀਅਨ, ਨੰਗਲ

ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
The Beet Area Truck Operators Union
VPO THALIWAL, DISTT. UNA (H.P.)
ਪ੍ਰਧਾਨ ਸਤੀਸ਼ ਕੁਮਾਰ, 98162-32334
ਉਪ ਪ੍ਰਧਾਨ ਮਨੋਹਰ ਲਾਲ, 98168-21736
ਸੈਕਟਰੀ ਅਸ਼ੋਕ ਕੁਮਾਰ, 98163-20644
Phone : 01975-257517, Mob. 98161-97217, Email : societythaliwal66@gmail.com

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
Sukhman Jewellers
Deals in : All Kinds Gold & silver Ornaments 100% 23c K.D.M. Jewellery etc.
Specialist in : Lucky Stone
Kulvinder Singh
94172-38593
Bus Stand, Dher, Distt, Ropar

ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸਾਬਕਾ ਸਰਪੰਚ ਜਗਰੂਪ ਸਿੰਘ
ਪਿੰਡ ਢੇਡੇਸਰ
ਪੰਜਾਬ ਕਾਂਗਰਸ ਐੱਸ ਸੀ ਵਿੰਗ ਬਲਾਕ ਪ੍ਰਧਾਨ

ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਸ਼ਿਵਾਲਿਕ ਪੈਲੇਸ ਜਿੰਦਬੜੀ
ਇੱਥੇ ਵਿਆਹ-ਸ਼ਾਦੀਆਂ ਤੇ ਹਰ ਪ੍ਰਕਾਰ ਦੇ ਪ੍ਰੋਗਰਾਮ ਕੀਤੇ ਜਾਂਦੇ ਹਨ। ਸੇਵਾ ਦਾ ਮੌਕਾ ਦਿਓ
ਜਥੇਦਾਰ ਮੋਹਨ ਸਿੰਘ ਢਾਹੇ | ਮੋਬਾ. 94174-66000 | ਰਣਬੀਰ ਸਿੰਘ ਢਾਹੇ

ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ :
ਗਰਾਮ ਪੰਚਾਇਤ ਦਬਖੇੜਾ ਉਪਰਲਾ
ਸਰਪੰਚ ਵਿਨੋਦ ਕੁਮਾਰ ਸ਼ਰਮਾ | ਰਾਣਾ ਕੰਵਰਪਾਲ ਸਿੰਘ, ਸਾਬਕਾ ਸਪੀਕਰ ਵਿਧਾਨ ਸਭਾ, ਪੰਜਾਬ

22-Oct-PAGE-4.qxd 10/21/2025 10:39 PM Page 1

ਨਵਾਂ ਜ਼ਮਾਨਾ
ਬੁੱਧਵਾਰ, 22 ਅਕਤੂਬਰ 2025

# ਸੰਘ ਦੀ ਸਿੱਖਿਆ ਪ੍ਰਣਾਲੀ

*ਕੀ ਭਾਰਤੀਆਂ ਦਾ ਦਿਮਾਗ ਤੇ ਬੁੱਧੀ ਵਿਦੇਸ਼ੀ ਪ੍ਰਭਾਵ ਹੇਠ ਹਨ? ਕੀ ਪੂਰੀ ਭਾਰਤੀ ਸਿੱਖਿਆ ਪ੍ਰਣਾਲੀ 'ਤੇ ਵਿਦੇਸ਼ੀ ਪ੍ਰਭਾਵ ਹੈ? ਘੱਟੋ-ਘੱਟ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਮੁਖੀ ਮੋਹਨ ਭਾਗਵਤ ਦਾ ਤਰਕ ਤਾਂ ਇਹੀ ਲਗਦਾ ਹੈ। ਉਨ੍ਹਾ ਐਤਵਾਰ ਕਿਹਾ ਕਿ ਭਾਰਤੀਆਂ ਨੂੰ ਆਪਣੀ ਗਿਆਨ ਪਰੰਪਰਾ ਨੂੰ ਸਮਝਣ ਤੇ ਉਸ ਦਾ ਮਹੱਤਵ ਜਾਣਨ ਲਈ ਮੈਕਾਲੇ ਸਿੱਖਿਆ ਪ੍ਰਣਾਲੀ ਦੇ ਵਿਦੇਸ਼ੀ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਹੋਵੇਗਾ। ਸਾਰੇ ਭਾਰਤੀਆਂ ਨੇ ਮੈਕਾਲੇ ਸਿੱਖਿਆ ਪ੍ਰਣਾਲੀ ਤਹਿਤ ਸਿੱਖਿਆ ਪ੍ਰਾਪਤ ਕੀਤੀ ਹੈ, ਜਿਸ ਕਾਰਨ ਸਾਡੇ ਦਿਮਾਗ ਤੇ ਬੁੱਧੀ ਵਿਦੇਸ਼ੀ ਹੋ ਗਏ ਹਨ।*

*ਮੈਕਾਲੇ ਸਿੱਖਿਆ ਪ੍ਰਣਾਲੀ 1835 ਵਿੱਚ ਲਾਰਡ ਥਾਮਸ ਬਬਿੰਗਟਨ ਮੈਕਾਲੇ ਨੇ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੌਰਾਨ ਲਿਆਉਣ ਦੀ ਪੈਰਵੀ ਕੀਤੀ ਸੀ। ਇਸ ਦਾ ਮਕਸਦ ਅੰਗਰੇਜ਼ੀ ਭਾਸ਼ਾ ਤੇ ਪੱਛਮੀ ਗਿਆਨ ਨੂੰ ਬੜ੍ਹਾਵਾ ਦੇ ਕੇ ਅਜਿਹਾ ਵਰਗ ਤਿਆਰ ਕਰਨ ਦਾ ਸੀ, ਜਿਹੜਾ ਭਾਰਤੀ ਸੰਸਕ੍ਰਿਤੀ ਤੇ ਬ੍ਰਿਟਿਸ਼ ਪ੍ਰਸ਼ਾਸਨ ਵਿਚਾਲੇ ਵਿਚੋਲੇ ਦੀ ਭੂਮਿਕਾ ਨਿਭਾ ਸਕੇ, ਪਰ ਇਸ ਨਾਲ ਭਾਰਤੀਆਂ ਨੂੰ ਕਾਫੀ ਫਾਇਦਾ ਵੀ ਹੋਇਆ। ਮੈਕਾਲੇ ਦੀ ਨੀਤੀ ਨੇ ਅੰਗਰੇਜ਼ੀ ਭਾਸ਼ਾ ਅਤੇ ਪੱਛਮੀ ਗਿਆਨ, ਸਾਹਿਤ ਤੇ ਦਰਸ਼ਨ ਨੂੰ ਭਾਰਤ ਵਿੱਚ ਲਿਆਉਣ 'ਚ ਮਦਦ ਕੀਤੀ। ਇਸ ਨਾਲ ਭਾਰਤੀ ਸਮਾਜ ਵਿੱਚ ਆਧੁਨਿਕ ਵਿਚਾਰ ਤੇ ਵਿਗਿਆਨਕ ਸੋਚ ਦਾ ਦਾਇਰਾ ਵਧਿਆ। ਪੱਛਮੀ ਸਿੱਖਿਆ ਨੇ ਬਰਾਬਰੀ, ਤਰਕ ਤੇ ਮਨੁੱਖੀ ਅਧਿਕਾਰ ਵਰਗੇ ਵਿਚਾਰਾਂ ਨੂੰ ਪ੍ਰੋਤਸਾਹਤ ਕੀਤਾ। ਇਸ ਨੇ ਸਮਾਜੀ ਸੁਧਾਰ ਅੰਦੋਲਨਾਂ ਨੂੰ ਤੇਜ਼ ਕੀਤਾ। ਰਾਜਾ ਰਾਮ ਮੋਹਨ ਰਾਏ ਤੇ ਈਸ਼ਵਰ ਚੰਦਰ ਵਿਦਿਆਸਾਗਰ ਵਰਗੇ ਸੁਧਾਰਕਾਂ ਨੇ ਸਤੀ ਪ੍ਰਥਾ ਤੇ ਬਾਲ ਵਿਆਹ ਵਰਗੀਆਂ ਕੁਰੀਤੀਆਂ ਖਿਲਾਫ ਆਵਾਜ਼ ਉਠਾਈ। ਮਹਿਲਾਵਾਂ ਦੀ ਸਿੱਖਿਆ ਨੂੰ ਵੀ ਕੁਝ ਹੱਦ ਤੱਕ ਬੜ੍ਹਾਵਾ ਦਿੱਤਾ।*

*ਫਿਰ ਵੀ ਆਜ਼ਾਦੀ ਦੇ ਤੁਰੰਤ ਬਾਅਦ ਤੋਂ ਹੀ ਮੈਕਾਲੇ ਪ੍ਰਣਾਲੀ ਦੀ ਆਲੋਚਨਾ ਕੀਤੀ ਗਈ ਅਤੇ ਇਸ ਵਿੱਚ ਭਾਰਤ ਦੇ ਅਨੁਕੂਲ ਵੱਡੇ ਪੈਮਾਨੇ 'ਤੇ ਬਦਲਾਅ ਕੀਤਾ ਗਿਆ। 1948-49 ਵਿੱਚ ਯੂਨੀਵਰਸਿਟੀ ਸਿੱਖਿਆ ਕਮਿਸ਼ਨ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੀ ਚੇਅਰਮੈਨੀ ਹੇਠ ਬਣਾਇਆ ਗਿਆ। ਉਸ ਨੇ ਮੈਕਾਲੇ ਪ੍ਰਣਾਲੀ 'ਤੇ ਸਵਾਲ ਉਠਾਏ ਅਤੇ ਭਾਰਤੀ ਭਾਸ਼ਾਵਾਂ, ਸੰਸਕ੍ਰਿਤੀ ਤੇ ਕਦਰਾਂ-ਕੀਮਤਾਂ ਨੂੰ ਸਿੱਖਿਆ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ। ਕਾਫੀ ਬਦਲਾਅ ਹੋਏ। 1964-66 ਵਿੱਚ ਕੋਠਾਰੀ ਕਮਿਸ਼ਨ ਬਣਨ ਦੇ ਬਾਅਦ ਮੈਕਾਲੇ ਪ੍ਰਣਾਲੀ ਨੂੰ ਹੋਰ ਸੋਧ ਕੇ ਤ੍ਰੈ-ਭਾਸ਼ੀ ਸੂਤਰ (ਹਿੰਦੀ, ਅੰਗਰੇਜ਼ੀ ਤੇ ਖੇਤਰੀ ਭਾਸ਼ਾ) ਲਾਗੂ ਕਰਨ ਦੀ ਸਿਫਾਰਸ਼ ਕੀਤੀ ਗਈ, ਤਾਂ ਜੋ ਭਾਰਤੀ ਭਾਸ਼ਾਵਾਂ ਨੂੰ ਬੜ੍ਹਾਵਾ ਮਿਲੇ। 1986 ਦੀ ਕੌਮੀ ਸਿੱਖਿਆ ਨੀਤੀ, ਜਿਹੜੀ 1992 ਵਿੱਚ ਸੋਧੀ ਗਈ ਅਤੇ 2020 ਦੀ ਸਿੱਖਿਆ ਨੀਤੀ ਨੇ ਮੈਕਾਲੇ ਪ੍ਰਣਾਲੀ ਦੇ ਪ੍ਰਭਾਵ ਨੂੰ ਹੋਰ ਘੱਟ ਕਰਨ ਦੀ ਕੋਸ਼ਿਸ਼ ਕੀਤੀ।*

*ਕੁਝ ਹੱਦ ਤੱਕ ਇਹ ਸੱਚ ਹੈ ਕਿ ਮੈਕਾਲੇ ਦੀ ਨੀਤੀ ਨੇ ਸੰਸਕ੍ਰਿਤ, ਆਯੁਰਵੇਦ ਤੇ ਵੇਦ ਵਰਗੀਆਂ ਭਾਰਤੀ ਗਿਆਨ ਪਰੰਪਰਾਵਾਂ ਦੀ ਕਦਰ ਘਟਾਈ, ਪਰ ਇਹ ਵੀ ਓਨਾ ਹੀ ਸੱਚ ਹੈ ਕਿ ਆਜ਼ਾਦੀ ਦੇ ਬਾਅਦ ਭਾਰਤੀ ਸੰਸਕ੍ਰਿਤੀ, ਇਤਿਹਾਸ ਤੇ ਦਰਸ਼ਨ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ। 1948 ਦੇ ਰਾਧਾਕ੍ਰਿਸ਼ਨਨ ਕਮਿਸ਼ਨ, 1964 ਦੇ ਕੋਠਾਰੀ ਕਮਿਸ਼ਨ ਤੇ 1986 ਦੀਆਂ ਕੌਮੀ ਸਿੱਖਿਆ ਨੀਤੀਆਂ ਨੇ ਸਿਲੇਬਸਾਂ ਵਿੱਚ ਵੱਡੇ ਬਦਲਾਅ ਕੀਤੇ। ਖੁਦ ਮੋਦੀ ਸਰਕਾਰ ਨੇ 2020 ਵਿੱਚ ਯੋਗ, ਆਯੁਰਵੇਦ ਤੇ ਭਾਰਤੀ ਦਰਸ਼ਨ 'ਤੇ ਜ਼ੋਰ ਦਿੱਤਾ। ਯਾਨੀ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਸਮੇਂ ਦੇ ਨਾਲ ਲਗਾਤਾਰ ਬਦਲਾਅ ਆ ਰਹੇ ਹਨ। ਅਜਿਹੇ ਵਿੱਚ ਭਾਗਵਤ ਨੂੰ ਕੀ ਇਤਰਾਜ਼ ਹੈ? ਕੀ ਉਹ ਇਸ ਵਿੱਚ ਮੁੱਢੋਂ-ਸੁੱਢੋਂ ਪਰਿਵਰਤਨ ਲਿਆਉਣਾ ਚਾਹੁੰਦੇ ਹਨ ਅਤੇ ਸੰਸਕ੍ਰਿਤ, ਆਯੁਰਵੇਦ ਤੇ ਵੇਦ ਜਿਹੀਆਂ ਪਰੰਪਰਾਵਾਂ ਨੂੰ ਵਧੇਰੇ ਤਵੱਜੋ ਦੇਣਾ ਚਾਹੁੰਦੇ ਹਨ। ਜੇ ਅਜਿਹਾ ਹੋਇਆ ਤਾਂ ਕੀ ਆਰਟੀਫਿਸ਼ੀਅਲ ਇੰਟੈਲੀਜੈਂਸ (ਏ ਆਈ) ਦੇ ਜ਼ਮਾਨੇ ਵਿੱਚ ਭਾਰਤੀ ਸਿੱਖਿਆ ਪ੍ਰਣਾਲੀ ਵਿਸ਼ਵ ਪੱਧਰ 'ਤੇ ਮੁਕਾਬਲਾ ਕਰ ਸਕੇਗੀ?*

## ਅਖਾਣ ਪੱਥਰ 'ਤੇ ਲੀਕ !

*'ਸੌ ਦਿਨ' ਚੋਰ ਦੇ ਹੁੰਦੇ ਨੇ ਬਹੁਤ ਭਾਵੇਂ,*
*ਦਿਨ ਸਾਧ ਦਾ ਹੁੰਦਾ ਨਜ਼ਦੀਕ ਯਾਰੋ।*
*ਮਾਤਾ ਚੋਰੀ ਦੀ 'ਕੋਠੀ 'ਚ ਮੂੰਹ' ਰੱਖੇ,*
*ਹੱਸੇ ਦੁਨੀਆ ਤੇ ਨਾਲ ਸ਼ਰੀਕ ਯਾਰੋ।*
*ਖਾਂਦੇ ਚੋਰਾਂ ਨੂੰ ਹੁਬ-ਹੁਬ ਕੇ ਦੇਖੀਏ ਨਾ,*
*ਪੈ ਰਹੀ ਕੁੱਟ ਹੀ ਦੇਖਣੀ ਠੀਕ ਯਾਰੋ।*
*ਮਿਣਦੇ 'ਕੱਪੜੇ ਚੋਰੀ' ਦੇ ਨਾਲ ਡਾਂਗਾਂ,*
*ਆਵੇ ਯਾਦ ਜਦ ਨਿਕਲੇ ਚੀਕ ਯਾਰੋ।*
*ਇਹ 'ਅਖਾਣ' ਜੋ ਬੈਂਤ ਦੇ ਵਿੱਚ ਵਰਤੇ,*
*ਝੂਠੇ ਨਹੀਂ ਇਹ ਪੱਥਰ 'ਤੇ ਲੀਕ ਯਾਰੋ।*
*ਚਲਦੀ 'ਬਾਬੇ ਦੀ ਚੱਕੀ' ਬੇਸ਼ੱਕ ਹੌਲੀ,*
*ਪੀਂਹਦੀ ਹੁੰਦੀ ਐ ਬਹੁਤ ਬਰੀਕ ਯਾਰੋ।*

*-ਤਰਲੋਚਨ ਸਿੰਘ ਦੁਪਾਲਪੁਰ, 78146-92724*

# ਕਤਲੇਆਮ ਤੋਂ ਬਾਅਦ ਜੰਗਬੰਦੀ ?



ਗੁਰਪ੍ਰੀਤ

ਗਾਜ਼ਾ ਵਿੱਚ ਸ਼ਾਂਤੀ ਲਿਆਉਣ ਦੀ ਗੱਲ ਹੋ ਰਹੀ ਹੈ ਅਤੇ ਇਸ ਦਾ ਕਰੈਡਿਟ ਇਸ ਵਾਰ ਵੀ ਅਮਰੀਕੀ ਰਾਸ਼ਟਰਪਤੀ ਟਰੰਪ ਲੈਣ ਦੀ ਕੋਸ਼ਿਸ਼ ਕਰ ਰਹੇ ਨੇ। ਅਮਰੀਕੀ ਰਾਸ਼ਟਰਪਤੀ, ਜਿਹੜਾ ਕਿ ਹਮੇਸ਼ਾ ਹੀ ਵੱਖੋ-ਵੱਖਰੇ ਸਮਿਆਂ 'ਤੇ ਵਿਵਾਦਾਂ ਦੇ ਵਿੱਚ ਰਹਿੰਦਾ ਹੀ ਹੈ, ਨਾਲ ਹੀ ਉਹ ਆਪਣੀਆਂ ਹਾਸੋਹੀਣੀਆਂ ਗੱਲਾਂ ਦੇ ਕਾਰਨ ਵੀ ਮਜ਼ਾਕ ਦਾ ਪਾਤਰ ਬਣਦਾ। ਜਦੋਂ ਭਾਰਤ ਪਾਕਿਸਤਾਨ ਵਿਚਾਲੇ ਸੀਜ਼ਫਾਇਰ ਹੋਇਆ ਸੀ ਤਾਂ, ਉਸ ਵੇਲੇ ਟਰੰਪ ਨੇ ਸਭ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਪੋਸਟ ਸ਼ੇਅਰ ਕਰਕੇ ਜਾਣਕਾਰੀ ਦਿੱਤੀ ਸੀ ਕਿ ਮੈਂ ਸੀਜ਼ਫਾਇਰ ਕਰਾਇਆ, ਜਿਸ ਦਿਨ ਸੀਜ਼ਫਾਇਰ ਹੋਇਆ, ਉਸ ਤੋਂ ਕੁਝ ਘੰਟੇ ਪਹਿਲਾਂ ਕਿਸੇ ਨੂੰ ਇਹ ਥਹੁ-ਪਤਾ ਵੀ ਨਹੀਂ ਸੀ ਕਿ ਭਾਰਤ-ਪਾਕਿਸਤਾਨ ਵਿਚਾਲੇ ਸੀਜਫਾਇਰ ਹੋਣ ਵਾਲਾ ਹੈ। ਪਰ ਗਾਜ਼ਾ 'ਤੇ ਇਜ਼ਰਾਇਲ ਵੱਲੋਂ ਜੋ ਅਟੈਕ ਕੀਤੇ ਜਾ ਰਹੇ ਸੀ, ਉਸ ਨੂੰ ਲੈ ਕੇ ਟਰੰਪ ਕਈ ਵਾਰ ਧਮਕੀਆਂ ਵੀ ਦੇ ਚੁੱਕਾ ਸੀ। ਟਰੰਪ ਨੇ ਹਮਾਸ ਨੂੰ ਧਮਕੀਆਂ ਦਿੱਤੀਆਂ ਕਿ ਅਸੀਂ ਖ਼ਤਮ ਕਰ ਦਿਆਂਗੇ ਗਾਜ਼ਾ ਨੂੰ, ਫ਼ਲਸਤੀਨੀਆਂ ਨੂੰ ਵੀ ਵੱਖੋ-ਵੱਖਰੇ ਤਰੀਕਿਆਂ ਦੇ ਨਾਲ ਟਾਰਗੇਟ ਕੀਤਾ ਗਿਆ। ਦੁਨੀਆ ਦੀ ਅਮਨ ਸ਼ਾਂਤੀ ਪਸੰਦ ਲੋਕਾਂ ਨੇ ਫ਼ਲਸਤੀਨ ਅਤੇ ਗਾਜਾ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ, ਉਨ੍ਹਾਂ ਨੇ ਵੱਡੀਆਂ ਤਾਕਤਾਂ ਇਜ਼ਰਾਇਲ ਅਤੇ ਅਮਰੀਕਾ ਨੂੰ ਜਿੱਥੇ ਲਾਹਨਤ ਪਾਈ, ਉੱਥੇ ਹੀ ਇਹਨਾਂ ਨੂੰ ਕਿਹਾ ਕਿ ਇਹ ਤਾਨਾਸ਼ਾਹੀ ਤਾਕਤਾਂ ਗਾਜ਼ਾ ਦੇ ਲੋਕਾਂ ਨੂੰ ਲਤਾੜ ਰਹੀਆਂ ਨੇ।

ਦਰਅਸਲ, ਪਿਛਲੇ ਕਰੀਬ ਦੋ-ਢਾਈ ਸਾਲਾਂ ਤੋਂ ਗਾਜ਼ਾ ਉੱਪਰ ਜਿਹੜੇ ਅਟੈਕ ਇਜ਼ਰਾਇਲ ਦੇ ਵੱਲੋਂ ਕੀਤੇ ਜਾ ਰਹੇ ਹਨ, ਉਸ ਦੇ ਨਾਲ ਹੁਣ ਤੱਕ ਹਜ਼ਾਰਾਂ ਜਾਨਾਂ ਜਾ ਚੁੱਕੀਆਂ ਨੇ। ਬੱਚਿਆਂ ਦੀਆਂ ਸਭ ਤੋਂ ਵੱਧ ਮੌਤਾਂ ਹੈ, ਪਰ ਟਰੰਪ ਸਾਹਿਬ ਕਿੱਥੇ ਮੰਨਦੇ ਨੇ। ਟਰੰਪ ਨੇ ਕੁਝ ਦਿਨ ਪਹਿਲਾਂ ਤਾਂ ਗਾਜਾ ਨੂੰ ਧਮਕੀ ਦੇ ਮਾਰੀ ਕਿ ਅਸੀਂ ਤਾਂ ਭਾਈ ਤੁਹਾਨੂੰ ਇੱਥੋਂ ਖ਼ਤਮ ਕਰਦਾਂਗੇ, ਤੁਸੀਂ ਸੀਜ਼ਫਾਇਰ ਕਰੋ। ਪਹਿਲਾਂ ਹਮਾਸ ਉੱਤੇ ਦਬਾਅ ਪਾਇਆ, ਫਿਰ ਉਸ ਤੋਂ ਬਾਅਦ ਗਾਜ਼ਾ ਦੇ ਲੋਕਾਂ ਨੂੰ ਸ਼ਾਂਤੀ ਲਈ ਅਪੀਲ ਕੀਤੀ, ਲੇਕਿਨ ਸਵਾਲ ਇਹ ਸੀ ਕਿ ਜਿਹੜਾ ਬੰਦਾ ਹਮਲਾ ਕਰ ਰਿਹਾ ਜਾਂ ਜਿਹੜੀ ਤਾਕਤ ਗਾਜ਼ਾ 'ਤੇ ਅਟੈਕ ਕਰ ਰਹੀ ਹੈ, ਉਨ੍ਹਾਂ 'ਤੇ ਟਰੰਪ ਕਿਉਂ ਮਿਹਰਬਾਨ ਹੋਏ? ਟਰੰਪ ਵੱਲੋਂ ਉਨ੍ਹਾਂ ਨੂੰ ਕਿਉਂ ਨਹੀਂ ਕੁਝ ਕਿਹਾ ਗਿਆ? ਕਈ ਤਾਂ ਜੀਓ ਪਾਲਿਟਿਕਸ ਨੂੰ ਨੇੜਿਉਂ ਵੇਖਣ ਵਾਲੇ ਲੋਕ ਇਹ ਕਹਿੰਦੇ ਨੇ ਕਿ ਇਜ਼ਰਾਇਲ ਅਤੇ ਟਰੰਪ ਇੱਕੋ ਹੀ ਨੇ! ਇਜ਼ਰਾਇਲ ਵਾਲੇ ਪ੍ਰਧਾਨ ਮੰਤਰੀ ਦੀ ਅਮਰੀਕਾ ਵਾਲੇ ਨਾਲ ਚੰਗੀ ਬਣਦੀ ਹੈ, ਇਸੇ ਕਰਕੇ ਉਨ੍ਹਾਂ ਵੱਲੋਂ ਜੰਗ-ਬੰਦੀ ਨਹੀਂ ਕੀਤੀ ਜਾ ਰਹੀ।

'ਅਮਨ-ਸ਼ਾਂਤੀ' ਦੀ ਗੱਲ ਕਰਨ ਵਾਲੇ ਦੇਸ਼ਾਂ ਵੱਲੋਂ ਲਗਾਤਾਰ ਗਾਜ਼ਾ ਦੇ ਹੱਕ ਵਿੱਚ ਜਿੱਥੇ ਭੁਗਤਿਆ ਜਾ ਰਿਹਾ, ਉੱਥੇ ਹੀ ਟਰੰਪ ਸਰਕਾਰ ਇਜ਼ਰਾਈਲੀ ਹਕੂਮਤ ਅਤੇ ਹੋਰਨਾਂ ਦੇਸ਼ਾਂ ਦੀਆਂ ਤਾਕਤਾਂ, ਜਿਨ੍ਹਾਂ ਵੱਲੋਂ ਇਸ ਜੰਗਬੰਦੀ ਦਾ ਵਿਰੋਧ ਨਹੀਂ, ਬਲਕਿ ਇਸ ਦੇ ਖ਼ਿਲਾਫ਼ ਇੱਕ ਮੋਰਚਾ ਖੋਲ੍ਹਿਆ ਹੋਇਆ ਸੀ, ਉਨ੍ਹਾਂ ਨੂੰ ਵੀ ਝਾੜ-ਝੰਬ ਪੈ ਗਈ।

ਦਰਅਸਲ ਗਾਜ਼ਾ ਵਿੱਚ ਹੁਣ ਤੱਕ ਭੁੱਖਮਰੀ ਦੇ ਨਾਲ ਸੈਂਕੜੇ ਹੀ ਬੱਚੇ, ਮਾਵਾਂ ਅਤੇ ਹੋਰ ਬੰਦੇ ਜਾਨਾਂ ਗਵਾ ਚੁੱਕੇ ਨੇ, ਪਰ ਇਹ ਗੱਲਾਂ ਉਨ੍ਹਾਂ ਲੋਕਾਂ ਨੂੰ ਸਮਝ ਨਹੀਂ ਆਉਂਦੀਆਂ, ਜਿਨ੍ਹਾਂ ਦੇ ਦਿਲ ਪੱਥਰ ਨੇ, ਜਿਨ੍ਹਾਂ ਦਾ ਖ਼ੂਨ ਪਾਣੀ ਹੋ ਚੁੱਕਿਆ, ਜਦੋਂ ਤੱਕ ਇਨਸਾਨਾਂ ਦੇ ਵਿੱਚ ਇਨਸਾਨੀਅਤ ਜ਼ਿੰਦਾ ਨਹੀਂ ਰਹੇਗੀ ਤਾਂ ਕਿਵੇਂ ਮੰਨ ਲਿਆ ਜਾਵੇਗਾ ਕਿ ਇਹ ਲੋਕ ਗਾਜ਼ਾ ਦੇ ਉਨ੍ਹਾਂ ਮਜ਼ਲੂਮਾਂ ਦੇ ਹੱਕ ਵਿੱਚ ਨੇ, ਜਿਹੜੇ ਲੋਕ ਕਿਸੇ ਸਮੇਂ 'ਤੇ ਆਪਣੇ ਹੱਕਾਂ ਲਈ ਲੜਦੇ ਸੀ।

ਪਰ ਪਿਛਲੇ ਕੁੱਝ ਸਮੇਂ ਤੋਂ ਜਿਹੜੀਆਂ ਚਰਚਾਵਾਂ ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੀਆਂ ਸੀ, ਦੁਨੀਆ ਦੇ ਵੱਡੇ ਦੇਸ਼ਾਂ ਵਿੱਚ ਜੰਗਾਂ ਲੱਗੀਆਂ ਹੋਈਆਂ ਸੀ, ਯੂਕਰੇਨ ਅਤੇ ਰੂਸ ਦੀ ਜੰਗ ਜਿਹੜੀ ਲਗਾਤਾਰ ਜਾਰੀ ਹੈ, ਉੱਥੇ ਹੀ ਦੂਜੇ ਪਾਸੇ ਇਜ਼ਰਾਇਲ ਅਤੇ ਫ਼ਲਸਤੀਨ ਦੇ ਵਿਚਾਲੇ ਜਿਹੜੀ ਜੰਗ ਲੱਗੀ ਹੋਈ ਸੀ, ਉਸ ਦੇ ਕਾਰਨ ਸਭ ਤੋਂ ਵੱਡਾ ਨੁਕਸਾਨ ਆਮ ਤਬਕੇ ਦਾ ਹੋ ਰਿਹਾ, ਕਿਉਂਕਿ ਯੂਕਰੇਨ ਦੇ ਵਿੱਚ ਜਿੰਨਾ ਰੂਸ ਵੱਲੋਂ ਅਟੈਕ ਕੀਤਾ ਜਾ ਰਿਹਾ ਸੀ ਜਾਂ ਜਿਨ੍ਹਾਂ ਲੋਕਾਂ ਉੱਪਰ ਅਟੈਕ ਹੋਇਆ ਸੀ, ਆਮ ਬੰਦੇ ਤਾਂ ਇਸ ਜੰਗ ਦੇ ਵਿਚਾਲੇ ਮਰ ਰਹੇ ਸਨ, ਪਰ ਵੱਡੇ ਤੇ ਅਮੀਰ ਘਰਾਣੇ ਇੱਥੋਂ ਚੱਲ ਵਸੇ ਸੀ, ਉਹ ਯਾਨੀ ਕਿ ਦੇਸ਼ ਪ੍ਰਵਾਸ ਕਰ ਚੁੱਕੇ ਸਨ, ਉਹ ਇੱਥੋਂ ਜਾ ਚੁੱਕੇ ਸਨ।

ਰੂਸ ਦੇ ਵਿੱਚ ਜਿਹੜੇ ਲੋਕਾਂ ਦੇ ਘਰ ਢਹਿ ਗਏ, ਉਹ ਵੀ ਉੱਥੋਂ ਨਿਕਲ ਗਏ। ਯੂਕਰੇਨ ਦੇ ਵਿੱਚ ਜਿਨ੍ਹਾਂ ਨਾਲ ਅੱਜ ਅਜਿਹਾ ਭਾਣਾ ਵਾਪਰਿਆ, ਉਹ ਵੀ ਉੱਥੋਂ ਚੱਲ ਵਸੇ। ਇਸੇ ਤਰਾਂ ਹੀ ਗਾਜ਼ਾ ਅੰਦਰ ਤਾਂ ਅਸੀਂ ਸਾਰੇ ਜਾਣਦੇ ਹਾਂ, ਕਿਸੇ ਨੂੰ ਨਿਕਲਣ ਦਾ ਮੌਕਾ ਨਹੀਂ ਦਿੱਤਾ ਗਿਆ। ਇਜ਼ਰਾਇਲ ਵੱਲੋਂ ਲਗਾਤਾਰ ਕੀਤੇ ਜਾ ਰਹੇ ਅਟੈਕ ਦੇ ਕਾਰਨ ਗਾਜ਼ਾ ਵਿੱਚ ਵੱਡੇ ਪੱਧਰ 'ਤੇ ਤਬਾਹੀ ਮਚੀ, ਵੱਡੇ ਪੱਧਰ 'ਤੇ ਬੱਚਿਆਂ ਦਾ ਕਤਲੇਆਮ ਕੀਤਾ ਗਿਆ। ਭੋਰਾ ਜ਼ਮੀਨ ਦੀ ਖ਼ਾਤਰ ਇਜ਼ਰਾਇਲ ਨੇ ਏਨੀ ਤਬਾਹੀ ਮਚਾਈ, ਏਨੀ ਗੁੰਡਾਗਰਦੀ ਵਿਖਾਈ ਕਿ ਕੋਈ ਆਖਣ ਦੀ ਗੱਲ ਨਹੀਂ।

ਇਸ ਵੇਲੇ ਦੁਨੀਆ ਭਰ ਦੇ ਵੱਡੇ ਮੁਲਕ ਜਿਹੜੇ ਨੇ, ਉਹ ਗਾਜ਼ਾ ਦੇ ਹੱਕ ਵਿੱਚ ਖੜੇ ਨੇ, ਗਾਜ਼ਾ ਦੇ ਹੱਕ ਵਿੱਚ ਖੜਨ ਦਾ ਸਭ ਤੋਂ ਵੱਡਾ ਕਾਰਨ ਇਹ ਵੀ ਹੈ ਕਿ ਉੱਥੋਂ ਦੀ ਜਿਹੜੀ ਅਵਾਮ ਹੈ, ਉਹ ਸ਼ਾਂਤੀ ਚਾਹੁੰਦੀ ਹੈ, ਪਰ ਫ਼ਲਸਤੀਨ ਦੇ ਕੁਝ ਕੁ ਲੋਕ ਜਾਂ ਕੁਝ ਕੁ ਗਰੁੱਪ ਜਿਹੜੇ ਨੇ, ਆਪਣੇ ਹੱਕਾਂ ਦੇ ਲਈ ਪ੍ਰੋਟੈਸਟ ਕਰਦੇ ਨੇ, ਉਹਨੂੰ ਵੱਖਵਾਦੀ ਤਾਕਤਾਂ ਨਾਲ ਜੋੜਿਆ ਜਾ ਰਿਹਾ ਜਾਂ ਫਿਰ ਇਹ ਕਹਿ ਲਓ ਕਿ ਫ਼ਲਸਤੀਨ ਦੇ ਵਿੱਚ ਬੈਠੀਆਂ ਕੁੱਝ ਤਾਕਤਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਕੁਝ ਸਰਕਾਰਾਂ ਵੱਲੋਂ ਏਨਾ ਬਦਨਾਮ ਕਰ ਦਿੱਤਾ ਗਿਆ ਹੈ ਕਿ ਉਹ ਆਪਣੇ ਹੱਕ ਵੀ ਮੰਗਦੇ ਨੇ ਤਾਂ, ਵਿਰੋਧੀਆਂ ਨੂੰ ਇੰਜ ਲੱਗਦਾ ਕਿ ਉਹ ਕੋਈ ਵੱਡਾ ਅਟੈਕ ਕਰਨ ਵਾਲੇ ਨੇ।

ਫ਼ਲਸਤੀਨ ਅਤੇ ਇਜ਼ਰਾਇਲ ਵਿਚਾਲੇ ਪਿਛਲੇ ਕਰੀਬ ਦੋ-ਢਾਈ ਸਾਲਾਂ ਤੋਂ ਜਿਹੜੀ ਜੰਗ ਚੱਲ ਰਹੀ ਸੀ, ਉਹਨੂੰ ਆਖ਼ਿਰਕਾਰ ਵਿਰਾਮ ਲੱਗਣ ਦੀਆਂ ਗੱਲਾਂ ਹੋ ਰਹੀਆਂ ਨੇ। ਟਰੰਪ ਸਾਹਿਬ ਵਿਚੋਲੇ ਬਣੇ ਨੇ, ਟਰੰਪ ਦੀ ਵਿਚੋਲਗੀ ਨੇ ਦੋਵਾਂ ਦੇਸ਼ਾਂ ਵਿਚਾਲੇ ਸ਼ਾਂਤੀ ਦੀ ਗੱਲ ਕਹਿ ਮਾਰੀ ਹੈ। ਵੈਸੇ, ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਕਹਿੰਦੀਆਂ ਹਨ ਕਿ ਗਾਜ਼ਾ ਸ਼ਾਂਤ ਹੈ, ਪਰ ਅਸਲ ਦੇ ਵਿੱਚ ਗਾਜ਼ਾ ਸ਼ਾਂਤ ਨਹੀਂ, ਕਿਉਂਕਿ ਗਾਜ਼ਾ ਦੇ ਅੰਦਰੋਂ ਜਿਨ੍ਹਾਂ ਜ਼ਿੰਦਗੀਆਂ ਦਾ ਪ੍ਰਵਾਸ ਹੋ ਚੁੱਕਿਆ ਜਾਂ ਫਿਰ ਉਹ ਚਲੀਆਂ ਗਈਆਂ ਨੇ ਜਾਂ ਫਿਰ ਇਹ ਕਹਿ ਲਓ ਕਿ ਗਾਜ਼ਾ ਵਿੱਚ ਜਿਨ੍ਹਾਂ ਲੋਕਾਂ ਦਾ ਰੈਣ-ਬਸੇਰਾ ਸੀ, ਉਹ ਬਿਲਕੁਲ ਤਬਾਹ ਹੋ ਚੁੱਕਿਆ, ਉਨ੍ਹਾਂ ਲੋਕਾਂ ਲਈ ਇਹ ਸਮਾਂ ਸਭ ਤੋਂ ਖ਼ਤਰਨਾਕ ਤੇ ਭਿਆਨਕ ਤੇ ਮਰਨ ਵਾਲਾ ਹੈ, ਕਿਉਂਕਿ ਉਨ੍ਹਾਂ ਦੇ ਕੋਲ ਨਾ ਤਾਂ ਰਹਿਣ ਲਈ ਜਗ੍ਹਾ, ਨਾ ਖਾਣ ਨੂੰ ਰੋਟੀ ਤੇ ਨਾ ਹੀ ਹੋਰ ਕੁਝ ਉਹ ਕਰਨ ਤਾਂ ਕਰਨਗੇ ਕੀ?

ਜੇਕਰ ਫ਼ਲਸਤੀਨ ਅਤੇ ਗਾਜ਼ਾ ਦੇ ਲੋਕਾਂ ਦੀ ਭਲਾਈ ਵਾਸਤੇ ਟਰੰਪ ਨੇ ਕੋਈ ਚੰਗਾ ਕੰਮ ਕੀਤਾ ਹੈ ਤਾਂ ਉਹ ਸੋਸ਼ਲ ਮੀਡੀਆ ਉੱਤੇ 'ਸੀਜ਼ਫਾਇਰ' ਵਾਲੀ ਗੱਲ ਹੈ। ਭਾਵੇਂ ਕਿ ਸੀਜ਼ਫਾਇਰ ਦੇ ਨਾਲ ਉਨ੍ਹਾਂ ਲੋਕਾਂ ਦਾ ਕੋਈ ਬਹੁਤਾ ਫ਼ਾਇਦਾ ਹੋਣ ਵਾਲਾ ਨਹੀਂ, ਕਿਉਂਕਿ ਉਨ੍ਹਾਂ ਦੇ ਘਰ-ਬਾਹਰ, ਸਕੂਲ-ਕਾਲਜ, ਹਸਪਤਾਲ ਸਭ ਉੱਜੜ ਗਏ ਨੇ, ਪਰ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿੰਨਾ ਬੱਚਿਆਂ ਕੋਲੋਂ ਉਨ੍ਹਾਂ ਦੀਆਂ ਮਾਵਾਂ ਖੋਹ ਲਈਆਂ ਗਈਆਂ, ਜਿਨ੍ਹਾਂ ਮਾਵਾਂ ਕੋਲੋਂ ਉਨ੍ਹਾਂ ਦੇ ਬੱਚੇ ਖੋਹ ਲਏ ਗਏ, ਜਿਨ੍ਹਾਂ ਬੱਚਿਆਂ ਅਤੇ ਮਾਵਾਂ ਕੋਲੋਂ ਉਨ੍ਹਾਂ ਦੇ ਪਤੀ ਪਰਿਵਾਰ ਤੇ ਹੋਰ ਮੈਂਬਰ ਖੋਹ ਲਏ ਗਏ, ਉਨ੍ਹਾਂ ਦੀ ਵਾਪਸੀ ਕਿਵੇਂ ਹੋਵੇਗੀ? ਕੀ ਇੱਕ ਸੀਜ਼ਫਾਇਰ ਹੋਣ ਦੇ ਨਾਲ ਇਹ ਸਭ ਕੁਝ ਠੀਕ ਹੋ ਜਾਵੇਗਾ? ਜੰਗਬੰਦੀ ਕਰਨ ਦਾ ਤਾਂ ਹੀ ਫ਼ਾਇਦਾ ਹੈ, ਜੇਕਰ ਅੱਗੇ ਵੀ ਸ਼ਾਂਤੀ ਰਵੇ, ਪਰ ਸ਼ਾਂਤੀ ਕਿਵੇਂ ਰਵੇਗੀ, ਕਿਉਂਕਿ ਦੁਨੀਆ ਭਰ ਦੇ ਕਈ ਇਹੋ ਜਿਹੇ ਮੁਲਕ ਨੇ, ਜਿਨ੍ਹਾਂ ਨੂੰ ਸ਼ਾਂਤੀ ਚਾਹੀਦੀ ਨਹੀਂ, ਉਨ੍ਹਾਂ ਦੇ ਕੋਲ ਵੱਡੇ ਹਥਿਆਰ ਨੇ ਅਤੇ ਹਥਿਆਰ ਵੇਚਣ ਦੇ ਕਾਰਨ ਹੀ ਉਹ ਅਜਿਹਾ ਢਕਵੰਜ ਰਚਦੇ ਨੇ।

ਵੈਸੇ ਤਾਂ ਸਾਰੀ ਹਥਿਆਰਾਂ ਦੀ ਗੇਮ ਹੈ। ਹਥਿਆਰ ਜਿਸ ਦੇ ਵੱਡੇ ਨੇ, ਸਾਰੇ ਉਹਦੀ ਜੀ-ਜੀ ਕਰਨਗੇ, ਪਰ ਸਵਾਲ ਇੱਥੇ ਇਹ ਪੈਦਾ ਹੁੰਦਾ ਹੈ ਕਿ



ਕੀ ਹਥਿਆਰ ਹੀ ਸਭ ਕੁਝ ਨੇ, ਨਹੀਂ..। ਕੁਝ ਗੱਲਾਂ ਵੱਡੇ ਦੇਸ਼ਾਂ ਦੇ ਲਈ ਵੀ ਛੱਡਣੀਆਂ ਪੈਂਦੀਆਂ ਨੇ, ਜਿਨ੍ਹਾਂ ਦੇ ਕਾਰਨ ਇਹ ਸਾਰਾ ਕੁਝ ਹੁੰਦਾ ਹੈ, ਜੀਓ ਪਾਲਿਟਿਕਸ ਦੇ ਤਹਿਤ ਵੇਖੀਏ ਤਾਂ ਬੜਾ ਕੁਝ ਇੱਧਰ ਉੱਧਰ ਉਲਟ-ਪਲਟ ਹੁੰਦਾ ਰਹਿੰਦਾ, ਇਸ ਦਾ ਸਿੱਧਾ ਸਿੱਧਾ ਫ਼ਾਇਦਾ ਉਸ ਤਾਕਤ ਨੂੰ ਮਿਲਦਾ, ਜਿਹੜੀ ਤਾਕਤ ਚਾਹੁੰਦੀ ਹੈ ਕਿ ਜੰਗ ਲੱਗੀ ਰਵੇ, ਹਥਿਆਰਾਂ ਦੀ ਗੇਮ ਨੇ, ਜਿੱਥੇ ਹੁਣ ਤੱਕ ਲੱਖਾਂ ਲੋਕਾਂ ਦੀ ਜਾਨ ਲੈ ਲਈ ਹੈ, ਉੱਥੇ ਹੀ ਦੂਜੇ ਪਾਸੇ ਇਹਨਾਂ ਹਥਿਆਰਾਂ ਦੇ ਕਾਰਨ ਅਵਾਮ ਵਿੱਚ ਸ਼ਾਂਤੀ ਨਹੀਂ ਬਣ ਪਾਉਂਦੀ ਅਤੇ ਸ਼ਾਂਤੀ ਨਾ ਬਣ ਪਾਉਣ ਦਾ ਸਭ ਤੋਂ ਵੱਡਾ ਕਾਰਨ, ਕੁਝ ਕੁ ਵੱਡੇ ਘਰਾਣੇ ਵੀ ਨੇ, ਜਿਹੜੇ ਚਾਹੁੰਦੇ ਨੇ ਕਿ ਅਰਥ ਵਿਵਸਥਾ ਅੱਗੇ-ਪਿੱਛੇ ਹੁੰਦੀ ਰਵੇ ਅਤੇ ਉਨ੍ਹਾਂ ਨੂੰ ਫ਼ਾਇਦਾ ਮਿਲਦਾ ਰਵੇ।

ਸਾਡੇ ਮੁਲਕ ਵਿੱਚ ਵੀ ਕੁਝ ਅਜਿਹੇ ਹੀ ਚਾਰ ਕੁ ਬੰਦੇ ਹੈਗੇ ਨੇ, ਜਿਹੜੇ ਚਾਹੁੰਦੇ ਨੇ ਕਿ ਮੁਲਕ ਅੰਦਰ ਕੋਈ ਨਾ ਕੋਈ ਅੱਗ ਲੱਗੀ ਰਵੇ ਅਤੇ ਉਹ ਆਪਣਾ ਉੱਲੂ ਸਿੱਧਾ ਕਰਦੇ ਰਹਿਣ, ਵੈਸੇ ਤਾਂ ਦੁਨੀਆ ਭਰ 'ਚ ਅਜਿਹੇ ਕਈ ਬੰਦੇ ਬੈਠੇ ਨੇ, ਜਿਹੜੇ ਚਾਹੁੰਦੇ ਨੇ ਕਿ ਸਭ ਕੁਝ ਇੰਦਾਂ ਹੀ ਚੱਲਦਾ ਰਵੇ, ਜਿਵੇਂ ਹੁਣ ਚੱਲ ਰਿਹਾ, ਮਤਲਬ ਕਿ ਜੰਗ-ਜੁੰਗ ਲੱਗੀ ਰਵੇ, ਤਾਂ ਜੋ ਉਨ੍ਹਾਂ ਦਾ ਤੋਰੀ-ਫੁਲਕਾ ਚੱਲਦਾ ਰਵੇ ਅਤੇ ਉਹ ਦੁਨੀਆ 'ਤੇ ਆਪਣਾ ਰਾਜਭਾਗ ਕਾਇਮ ਕਰਦੇ ਰਹਿਣ।

ਇਸ ਵੇਲੇ ਨਕਲੀ ਜਿਹਾ ਜੰਗਬੰਦੀ ਦਾ ਐਲਾਨ ਹੋ ਚੁੱਕਿਆ ਹੈ। ਟਰੰਪ ਮੁਤਾਬਿਕ ਗਾਜ਼ਾ ਵਿੱਚ ਫ਼ਿਲਹਾਲ ਸ਼ਾਂਤੀ ਦਾ ਝੰਡਾ ਝੂਲ ਰਿਹਾ ਹੈ, ਪਰ ਸਵਾਲ ਇੱਥੇ ਇਹ ਹੈ ਕਿ ਉਨ੍ਹਾਂ ਮਾਵਾਂ ਦਾ ਕੀ ਕੀਤਾ ਜਾਵੇ, ਉਨ੍ਹਾਂ ਮਾਵਾਂ ਨੂੰ ਕਿਵੇਂ ਦਿਲਾਸਾ ਦਿੱਤਾ ਜਾਵੇ, ਜਿਨ੍ਹਾਂ ਦੇ ਮਾਸੂਮ ਬੱਚੇ ਫੜ-ਫੜ ਕੇ ਮਾਰ ਦਿੱਤੇ ਗਏ, ਉਨ੍ਹਾਂ ਬੱਚਿਆਂ ਦਾ ਕੀ ਕਸੂਰ ਸੀ, ਜਿਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੀਆਂ ਮਾਵਾਂ-ਭੈਣਾਂ ਦਾ ਬਲਾਤਕਾਰ ਕੀਤਾ ਗਿਆ, ਉਨ੍ਹਾਂ ਔਰਤਾਂ ਦਾ ਵੀ ਕੀ ਕਸੂਰ ਸੀ, ਜਿਨ੍ਹਾਂ ਦੇ ਅੱਖਾਂ ਸਾਹਮਣੇ ਉਨ੍ਹਾਂ ਦੇ ਪਤੀਆਂ ਅਤੇ ਹੋਰਨਾਂ ਰਿਸ਼ਤੇਦਾਰਾਂ ਨੂੰ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਖ਼ੈਰ, ਟਰੰਪ ਨੇ ਨਕਲੀ ਜਿਹਾ ਸ਼ਾਂਤੀ ਦਾ ਨਾਅਰਾ ਦਿੱਤਾ ਤੇ ਲੱਗਦਾ ਹੈ ਕਿ ਅਗਲੇ ਸਮੇਂ ਵਿੱਚ ਸ਼ਾਂਤੀ ਬਣੀ ਰਵੇਗੀ? ਉਮੀਦ ਤਾਂ ਇਹੀ ਹੈ ਕਿ ਸ਼ਾਂਤੀ ਬਣੀ ਰਵੇ, ਪਰ ਉਹ ਤਾਕਤਾਂ ਕਿੱਥੇ ਚਾਹੁਣਗੀਆਂ ਕਿ ਸ਼ਾਂਤੀ ਬਣੀ ਰਵੇ, ਜਿਹੜੀਆਂ ਆਪਣੀ ਜੇਬ ਵੱਲ ਹੀ ਹਮੇਸ਼ਾ ਨਿਗਾਹ ਮਾਰਦੀਆਂ ਰਹਿੰਦੀਆਂ ਨੇ।

**# ਸੰਪਰਕ : 95698-20314**

# ਜੰਗਾਂ ਮਨੁੱਖਤਾ ਦਾ ਵਿਨਾਸ਼ ਕਰਦੀਆਂ ਹਨ

ਜੰਗ ਕਿਤੇ ਵੀ ਲੜੀ ਜਾਵੇ, ਉਸ ਦਾ ਦੁੱਖ ਸਮੁੱਚੀ ਮਨੁੱਖਤਾ ਨੂੰ ਹੰਢਾਉਣਾ ਪੈਂਦਾ ਹੈ। ਲਹੂ ਮਨੁੱਖਤਾ ਦਾ ਡੁੱਲ੍ਹਦਾ ਹੈ। ਜੰਗ ਨਾਲ ਤਬਾਹੀ, ਕਹਿਰ, ਨਸਲਕੁਸੀ, ਉਜਾੜਾ ਹੁੰਦਾ ਹੈ, ਸ਼ਾਂਤੀ ਭੰਗ ਹੁੰਦੀ ਹੈ, ਲੋਥਾਂ ਦੇ ਅੰਬਾਰ ਲਗਦੇ ਹਨ। ਇਸ ਦੇ ਬਾਵਜੂਦ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਸਰਬੀਆ ਦੀ ਕਹਾਵਤ ਹੈ, 'ਯੁੱਧ ਵਿੱਚ ਹਾਕਮ ਬਰੂਦ ਵੰਡਦੇ ਹਨ, ਅਮੀਰ ਭੋਜਨ ਪਰੋਸਦੇ ਹਨ ਅਤੇ ਗਰੀਬ ਆਪਣੇ ਬੱਚੇ। ਜਦੋਂ ਯੁੱਧ ਖਤਮ ਹੋ ਜਾਂਦਾ ਹੈ ਤਾਂ ਹਾਕਮ ਆਪਣਾ ਬਚਿਆ ਹੋਇਆ ਬਰੂਦ ਇਕੱਠਾ ਕਰਦੇ ਹਨ, ਅਮੀਰਾਂ ਕੋਲ ਵੱਧ ਅਨਾਜ ਜਮ੍ਹਾਂ ਹੋ ਜਾਂਦਾ ਹੈ, ਗਰੀਬ ਆਪਣੇ ਬੱਚਿਆਂ ਦੀਆਂ ਕਬਰਾਂ ਫਰੋਲਦੇ ਹਨ।' ਯੁੱਧ ਲੜਨੇ ਹਾਕਮਾਂ ਦੀ ਸੋਚ ਹੈ, ਜੰਗ ਵਿੱਚ ਜਿੱਤ-ਹਾਰ ਕਿਸੇ ਦੀ ਨਹੀਂ ਹੁੰਦੀ, ਇਹ ਇੱਕ ਭਰਮ ਹੀ ਸਿਰਜਿਆ ਜਾਂਦਾ ਹੈ। ਜੰਗ ਵਿੱਚ ਗਰੀਬ ਕਿਰਤੀ ਲੋਕ ਮਰਦੇ ਹਨ, ਨੁਕਸਾਨ ਆਮ ਲੋਕਾਂ ਦਾ ਹੁੰਦਾ ਹੈ ਹਾਕਮਾਂ ਦਾ ਨਹੀਂ। ਆਮ ਲੋਕ ਇੱਕ-ਦੂਜੇ ਨੂੰ ਜਾਣਦੇ ਵੀ ਨਹੀਂ ਹੁੰਦੇ ਅਤੇ ਨਾ ਹੀ ਉਹਨਾਂ ਦੀ ਇੱਕ-ਦੂਜੇ ਨਾਲ ਕੋਈ ਨਫ਼ਰਤ ਹੁੰਦੀ ਹੈ, ਫੇਰ ਵੀ ਉਹ ਮਾਰ ਦਿੱਤੇ ਜਾਂਦੇ ਹਨ, ਇਹ ਮੌਤ ਹਾਕਮਾਂ ਦਾ ਵਪਾਰ ਹੈ। ਇਸ ਸਬੰਧੀ ਚਿੰਤਕ ਫਰਾਂਸਿਸ ਪੀ ਡੈਨੀ ਦਾ ਕਥਨ ਹੈ, 'ਕੋਈ ਸਿਪਾਹੀ ਯੁੱਧ ਸ਼ੁਰੂ ਨਹੀਂ ਕਰਦਾ, ਉਹ ਕੇਵਲ ਜਾਨ ਦੀ ਬਾਜ਼ੀ ਲਾਉਂਦਾ ਹੈ। ਯੁੱਧ ਸ਼ੁਰੂ ਹੁੰਦੇ ਹਨ ਧਨਾਢ ਲੋਕਾਂ ਤੋਂ ਜਾਂ ਸਿਆਸਤਦਾਨਾਂ ਤੋਂ।' ਜਦੋਂ ਜੰਗ ਲਗਦੀ ਹੈ ਤਾਂ ਬੱਚੇ ਯਤੀਮ ਹੁੰਦੇ ਹਨ, ਧੀਆਂ ਵਿਧਵਾ ਹੁੰਦੀਆਂ ਹਨ, ਪੁੱਤਾਂ ਦੀਆਂ ਲਾਸ਼ਾਂ ਮਾਪਿਆਂ ਨੂੰ ਸਮੇਟਣੀਆਂ ਪੈਂਦੀਆਂ ਹਨ।



ਬਲਵਿੰਦਰ ਸਿੰਘ ਭੁੱਲਰ

ਕੁਝ ਸਮਾਂ ਪਹਿਲਾਂ ਪਹਿਲਗਾਮ ਵਿਖੇ ਕੀਤੇ ਦਹਿਸ਼ਤਗਰਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਅਪਰੇਸ਼ਨ ਸਿੰਧੂਰ ਦੇ ਨਾਂਅ ਹੇਠ ਅੱਤਵਾਦ ਵਿਰੁੱਧ ਪਾਕਿਸਤਾਨ ਉੱਤੇ ਕਾਰਵਾਈ ਕੀਤੀ ਗਈ ਸੀ, ਜਿਸ ਦੀ ਹਰ ਪਾਸਿਉਂ ਸ਼ਲਾਘਾ ਹੋਈ ਸੀ। ਦਹਿਸ਼ਤਗਰਦਾਂ ਨੇ ਪਹਿਲਗਾਮ ਵਿਖੇ ਬੇਕਸੂਰ ਸੈਲਾਨੀਆਂ ਨੂੰ ਮਾਰ ਮੁਕਾਇਆ ਸੀ, ਜਿਹਨਾਂ ਵਿੱਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਭਾਰਤ ਵੱਲੋਂ ਇਸ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਵਿੱਚ ਸਥਿਤ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕੀਤਾ ਗਿਆ। ਇਹ ਕਾਰਵਾਈ ਨੌਂ ਟਿਕਾਣਿਆਂ 'ਤੇ ਕੀਤੀ ਗਈ, ਜਿਸ ਵਿੱਚ ਬਹਾਵਲਪੁਰ, ਮੁਰੀਦ ਕੇ, ਬਾਗ, ਕੋਟਲੀ, ਮੁਜ਼ੱਫਰਾਬਾਦ ਮੁੱਖ ਟਿਕਾਣੇ ਸਨ। ਇਹਨਾਂ ਵਿੱਚੋਂ ਬਹਾਵਲਪੁਰ ਅੱਤਵਾਦੀ ਜਥੇਬੰਦੀ ਜੈਸ਼ ਏ ਮੁਹੰਮਦ ਦਾ ਮੁੱਖ ਟਿਕਾਣਾ ਸੀ, ਜਦ ਕਿ ਮੁਰੀਦ ਕੇ ਇੱਕ ਹੋਰ ਦਹਿਸ਼ਤੀ ਜਥੇਬੰਦੀ ਲਸ਼ਕਰ ਏ ਤੋਇਬਾ ਦਾ ਹੈੱਡਕੁਆਰਟਰ ਸੀ। ਇਹਨਾਂ ਟਿਕਾਣਿਆਂ 'ਤੇ ਮਰਨ ਵਾਲੇ ਅੱਤਵਾਦੀਆਂ ਦੀ ਗਿਣਤੀ ਇੱਕ ਸੌ ਦੇ ਕਰੀਬ ਹੋ ਗਈ ਸੀ। ਜੈਸ਼ ਏ ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜਹਰ ਦੇ ਪਰਵਾਰ ਦੇ ਦਸ ਮੈਂਬਰ ਅਤੇ ਚਾਰ ਹੋਰ ਰਿਸ਼ਤੇਦਾਰ ਇਸ ਕਾਰਵਾਈ ਵਿੱਚ ਮਾਰੇ ਗਏ। ਇਸ ਤੋਂ ਬਾਅਦ ਅਜਹਰ ਇਹ ਕਹਿੰਦਾ ਸੁਣਿਆ ਗਿਆ ਕਿ ਉਹ ਵੀ ਕਿਉਂ ਨਾ ਮਰ ਗਿਆ। ਉਸ ਸਮੇਂ ਅਮਰੀਕੀ ਦੌਰੇ ਦੌਰਾਨ ਮਾਰਸ਼ਲ ਮੁਨੀਰ ਨੇ ਫਲੋਰੀਡਾ ਰਾਜ ਦੇ ਸ਼ਹਿਰ ਟੈਂਪਾ ਵਿਖੇ ਇੱਕ ਪਾਕਿਸਤਾਨੀ ਨਾਗਰਿਕ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਭਾਸ਼ਣ ਕਰਦਿਆਂ ਕਿਹਾ ਸੀ ਕਿ ਜੇ ਅਸੀਂ ਤਬਾਹ ਹੋਏ ਤਾਂ ਅੱਧੀ ਦੁਨੀਆ ਨੂੰ ਲੈ ਕੇ ਜਾਵਾਂਗੇ। ਮੁਨੀਰ ਇਹ ਬਿਆਨ ਆਪਣੇ ਦੇਸ਼ ਦੇ ਪ੍ਰਮਾਣੂ ਬੰਬਾਂ ਦੀ ਹੋਂਦ ਦੇ ਹੰਕਾਰ ਵਿੱਚ ਦੇ ਰਿਹਾ ਸੀ। ਉਸ ਨੂੰ ਸਮਝਣਾ ਚਾਹੀਦਾ ਸੀ ਕਿ ਹਥਿਆਰਾਂ 'ਤੇ ਵਿਸਵਾਸ਼ ਕਰਨਾ ਇੱਕ ਬਹੁਤ ਵੱਡਾ ਰੋਗ ਹੈ, ਜਿਸ ਨੇ ਦੁਨੀਆ ਭਰ ਨੂੰ ਨੁਕਸਾਨ ਪਹੁੰਚਾਇਆ ਹੈ। ਸੰਸਾਰ ਦੀ ਸ਼ਾਂਤੀ ਭੰਗ ਕੀਤੀ ਹੈ ਤੇ ਮਨੁੱਖਤਾ ਦਾ ਘਾਣ ਕੀਤਾ ਹੈ। ਪ੍ਰਮਾਣੂ ਬੰਬ ਕੇਵਲ ਪਾਕਿਸਤਾਨ ਕੋਲ ਹੀ ਨਹੀਂ, ਬਲਕਿ ਭਾਰਤ ਕੋਲ ਤਾਂ ਉਸ ਤੋਂ ਵੱਧ ਤੇ ਸ਼ਕਤੀਸ਼ਾਲੀ ਬੰਬ ਹੋ ਸਕਦੇ ਹਨ।

ਦੁਨੀਆ ਦੇ ਮਹਾਨ ਫਿਲਾਸਫਰ ਰਸੂਲ ਹਮਜ਼ਾਤੋਵ ਨੇ ਕਿਹਾ ਸੀ ਕਿ ਸਿਆਣੇ ਦੇ ਹੱਥਾਂ ਵਿੱਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ ਅਤੇ ਮੂਰਖ ਦੇ ਹੱਥਾਂ ਵਿੱਚ ਸ਼ਹਿਦ ਵੀ ਨੁਕਸਾਨ ਕਰ ਸਕਦਾ ਹੈ। ਮੁਨੀਰ ਦੇ ਬਿਆਨ ਦੇ ਸੰਦਰਭ ਵਿੱਚ ਹਮਜ਼ਾਤੋਵ ਦਾ ਵਿਚਾਰ ਅੱਜ ਵੀ ਖ਼ਰਾ ਵਿਖਾਈ ਦਿੰਦਾ ਹੈ ਪਾਕਿਸਤਾਨ ਦੇ ਹੱਥਾਂ ਵਿੱਚ ਪਿਆ ਪ੍ਰਮਾਣੂ ਮਨੁੱਖਤਾ ਦੇ ਘਾਣ ਵੱਲ ਸੇਧਤ ਹੈ ਅਤੇ ਭਾਰਤ ਕੋਲ ਪਿਆ ਪ੍ਰਮਾਣੂ ਵਿਕਾਸ ਵੱਲ ਸੇਧਤ ਹੈ। ਮਨੁੱਖਤਾ ਦਾ ਅਸਲੀ ਰੂਪ ਸ਼ਾਂਤਮਈ ਹਿਰਦੇ ਵਿੱਚ ਹੈ, ਅਸਾਂਤੀ ਵਿੱਚ ਨਹੀਂ। ਭਾਰਤ ਅੱਜ ਦੁਨੀਆ ਦੀ ਬਹੁਤ ਵੱਡੀ ਸ਼ਕਤੀ ਬਣ ਚੁੱਕਾ ਹੈ, ਪਰ ਉਹ ਹੰਕਾਰ ਦੀ ਬਜਾਏ ਮਨੁੱਖਤਾ ਪ੍ਰਤੀ ਹਮਦਰਦੀ ਤੇ ਸ਼ਾਂਤੀ ਲਈ ਕਾਰਜ ਕਰ ਰਿਹਾ ਹੈ।

ਇਹ ਸੱਚਾਈ ਹੈ ਕਿ ਬੰਬ, ਬੰਦੂਕਾਂ ਦੇ ਦਿਲ ਨਹੀਂ ਹੁੰਦੇ, ਜੋ ਮਾਸੂਮਾਂ ਦੇ ਹਾਉਕਿਆਂ ਨੂੰ ਸੁਣ ਲੈਣ, ਕੰਨ ਨਹੀਂ ਹੁੰਦੇ ਜੋ ਵਿਧਵਾਵਾਂ ਦੇ ਵੈਣ ਸੁਣ ਲੈਣ। ਇਹ ਸਭ ਕੁਝ ਪਤਾ ਹੋਣ ਦੇ ਬਾਵਜੂਦ ਜੰਗਾਂ ਲੜੀਆਂ ਜਾਂਦੀਆਂ ਹਨ, ਮਨੁੱਖਤਾ ਦਾ ਘਾਣ ਕੀਤਾ ਜਾਂਦਾ ਹੈ। ਅੱਜ ਇਹ ਜੰਗਾਂ ਪੂੰਜੀਵਾਦ ਦੀ ਲੋੜ ਬਣ ਚੁੱਕੀਆਂ ਹਨ। ਮੰਡੀ ਦਾ ਅਸੂਲ ਹੈ ਕਿ ਕਿਸੇ ਚੀਜ ਦਾ ਉਤਪਾਦਨ ਲਾਭ ਲਈ ਕੀਤਾ ਜਾਂਦਾ ਹੈ, ਉਸ ਦੀ ਵਰਤੋਂ ਕਿਵੇਂ ਤੇ ਕਿਉਂ ਕਰਨੀ ਹੈ, ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਮਾਰੂ ਹਥਿਆਰਾਂ ਦਾ ਉਤਪਾਦਨ ਲਾਭ ਲਈ ਕੀਤਾ ਜਾਂਦਾ ਹੈ, ਮਨੁੱਖਤਾ ਦੀ ਮੌਤ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਜੰਗ ਲੋਕ ਨਹੀਂ ਚਾਹੁੰਦੇ, ਦੇਸ਼ ਦਾ ਵਿਕਾਸ, ਸ਼ਾਂਤੀ ਤੇ ਭਾਈਚਾਰਕ ਏਕਤਾ ਨਾਲ ਹੀ ਸੰਭਵ ਹੈ। ਯੁੱਧ ਮਨੁੱਖਤਾ ਦਾ ਵਿਨਾਸ਼ ਕਰਦੇ ਹਨ ਅਤੇ ਦੇਸ਼ਾਂ ਦੀਆਂ ਤਰੱਕੀਆਂ ਵਿਕਾਸ ਰੋਕਦੇ ਹਨ।

ਸੋ ਦੋਵਾਂ ਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਜੰਗਾਂ ਮਨੁੱਖਤਾ ਦੇ ਭਲੇ ਲਈ ਨਹੀਂ ਹੁੰਦੀਆਂ। ਭੜਕਾਊ ਬਿਆਨ ਦੇ ਕੇ ਹਾਲਾਤ ਵਿਗਾੜਣ ਦੀ ਬਜਾਏ ਗੱਲਬਾਤ ਰਾਹੀਂ ਮਾਹੌਲ ਨੂੰ ਸ਼ਾਂਤ ਰੱਖਣ, ਆਪਸੀ ਸਾਂਝ ਬਣਾਉਣ, ਦੇਸ਼ਾਂ ਦੇ ਵਿਕਾਸ ਲਈ ਰਲ ਕੇ ਕਦਮ ਚੁੱਕਣੇ ਚਾਹੀਦੇ ਹਨ।

**# ਸੰਪਰਕ : 098882-75913**

# ਬੱਸ ਅੱਡਿਆਂ ਤੋਂ ਕਿਤਾਬਾਂ ਦੇ ਸਟਾਲਾਂ ਦਾ ਅਲੋਪ ਹੋਣਾ ਚਿੰਤਾਜਨਕ

**ਨਿਰੰਜਣ ਬੋਹਾ**

ਵੇਖਣ ਨੂੰ ਇਹ ਗੱਲ ਬਹੁਤ ਛੋਟੀ ਜਿਹੀ ਲੱਗਦੀ ਹੈ ਕਿ ਮਾਲਵਾ ਖੇਤਰ ਦੇ ਬੱਸ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ 'ਤੇ ਹੁਣ ਕਿਤਾਬਾਂ ਤੇ ਅਖ਼ਬਾਰਾਂ ਦੇ ਸਟਾਲਾਂ ਦੀ ਹੋਂਦ ਖਤਮ ਹੁੰਦੀ ਜਾ ਰਹੀ ਹੈ, ਪਰ ਅਸਲ ਵਿਚ ਇਹ ਗੱਲ ਲੇਖਕਾਂ ਤੇ ਪਾਠਕਾਂ ਲਈ ਇਹ ਬਹੁਤ ਚਿੰਤਾ ਵਾਲੀ ਹੈ। ਅੱਜ ਤੋਂ ਦੋ ਦਹਾਕੇ ਪਹਿਲਾਂ ਤੱਕ ਜਦੋਂ ਕਿਸੇ ਸ਼ਹਿਰ ਵਿਚ ਜਾਈਦਾ ਸੀ ਤਾਂ ਬੱਸ ਅੱਡੇ ਦੇ ਸਟਾਲ ਤੋਂ ਭੱਜ ਕੇ ਆਪਣਾ ਮਨਪਸੰਦ ਮੈਗਜੀਨ, ਕਿਤਾਬ ਜਾਂ ਅਖ਼ਬਾਰ ਲੈ ਲਈਦਾ ਸੀ, ਪਰ ਹੁਣ ਵਧੇਰੇ ਬੱਸ ਅੱਡਿਆਂ 'ਤੇ ਬੁੱਕ ਸਟਾਲ ਲੱਭਣ ਲਈ ਮਾਰੀ ਨਜ਼ਰ ਨਿਰਾਸ਼ ਹੋ ਕੇ ਆਪਣੇ ਕੋਲ ਹੀ ਪਰਤ ਆਉਂਦੀ ਹੈ। ਹੁਣ ਨਾ ਤਾਂ ਬੁਢਲਾਡਾ ਦੇ ਬੱਸ ਅੱਡੇ 'ਤੇ ਤਿਵਾੜੀ ਦਾ ਬੁੱਕ ਸਟਾਲ ਹੈ, ਨਾ ਬਠਿੰਡੇ ਦੇ ਬੱਸ ਅੱਡੇ 'ਤੇ ਸਾਲਾਂ ਪੁਰਾਣੀ ਵੋਹਰਾ ਬੁੱਕ ਸਟਾਲ ਵਿਖਾਈ ਦਿੰਦੀ ਹੈ।

ਲੇਖਕਾਂ ਦਾ ਮੱਕਾ ਕਹੇ ਜਾਣ ਵਾਲੇ ਬਰਨਾਲਾ ਸ਼ਹਿਰ ਦੇ ਬੱਸ ਅੱਡੇ 'ਤੇ ਵੀ ਹੁਣ ਕਿਤਾਬਾਂ ਤੇ ਮੈਗ਼ਜ਼ੀਨਾਂ ਦੀਆਂ ਸਟਾਲਾਂ ਨਹੀਂ ਰਹੀਆਂ। ਇਸ ਵਾਰ 'ਰਾਗ' ਤੇ 'ਸਿਰਜਣਾ' ਮੈਗ਼ਜ਼ੀਨ ਖਰੀਦਣ ਲਈ ਬਠਿੰਡਾ ਰੇਲਵੇ ਸਟੇਸ਼ਨ ਦੇ ਬਾਹਰਲੇ ਪਾਸੇ ਸਥਿਤ ਰਹੀ ਕਿਤਾਬਾਂ ਦੀ ਚਿਰਾਂ ਪੁਰਾਣੀ ਦੁਕਾਨ ਲੱਭਣ ਦੀ ਕੋਸ਼ਿਸ਼ ਕੀਤੀ ਤਾਂ ਪਤਾ ਚੱਲਿਆ ਉਹ ਵੀ ਮੰਡੀ ਦੇ ਨਵੇਂ ਰੂਪ ਨੇ ਆਪਣੇ ਅੰਦਰ ਨਿਗਲ ਲਈ ਹੈ। ਮੋਗੇ ਫੇਰੀ ਸਮੇਂ ਬੱਸ ਅੱਡੇ 'ਤੇ ਚਾਲੀ ਸਾਲ ਪੁਰਾਣੀ ਪ੍ਰਿਤਪਾਲ ਸਿੰਘ ਦੀ ਸਟਾਲ ਲੱਭਣ ਲਈ ਚਾਰੇ ਪਾਸੇ ਨਜ਼ਰ ਮਾਰੀ ਤਾਂ ਉਹ ਵੀ ਕਿੱਧਰੇ ਨਜ਼ਰ ਨਾ ਆਈ।

ਚਾਰੇ ਪਾਸੇ ਇਸ ਆਸ ਨਾਲ ਨਜ਼ਰ ਘੁਮਾਈ ਕਿ ਇਹ ਸਟਾਲ ਦੁਕਾਨਾਂ ਕਿਰਾਏ 'ਤੇ ਦੇਣ ਲਈ ਹੋਈ ਬੋਲੀ ਸਮੇਂ ਕਿਸੇ ਹੋਰ ਦੁਕਾਨ ਵਿਚ ਸ਼ਿਫਟ ਨਾ ਹੋ ਗਈ ਹੋਵੇ, ਸਟਾਲ ਤਾਂ ਨਾ ਲੱਭੀ, ਪਰ ਬੱਸ ਅੱਡੇ ਦੇ ਇਕ ਖੂੰਜੇ 'ਤੇ ਅਖ਼ਬਾਰਾਂ ਦੀ ਢੇਰੀ ਲਾਈ ਬੈਠੇ ਪ੍ਰਿਤਪਾਲ ਜ਼ਰੂਰ ਲੱਭ ਗਏ। ਪੁਰਾਣੇ ਅਖ਼ਬਾਰਾਂ ਦੀ ਢੇਰੀ ਉੱਤੇ ਪਏ 'ਹੁਣ' ਤੇ 'ਮੰਤਵ' ਸਮੇਤ ਦੋ ਤਿੰਨ ਹੋਰ ਸਾਹਿਤਕ ਮੈਗ਼ਜ਼ੀਨ ਵੀ ਵਿਖਾਈ ਦਿੱਤੇ। ਪ੍ਰਿਤਪਾਲ ਸਿੰਘ ਨਾਲ ਗੱਲ ਹੋਈ ਤਾਂ ਪਤਾ ਚੱਲਿਆ ਕਿ ਬੱਸ ਅੱਡੇ 'ਤੇ ਸਟਾਲਾਂ ਦਾ ਕਿਰਾਇਆ ਹੁਣ ਅਸਮਾਨੀ ਛੂਹ ਰਿਹੈ, ਪਰ ਸੋਸ਼ਲ ਮੀਡੀਆ ਦੀ ਆਮਦ ਨਾਲ ਅਖ਼ਬਾਰਾਂ, ਮੈਗ਼ਜ਼ੀਨ ਤੇ ਕਿਤਾਬਾਂ ਦੇ ਪਾਠਕ ਘਟ ਰਹੇ ਗਏ ਨੇ। ਮਹਿੰਗੇ ਮੁੱਲ ਦੀਆਂ ਸਟਾਲਾਂ ਦਾ ਕਿਰਾਇਆ ਭਰ ਕੇ ਲੋਕਾਂ ਨੂੰ ਅਖ਼ਬਾਰ, ਮੈਗ਼ਜ਼ੀਨ ਪੜ੍ਹਾਉਣਾ ਹੁਣ ਬਹੁਤ ਘਾਟੇ ਵਾਲਾ ਸੌਦਾ ਬਣ ਗਿਆ ਹੈ। ਪ੍ਰਿਤਪਾਲ ਦੀ ਸਟਾਲ ਨੇ ਪਤਾ ਨਹੀਂ ਹੁਣ ਤੱਕ ਪੰਜਾਬੀ ਸਾਹਿਤ ਦੇ ਕਿੰਨੇ ਕੁ ਨਵੇਂ ਪਾਠਕ ਪੈਦਾ ਕੀਤੇ ਹੋਣੇ ਨੇ, ਪਰ ਅੱਜ ਸਾਹਿਤ ਦਾ ਉਹ ਵਣਜਾਰਾ ਘਰੋਂ ਬੇਘਰ ਹੋਏ ਕਿਰਤੀ ਕਾਮੇ ਵਾਂਗ ਅਖ਼ਬਾਰਾਂ ਦੀ ਢੇਰੀ ਅੱਗੇ ਖੜ੍ਹਾ ਸੀ। ਉਸ ਦਾ ਸ਼ੁਮਾਰ ਪੰਜਾਬੀ ਸਾਹਿਤ ਦੇ ਮੁੱਢਲੇ ਪ੍ਰਕਾਸ਼ਕਾਂ 'ਚ ਰਿਹੈ। ਮੋਗੇ ਖੇਤਰ ਦੇ ਸਾਰੇ ਨਾਮਵਰ ਲੇਖਕਾਂ ਦੀਆਂ ਕਿਤਾਬਾਂ ਉਸ ਛਾਪੀਆਂ ਤੇ ਵੇਚੀਆਂ ਹਨ। ਉਹ ਅੱਜ ਦੇ ਪੇਸ਼ਾਵਰ ਪ੍ਰਕਾਸ਼ਕਾਂ ਵਾਂਗ ਕਿਸੇ ਕਿਤਾਬ ਦਾ ਢਾਈ ਤਿੰਨ ਸੌ ਦਾ ਐਡੀਸ਼ਨ ਨਹੀਂ ਸੀ ਛਾਪਦਾ, ਸਗੋਂ ਉਸ ਵੱਲੋਂ ਛਾਪੇ ਇੱਕ ਐਡੀਸ਼ਨ ਵਿਚ ਹਜ਼ਾਰਾਂ ਦੀ ਤਦਾਦ ਵਿੱਚ ਕਿਤਾਬਾਂ ਹੁੰਦੀਆਂ ਸਨ। ਉਸ ਵੱਲੋ ਛਾਪੀ ਕਿਤਾਬ ਦੀ ਕੀਮਤ ਵਾਜਬ ਹੋਣ ਕਾਰਨ ਕਿਤਾਬ ਹੱਥੋ ਹੱਥ ਵਿਕ ਵੀ ਜਾਂਦੀ ਸੀ। ਪੰਜਾਬ ਦਾ ਹਰੇਕ ਲੇਖਕ/ਪਾਠਕ ਲੰਘਦਾ, ਟੱਪਦਾ ਉਸ ਦੀ ਸਟਾਲ 'ਤੇ ਹਾਜ਼ਰੀ ਭਰ ਕੇ ਹੀ ਜਾਂਦਾ ਸੀ। ਅਜਿਹੇ ਕਰਮਯੋਗੀ ਬੰਦਿਆਂ ਦੀਆਂ ਸਟਾਲਾਂ ਦਾ ਬੱਸ ਅੱਡਿਆਂ ਤੋਂ ਗਾਇਬ ਹੋਣਾ ਸਰਕਾਰ ਲਈ ਤਾਂ ਛੋਟੀ ਜਿਹੀ ਗੱਲ ਹੋਵੇਗੀ, ਪਰ ਸਾਹਿਤ, ਸੱਭਿਆਚਾਰ ਤੇ ਕਲਾ ਨਾਲ ਪਿਆਰ ਕਰਨ ਵਾਲੇ ਸੰਵੇਦਨਸ਼ੀਲ ਲੋਕਾਂ ਲਈ ਇਹ ਬਹੁਤ ਵੱਡਾ ਤੇ ਵਿਚਾਰਨ ਯੋਗ ਮਸਲਾ ਹੈ। ਮੋਗੇ ਦੇ ਬੱਸ ਅੱਡੇ 'ਤੇ ਪੂਰੀ ਚਹਿਲ-ਪਹਿਲ ਹੋਣ 'ਤੇ ਵੀ ਪ੍ਰਿਤਪਾਲ ਦੀ ਸਟਾਲ ਬਿਨਾਂ ਇਹ ਅੱਡਾ ਮੈਨੂੰ ਇਸ ਵਾਰ ਰੌਣਕ ਵਿਹੂਣਾ ਹੀ ਲੱਗਾ।

ਦੋਵੇਂ ਕੇਂਦਰੀ ਲੇਖਕ ਸਭਾਵਾਂ ਤੇ ਸਾਹਿਤ ਅਕਾਦਮੀਆਂ ਸਮੇਤ ਸਾਰੀਆਂ ਸਰਕਾਰੀ ਤੇ ਗੈਰ-ਸਰਕਾਰੀ ਸਾਹਿਤ ਸੰਸਥਾਵਾਂ ਨੂੰ ਸਰਕਾਰ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਬੱਸ ਅੱਡੇ 'ਤੇ ਅਖਬਾਰਾਂ / ਮੈਗ਼ਜ਼ੀਨਾਂ ਦੀਆਂ ਸਟਾਲਾਂ ਨੂੰ ਵਪਾਰਕ ਕਿੱਤੇ 'ਚੋਂ ਕੱਢ ਕੇ ਸਮਾਜ ਸੇਵੀ ਮਿਸ਼ਨ 'ਤੇ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਜ਼ਰੂਰੀ ਸੇਵਾਵਾਂ ਵਿੱਚ ਸ਼ਾਮਿਲ ਕਰੇ। ਹਰ ਬੱਸ ਅੱਡੇ 'ਤੇ ਰੇਲਵੇ ਸਟੇਸ਼ਨ 'ਤੇ ਸਾਹਿਤ ਦੇ ਪ੍ਰਚਾਰ ਤੇ ਪਸਾਰ ਵਿਚ ਵੱਡਾ ਯੋਗਦਾਨ ਪਾਉਂਦੀਆਂ ਰਹੀਆਂ ਰਹੀਆਂ ਸਟਾਲਾਂ ਲਈ ਮੁਫ਼ਤ ਜਾਂ ਨਾਮਾਤਰ ਕਿਰਾਏ 'ਤੇ ਦੁਕਾਨ ਮਿਲਣੀ ਹੀ ਚਾਹੀਦੀ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਮੂਲ ਚੰਦ ਸ਼ਰਮਾ ਤੇ ਸੁਰਿੰਦਰਪ੍ਰੀਤ ਘਣੀਆਂ ਦਾ ਮੈਂ ਉਚੇਚੇ ਤੌਰ 'ਤੇ ਰਿਣੀ ਹਾਂ, ਜਿਨ੍ਹਾਂ ਮੈਨੂੰ ਵਿਸ਼ਵਾਸ ਦਿਵਾਇਆ ਹੈ ਕਿ ਉਹ ਮੇਰੇ ਇਸ ਸੁਝਾਅ ਨੂੰ ਕੇਂਦਰੀ ਸਭਾ ਦੀ ਆਉਣ ਵਾਲੀ ਮੀਟਿੰਗ ਵਿਚ ਵਿਚਾਰਨ ਲਈ ਜ਼ਰੂਰ ਰੱਖਣਗੇ। ਪੁਸਤਕ ਮੇਲਿਆਂ 'ਤੇ ਸਟਾਲਾਂ ਲਾਉਣ ਵਾਲਾ ਐੱਸ. ਸੁਖਰਾਜ ਚਾਹੁੰਦਾ ਹੈ ਕਿ ਉਸ ਨੂੰ ਬਠਿੰਡੇ ਝੀਲਾਂ 'ਤੇ ਪੁਸਤਕ ਪ੍ਰਦਰਸ਼ਨੀ ਲਾਉਣ ਦੀ ਆਰਜ਼ੀ ਤੌਰ 'ਤੇ ਥਾਂ ਦਿੱਤੀ ਜਾਵੇ। ਉਸ ਨੂੰ ਅਜਿਹੀ ਇਜ਼ਾਜ਼ਤ ਦੇ ਕੇ ਜ਼ਿਲ੍ਹਾ ਬਠਿੰਡਾ ਦੇ ਡਿਪਟੀ ਕਮਿਸ਼ਨਰ ਮੁਫ਼ਤ ਵਿਚ ਲੇਖਕਾਂ, ਪਾਠਕਾਂ ਦੀਆਂ ਦੁਆਵਾਂ ਵੀ ਲੈ ਸਕਦੇ ਹਨ ਤੇ ਸਾਹਿਤ ਦੇ ਪਸਾਰ ਤੇ ਪ੍ਰਚਾਰ ਵਿਚ ਵੀ ਆਪਣੇ ਹਿੱਸੇ ਦਾ ਬਣਦਾ ਯੋਗਦਾਨ ਪਾ ਸਕਦੇ ਹਨ।

ਸਰਕਾਰ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਬੜੇ ਜ਼ੋਰ-ਸ਼ੋਰ ਨਾਲ ਚਲਾਈ ਹੋਈ ਹੈ। ਜੇ ਸਰਕਾਰ ਪੰਜਾਬ ਦੀ ਜੁਆਨੀ ਨੂੰ ਸੱਚਮੁੱਚ ਨਸ਼ਾ ਮੁਕਤ ਹੋਇਆ ਵੇਖਣਾ ਚਾਹੁੰਦੀ ਹੈ ਤਾਂ ਉਸ ਨੂੰ ਨੌਜਵਾਨਾਂ ਦੀ ਸੋਚ ਨੂੰ ਸਕਾਰਤਮਕ ਦਿਸ਼ਾ ਦੇਣ ਲਈ ਕੋਈ ਬਦਲਵਾਂ ਸੱਭਿਆਚਾਰ ਜ਼ਰੂਰ ਉਸਾਰਨਾ ਪਵੇਗਾ। ਨੌਜਵਾਨਾਂ ਲਈ ਰੁਜ਼ਗਾਰ, ਸਾਹਿਤ ਦੇ ਪਾਠ ਅਤੇ ਖੇਡਾਂ ਤੋਂ ਚੰਗਾ ਬਦਲਵਾ ਸੱਭਿਆਚਾਰ ਹੋਰ ਹੋ ਹੀ ਨਹੀਂ ਸਕਦਾ। ਅਜਿਹਾ ਕਰਨ ਲਈ ਪਿੰਡਾਂ ਤੇ ਸ਼ਹਿਰਾਂ ਵਿਚ ਲਾਇਬਰੇਰੀਆਂ ਦਾ ਪਸਾਰ ਵੀ ਜ਼ਰੂਰੀ ਹੈ ਤੇ ਹਰ ਸ਼ਹਿਰ ਤੇ ਕਸਬੇ ਦੇ ਬੱਸ ਅੱਡੇ 'ਤੇ ਕਿਤਾਬਾਂ, ਮੈਗ਼ਜ਼ੀਨਾਂ ਦੀ ਸਟਾਲ ਦੀ ਹੋਂਦ ਵੀ ਵਿਖਾਈ ਦੇਣੀ ਚਾਹੀਦੀ ਹੈ, ਪਰ ਸਭ ਤੋਂ ਜ਼ਰੂਰੀ ਹੈ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਕਰਨਾ। ਚੰਗੇ ਸਾਹਿਤ ਦਾ ਪਾਠ ਪਾਠਕਾਂ ਦੀ ਮਾਨਸਿਕ ਸਿਹਤ ਵਿਚ ਵਾਧਾ ਕਰਦਾ ਹੈ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਕਿਸੇ ਬੁੱਕ ਸਟਾਲ ਲਈ ਦੁਕਾਨ ਠੇਕੇ 'ਤੇ ਦੇਣ ਵੇਲੇ ਇਹ ਵੀ ਯਕੀਨੀ ਬਣਾਏ ਕਿ ਉਹ ਪ੍ਰਿਤਪਾਲ ਸਿੰਘ ਵਾਂਗ ਆਪਣੀ ਸਟਾਲ 'ਤੇ ਮਿਆਰੀ ਸਾਹਿਤ ਹੀ ਵੇਚਣਗੇ ਤੇ ਬਜ਼ਾਰੂ ਤੇ ਲੰਡਰ ਅਸਾਹਿਤ ਤੋਂ ਦੂਰੀ ਬਣਾ ਕੇ ਰੱਖਣਗੇ।

**# ਸੰਪਰਕ : 89682-82700**

# ਪੁਲਸ ਸ਼ਹੀਦੀ ਸ਼ੋਕ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ

## ਅਮਨ-ਸ਼ਾਂਤੀ ਸਥਾਪਤ ਕਰਨ 'ਚ ਪੰਜਾਬ ਪੁਲਸ ਦੀਆਂ ਵੱਡੀਆਂ ਸ਼ਹਾਦਤਾਂ : ਅਜੈ ਗਾਂਧੀ



**ਮੋਗਾ (ਇਕਬਾਲ ਸਿੰਘ ਖਹਿਰਾ)**

ਅਜੈ ਗਾਂਧੀ, ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਪੰਜਾਬ ਵਿੱਚ ਕਾਲੇ ਦੌਰ 'ਚ ਸੂਬੇ ਅਮਨ ਤੇ ਸ਼ਾਂਤੀ ਨੂੰ ਬਹਾਲ ਕਰਨ ਲਈ ਪੰਜਾਬ ਪੁਲਸ ਦੇ ਜਵਾਨਾਂ ਵੱਡੀ ਪੱਧਰ ਸ਼ਹਾਦਤਾਂ ਦਿੱਤੀ।ਇਨ੍ਹਾਂ ਸ਼ਹੀਦਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਸਦੀਵੀ ਰੱਖਣ ਲਈ 21 ਅਕਤੂਬਰ ਨੂੰ ਸਮੁੱਚੇ ਦੇਸ਼ ਭਰ 'ਚ ਸਮਰਿਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਇਨ੍ਹਾਂ ਦੀਆਂ ਕੁਰਬਾਨੀਆਂ ਨੂੰ ਜਾਇਆ ਨਹੀਂ ਜਾਣ ਦਿੱਤਾ ਜਾਵੇਗਾ।ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰੱਖਣ ਵਾਲੇ ਪੁਲਸ ਜਵਾਨਾਂ ਤੇ ਅਧਿਕਾਰੀਆਂ ਦੀਆਂ ਸ਼ਹਾਦਤਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸਾਰੇ ਇੱਕਮੁੱਠ ਹੋ ਕੇ ਦੇਸ਼ ਵਿਰੋਧੀ ਤਾਕਤਾਂ ਦਾ ਡਟ ਕੇ ਮੁਕਾਬਲਾ ਕਰੀਏ।ਅਜੈ ਗਾਂਧੀ ਪੁਲਸ ਲਾਈਨ ਵਿਖੇ ਆਯੋਜਤ ਪੁਲਸ ਸ਼ਹੀਦੀ ਸ਼ੋਕ ਦਿਵਸ ਮੌਕੇ ਵੱਖ-ਵੱਖ ਹਮਲਿਆਂ ਵਿੱਚ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਵਿਚ ਪੁਲਸ ਤੇ ਦੂਜੀਆਂ ਪੈਰਾ ਮਿਲਟਰੀ ਫੋਰਸਾਂ ਦੇ ਸ਼ਹੀਦ ਹੋਏ ਜਵਾਨਾਂ ਤੇ ਅਧਿਕਾਰੀਆਂ ਨੂੰ ਸ਼ਰਧਾਂਜਲੀ ਭੇਟ ਕਰ ਰਹੇ ਸਨ।

ਡਿਪਟੀ ਕਮਿਸ਼ਨਰ ਸਾਗਰ ਸੇਤੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇੰਚਾਰਜ ਜ਼ਿਲ੍ਹਾ ਤੇ ਸ਼ੈਸ਼ਨ ਜੱਜ ਬਿਸ਼ਨ ਸਰੂਪ, ਕਪਤਾਨ ਪੁਲਸ ਹੈਡਕੁਆਰਟਰ, ਕਪਤਾਨ ਪੁਲਿਸ ਇੰਨਵੈਸਟੀਗੇਸ਼ਨ, ਸਮੂਹ ਡੀ.ਐਸ.ਪੀਜ਼, ਸਮੂਹ ਐਸ.ਐਚ.ਓਜ਼, ਐਨ.ਜੀ.ਓਜ਼ ਅਤੇ ਸ਼ਹੀਦਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਸ਼ਹੀਦਾਂ ਦੀਆਂ ਫੋਟੋਆਂ ਤੇ ਫੱਲ ਮਾਲਾਵਾਂ ਭੇਟ ਕੀਤੀਆਂ।ਡੀ.ਐਸ.ਪੀ. (ਹ) ਮੋਗਾ ਜੋਰਾ ਸਿੰਘ ਵੱਲੋਂ ਪੁਲਸ ਦੀ ਟੁਕੜੀ ਸਮੇਤ ਸ਼ਹੀਦਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ ਤੇ 2 ਮਿੰਟ ਦਾ ਮੋਨ ਰੱਖ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰੋਗਰਾਮ 'ਚ ਪਿਛਲੇ ਇੱਕ ਸਾਲ ਦੇ ਦੌਰਾਨ ਦੇਸ਼ ਭਰ ਵਿੱਚ ਸ਼ਹੀਦ ਹੋਏ ਪੁਲਸ ਤੇ ਪੈਰਾ ਮਿਲਟਰੀ ਫੋਰਸ ਦੇ ਅਧਿਕਾਰੀਆਂ/ਕ੍ਰਮਚਾਰੀਆਂ ਦਾ ਨਾਂਅ ਪੜ੍ਹ ਕੇ ਉਨ੍ਹਾਂ ਨੂੰ ਯਾਦ ਕੀਤਾ ਗਿਆ।ਅਜੈ ਗਾਂਧੀ ਨੇ ਕਿਹਾ ਕਿ ਸ਼ਹੀਦੀ ਯਾਦਗਾਰੀ ਦਿਵਸ ਉਨ੍ਹਾਂ ਮਹਾਨ ਪੁਲਸ ਜਵਾਨਾਂ ਦੀ ਯਾਦ 'ਚ ਹਰ ਸਾਲ ਮਨਾਇਆ ਜਾਂਦਾ ਹੈ, ਜਿਨ੍ਹਾਂ 21 ਅਕਤੂਬਰ, 1959 ਨੂੰ ਲੱਦਾਖ ਦੇ ਹਾਟ ਸਪਰਿੰਗ ਵਿਖੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਦੇ ਹੋਏ ਸ਼ਹਾਦਤਾਂ ਦਿੱਤੀਆਂ।ਉਨ੍ਹਾਂ ਦੱਸਿਆ ਕਿ ਚੀਨ ਦੀ ਫੌਜ ਵੱਲੋਂ ਸਾਡੀ ਧਰਤੀ 'ਤੇ ਪੈਟਰੋਲਿੰਗ ਕਰ ਰਹੇ 20 ਜਵਾਨਾਂ 'ਤੇ ਅਚਾਨਕ ਹਮਲਾ ਕਰ ਦਿੱਤਾ ਗਿਆ ਸੀ, ਜਿਨ੍ਹਾਂ ਵਿੱਚੋਂ ਡੀ.ਐਸ.ਪੀ ਸਮੇਤ 10 ਜਵਾਨ ਸ਼ਹੀਦ ਹੋ ਗਏ ਸਨ ਤੇ ਬਾਕੀਆਂ ਨੂੰ ਬੰਦੀ ਬਣਾ ਲਿਆ ਗਿਆ ਸੀ।ਉਨ੍ਹਾਂ ਕਿਹਾ ਕਿ 21 ਅਕਤੂਬਰ, 1960 ਤੋਂ ਲਗਾਤਾਰ ਦੇਸ਼ ਭਰ 'ਚ ਇਨ੍ਹਾਂ ਮਹਾਨ ਸ਼ਹੀਦਾਂ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਖਾਤਰ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਪੁਲਸ ਤੇ ਪੈਰਾ ਮਿਲਟਰੀ ਫੋਰਸਾਂ ਦੇ ਸ਼ਹੀਦ ਜਵਾਨਾਂ ਨੂੰ ਯਾਦ ਕਰਨ ਲਈ ਸ਼ਰਧਾਂਜਲੀ ਸਮਾਗਮ ਕੀਤੇ ਜਾਂਦੇ ਹਨ ਤਾਂ ਜੁ ਪੁਲਸ ਦੇ ਜਵਾਨ ਤੇ ਲੋਕ ਇਨ੍ਹਾਂ ਸ਼ਹੀਦਾਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈ ਸਕਣ।

ਐਸ.ਐਸ.ਪੀ ਨੇ ਕਿਹਾ ਕਿ ਅੱਤਵਾਦ ਦੌਰਾਨ ਮੋਗਾ ਪੁਲਸ ਦੇ 39 ਜਵਾਨ ਸ਼ਹੀਦ ਹੋਏ ਸਨ, ਜਿਨ੍ਹਾਂ ਦੇ ਪਰਵਾਰ ਮੋਗਾ ਵਿਖੇ ਰਹਿ ਰਹੇ ਹਨ, ਜ਼ਿਲ੍ਹਾ ਪੁਲਸ ਹਮੇਸ਼ਾਂ ਉਨ੍ਹਾਂ ਨਾਲ ਖੜ੍ਹੀ ਹੈ। ਇਨ੍ਹਾਂ ਪਰਵਾਰਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾਂਦੀਆਂ ਹਨ।

# ਕਣਕ ਦੀ ਢੋਆ-ਢੁਆਈ ਦੀ ਅਦਾਇਗੀ ਨਾ ਹੋਣ ਕਾਰਨ ਟਰੱਕ ਅਪ੍ਰੇਟਰ ਨਿਰਾਸ਼

## 1.40 ਕਰੋੜ ਰੁਪਏ ਨਾ ਮਿਲਣ ਕਾਰਨ ਮਨਾਈ ਕਾਲੀ ਦੀਵਾਲੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਟਰੱਕ ਆਪ੍ਰੇਟਰ ਯੂਨੀਅਨ ਨਾਲ ਜੁੜੇ ਟਰੱਕ ਆਪ੍ਰੇਟਰਾਂ ਵੱਲੋਂ ਕਾਲੀ ਦੀਵਾਲੀ ਮਨਾਈ ਗਈ ਤੇ ਅਨਾਜ ਮੰਡੀ ਦੇ ਗੇਟ ਨੇੜੇ ਰੋਸ ਪ੍ਰਗਟ ਕੀਤਾ। ਟਰੱਕ ਯੂਨੀਅਨ ਦੇ ਆਗੂ ਸੁਖਵੀਰ ਸਿੰਘ ਕੰਗ, ਕ੍ਰਿਸ਼ਨ ਲਾਲ ਸਚਦੇਵਾ, ਜਸਵੀਰ ਸਿੰਘ ਟਾਂਡਾ ਕਾਲੀਆ, ਮਨੋਜ ਕੁਮਾਰ ਸਚਦੇਵਾ, ਅਮਨਦੀਪ ਸਿੰਘ ਰਾਣਵਾਂ, ਕਿਰਪਾਲ ਸਿੰਘ ਸੰਧਰ ਨੇ ਦੱਸਿਆ ਕਿ ਪਿਛਲੇ ਕਣਕ ਦੇ ਸੀਜਨ 'ਚ ਸੈਂਕੜੇ ਟਰੱਕ ਚਾਲਕਾਂ ਵੱਲੋਂ ਅਨਾਜ ਮੰਡੀ 'ਚੋਂ ਠੇਕੇਦਾਰ ਰਾਹੀਂ ਢੋਆ-ਢੁਆਈ ਦਾ ਕੰਮ ਕੀਤਾ ਸੀ। ਯੂਨੀਅਨ ਨਾਲ ਜੁੜੇ ਟਰੱਕ ਆਪ੍ਰੇਟਰਾਂ ਦੀ ਕਰੀਬ 1 ਕਰੋੜ 40 ਲੱਖ ਰੁਪਏ ਦੀ ਬਕਾਇਆ ਰਾਸ਼ੀ ਠੇਕੇਦਾਰ ਤੋਂ ਨਹੀਂ ਮਿਲੀ, ਜਿਸ ਕਾਰਨ ਉਹ ਮਾਯੂਸ ਹਨ। ਟਰੱਕ ਅਪ੍ਰੇਟਰਾਂ ਨੇ ਦੱਸਿਆ ਕਿ ਅਦਾਇਗੀ ਨਾ ਮਿਲਣ ਕਾਰਨ ਇਸ ਵਾਰ ਉਨ੍ਹਾਂ ਦੇ ਘਰਾਂ ਦੇ ਚੁੱਲ੍ਹੇ ਠੰਢੇ ਹਨ ਤੇ ਉਨ੍ਹਾਂ ਦੇ ਪਰਿਵਾਰ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹੋਏ ਪਏ ਹਨ। ਉਨ੍ਹਾਂ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਠੇਕੇਦਾਰ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ, ਜਿਸ ਤੋਂ ਬਾਅਦ ਉਨ੍ਹਾਂ ਦੀ ਇਹ ਅਦਾਇਗੀ ਨਹੀਂ ਹੋਈ। ਟਰੱਕ ਆਪ੍ਰੇਟਰਾਂ ਵੱਲੋਂ ਅਦਾਇਗੀ ਸਬੰਧਤ ਕਈ ਵਾਰ ਠੇਕੇਦਾਰ ਦੇ ਪਰਵਾਰ ਤੇ ਹਿੱਸੇਦਾਰ ਨਾਲ ਰਾਬਤਾ ਕਾਇਮ ਕੀਤਾ ਗਿਆ ਕਿ ਉਨ੍ਹਾਂ ਦੀ ਅਦਾਇਗੀ ਕਰ ਦਿੱਤੀ ਜਾਵੇ, ਪਰ ਕੋਈ ਮਸਲਾ ਹੱਲ ਨਾ ਹੋਇਆ।

ਇਸ ਤੋਂ ਇਲਾਵਾ ਉਨ੍ਹਾਂ ਵਲੋਂ ਪ੍ਰਸ਼ਾਸਨ ਤੇ ਸਬੰਧਤ ਵਿਭਾਗ ਨੂੰ ਵੀ ਲਿਖਤੀ ਰੂਪ ਵਿਚ ਸ਼ਿਕਾਇਤਾਂ ਦਿੱਤੀਆਂ, ਪਰ ਉਨ੍ਹਾਂ ਨੂੰ ਅਜੇ ਤੱਕ ਅਦਾਇਗੀ ਨਹੀਂ ਹੋਈ। ਟਰੱਕ ਆਪ੍ਰੇਟਰਾਂ ਨੇ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਜੋ ਵੀ ਉਨ੍ਹਾਂ ਦੀ ਅਦਾਇਗੀ ਹੈ ਉਹ ਤੁਰੰਤ ਕਰਾਈ ਜਾਵੇ ਤਾਂ ਜੁ ਉਨ੍ਹਾਂ ਵੱਲੋਂ ਜੋ ਟਰੱਕਾਂ ਦੀਆਂ ਕਿਸ਼ਤਾਂ ਦੇਣੀਆਂ, ਸਪੇਅਰ ਪਾਰਟਸ ਜਾਂ ਹੋਰ ਖਰਚੇ ਹਨ ਉਹ ਅਦਾ ਕਰ ਸਕਣ।

## ਡੀ ਐੱਮ ਗਰੁੱਪ ਕਰਾੜਵਾਲਾ ਦਾ ਨਤੀਜਾ ਸ਼ਾਨਦਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡੀ ਐੱਮ ਗਰੁੱਪ ਕਰਾੜਵਾਲਾ ਦੇ ਵਿਦਿਆਰਥੀਆਂ ਦਾ ਬੀ ਐੱਡ ਦੇ ਪਹਿਲੇ ਤੇ ਚੌਥੇ ਸਮੈਸਟਰ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਡੀ ਐੱਮ ਗਰੁੱਪ ਦੇ ਚੇਅਰਮੈਨ ਇੰਜ. ਅਵਤਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਬੀ ਐੱਡ ਦੇ ਚੌਥੇ ਸਮੈਸਟਰ ਦੀ ਵਿਦਿਆਰਥਣ ਜੋਤੀ ਤਿਵਾੜੀ ਨੇ 85%, ਮਨੀਸ਼ਾ ਰਾਣੀ ਨੇ 83%, ਲਵਪ੍ਰੀਤ ਕੌਰ ਨੇ 81%, ਮਾਇਆ ਨੇ 81%, ਹਰਪ੍ਰੀਤ ਕੌਰ ਨੇ 81 ਤੇ ਰਿਤਿਕਾ ਗਰਗ ਨੇ 80% ਅੰਕ ਕਾ ਹਾਸਲ ਕਰਕੇ ਆਪਣਾ ਨਾਮ ਇਸ ਸੂਚੀ ਵਿੱਚ ਦਰਜ ਕੀਤਾ।ਇਸ ਤੋਂ ਇਲਾਵਾ ਬੀ ਐੱਡ ਦੇ ਪਹਿਲੇ ਸਮੈਸਟਰ ਦੀ ਵਿਦਿਆਰਥਣ ਪ੍ਰੀਆ ਰਾਣੀ ਨੇ 79.8%, ਅਲੀਸ਼ਾ ਨੇ 79.6%, ਅਮਨਪ੍ਰੀਤ ਕੌਰ ਨੇ 78.6%, ਵਿਦਿਆਰਥੀ ਅਭਿਮਨੀਊ ਗਰਗ ਨੇ 78.2%, ਰਾਗਵ ਗੋਇਲ ਨੇ 78%, ਭਾਵਨਾ ਨੇ 77 ਤੇ ਸੰਦੀਪ ਕੌਰ ਨੇ 76.4 % ਅੰਕ ਹਾਸਲ ਕੀਤੇ।ਇਸ ਮੌਕੇ ਇੰਜ. ਢਿੱਲੋਂ ਨੇ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਤੇ ਸਮੇਂ ਦੇ ਹਾਣੀ ਅਧਿਆਪਕ ਪੈਦਾ ਕਰਨ ਲਈ ਸੰਸਥਾ ਹਮੇਸ਼ਾ ਹੀ ਵਚਨਬੱਧ ਹੈ ਅਤੇ ਅਖੀਰ ਵਿੱਚ ਉਨ੍ਹਾਂ ਕਾਲਜ ਦੇ ਪ੍ਰਿੰਸੀਪਲ, ਸੰਬੰਧਤ ਸਟਾਫ ਐ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

## ਸਰਸਵਤੀ ਮਾਡਲ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿੱਚ ਦਿਵਾਲੀ ਦਾ ਤਿਉਹਾਰ ਬੜੇ ਹੀ ਧੂਮ-ਧਾਮ ਨਾਲ ਮਨਾਇਆ ਗਿਆ। ਕਾਰਜ ਦੀ ਸ਼ੁਰੂਆਤ ਦਿਵਾਲੀ ਦੇ ਤਿਉਹਾਰ ਨਾਲ ਸੰਬੰਧਤ ਮਨਰੂਪ ਕੌਰ ਵੱਲੋਂ ਦਿੱਤੇ ਗਏ ਭਾਸ਼ਣ ਨਾਲ ਹੋਈ।ਇਸ ਮੌਕੇ ਗੋਵਰਧਨ ਪੂਜਾ ਦਾ ਤਿਉਹਾਰ ਵੀ ਮਨਾਇਆ ਗਿਆ, ਜਿਸ ਬਾਰੇ ਦਸਵੀਂ ਜਮਾਤ ਦੀ ਵਿਦਿਆਰਥਣ ਕਨਿਸ਼ਕਾ ਕਸ਼ਪ ਨੇ ਜਾਣਕਾਰੀ ਸਾਂਝੀ ਕੀਤੀ।ਪ੍ਰਾਇਮਰੀ ਵਰਗ ਦੇ ਵਿਦਿਆਰਥੀਆਂ ਵੱਲੋਂ ਦਿਵਾਲੀ ਨਾਲ ਸੰਬੰਧਤ ਸੁੰਦਰ ਕਵਿਤਾਵਾਂ ਸੁਣਾਈਆਂ ਗਈਆਂ।ਇਸ ਤੋਂ ਬਾਅਦ ਪਲੱਸ ਟੂ ਦੀ ਵਿਦਿਆਰਥਣ ਸਿਮਰਨ ਵੱਲੋਂ ਭਜਨ ਪੇਸ਼ ਕੀਤਾ ਗਿਆ।ਸੀਨੀਅਰ ਕਲਾਸ ਦੇ ਵਿਦਿਆਰਥੀਆਂ ਨੇ ਗਰੀਨ ਦਿਵਾਲੀ ਮਨਾਉਣ ਸਬੰਧੀ ਇੱਕ ਐਕਟ ਪੇਸ਼ ਕੀਤਾ, ਜਿਸ ਰਾਹੀਂ ਬੱਚਿਆਂ ਨੇ ਪ੍ਰਦੂਸ਼ਣ-ਮੁਕਤ ਦਿਵਾਲੀ ਮਨਾਉਣ ਦਾ ਸੰਦੇਸ਼ ਦਿੱਤਾ।ਅੰਤ ਵਿੱਚ ਰੰਗਾਰੰਗ ਪ੍ਰੋਗਰਾਮ ਤਹਿਤ ਛੇਵੀਂ ਤੇ ਸੱਤਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ 'ਵਧਾਈ ਹੋ, ਵਧਾਈ ਹੋ, ਦਿਵਾਲੀ ਕੀ ਵਧਾਈ ਹੋ' ਗੀਤ 'ਤੇ ਸੁੰਦਰ ਡਾਂਸ ਪੇਸ਼ ਕੀਤਾ ਗਿਆ।ਸਮਾਪਤੀ 'ਤੇ ਸਕੂਲ ਦੇ ਮੁਖੀ ਸ੍ਰੀ ਪ੍ਰੀਤਿਸ਼ ਗੁਸਾਈਂ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਦਿਵਾਲੀ ਦੀਆਂ ਵਧਾਈਆਂ ਦਿੱਤੀਆਂ ਤੇ ਬੱਚਿਆਂ ਨੂੰ ਪਟਾਕਿਆਂ ਨੂੰ ਸਾਵਧਾਨੀ ਨਾਲ ਚਲਾਉਣ ਲਈ ਪ੍ਰੇਰਿਤ ਕੀਤਾ।

## ਕਾਤਰਾਂ

### ਮਾ. ਕੁਲਦੀਪ ਸਿੰਘ ਕਮਲ ਨੂੰ ਕੀਤਾ ਜਾਵੇਗਾ ਸਨਮਾਨਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖ਼ਾਲਸਾ ਕਾਲਾਮਾਲਾ ਸਾਹਿਬ ਦੀ ਸਰਪ੍ਰਸਤੀ ਹੇਠ ਬਾਬਾ ਮੱਲ ਸਿੰਘ ਮੈਮੋਰੀਅਲ ਸਕੂਲ ਕਾਲਾਮਾਲਾ ਸਾਹਿਬ ਛਾਪਾ ਵਿਖੇ ਪ੍ਰਿੰਸੀਪਲ ਵਜੋਂ ਵਿਦਿਅਕ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸਿੱਖਿਆ ਵਿਭਾਗ 'ਚ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਵਿਖੇ ਹੈੱਡ ਮਾਸਟਰ ਵਜੋਂ ਵਧੀਆ ਸੇਵਾਵਾਂ ਨਿਭਾਉਣ ਤੇ ਸਟੇਟ ਐਵਾਰਡ ਪ੍ਰਾਪਤ ਕਰਕੇ ਨਾਂਅ ਰੌਸ਼ਨ ਕਰਨ ਵਾਲੇ ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਛਾਪਾ ਨੂੰ ਜਲਦ ਹੀ ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ( ਬਰਨਾਲਾ) ਵਿਖੇ ਕਰਵਾਏ ਜਾ ਰਹੇ ਸਨਮਾਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਐਵਾਰਡ ਭੇਟ ਕਰਕੇ ਸਨਮਾਨਤ ਕੀਤਾ ਜਾਵੇਗਾ।ਇਹ ਜਾਣਕਾਰੀ ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖ਼ਾਲਸਾ ਕਾਲਾਮਾਲਾ ਸਾਹਿਬ ਦੇ ਚਰਨ ਸੇਵਕ ਕੈਨੇਡਾ ਵਾਸੀ ਭਾਈ ਮਨਜੀਤ ਸਿੰਘ ਲੋਹਟਬੱਦੀ ਨੇ ਦਿੱਤੀ।ਉਨ੍ਹਾਂ ਕਿਹਾ ਕਿ ਸੰਤ ਜਸਵੀਰ ਸਿੰਘ ਖ਼ਾਲਸਾ ਨੇ ਹਮੇਸ਼ਾ ਹੀ ਨਿਮਾਣੇ ਦੱਬੇ ਕੁਚਲੇ ਲੋਕਾਂ ਅਥਾਹ ਪਿਆਰ ਬਖਸ਼ਿਆ।

### ਬਾਬਾ ਵਿਸ਼ਵਕਰਮਾ ਤੇ ਭਾਈ ਲਾਲੋ ਦੀ ਯਾਦ 'ਚ ਧਾਰਮਿਕ ਸਮਾਗਮ ਅੱਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਸਮੂਹ ਰਾਮਗੜ੍ਹੀਆ ਭਾਈਚਾਰੇ ਵੱਲੋਂ ਲੋਕਲ ਗੁਰਦੁਆਰਾ ਸਾਹਿਬ ਕਮੇਟੀ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਬਾਬਾ ਵਿਸ਼ਵਕਰਮਾ ਤੇ ਕਿਰਤੀ ਭਾਈ ਲਾਲੋ ਦੀ ਮਿੱਠੀ ਯਾਦ 'ਚ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਾਇਆ ਜਾ ਰਿਹਾ ਹੈ।ਪ੍ਰਬੰਧਕਾਂ ਅਨੁਸਾਰ ਇਸ ਸਬੰਧੀ ਪ੍ਰਕਾਸ਼ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 22 ਅਕਤੂਬਰ ਨੂੰ ਸਵੇਰੇ 6-30 ਵਜੇ ਪਾਏ ਜਾਣਗੇ।ਇਸ ਮੌਕੇ ਪ੍ਰਸਿੱਧ ਰਾਗੀ ਭਾਈ ਜਗਸੀਰ ਸਿੰਘ ਖ਼ਾਲਸਾ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।ਪ੍ਰਬੰਧਕਾਂ ਨੇ ਸਮੂਹ ਸੰਗਤਾਂ ਨੂੰ ਇਹ ਧਾਰਮਿਕ ਸਮਾਗਮ ਸਮੇਂ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚਣ ਦੀ ਅਪੀਲ ਕੀਤੀ ਹੈ।

### ਧਨਵੰਤਰੀ ਦਾ ਜਨਮ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਵਾਈਆਂ ਦੇ ਦੇਵਤਾ ਭਗਵਾਨ ਧਨਵੰਤਰੀ ਜੀ ਦਾ ਜਨਮ ਦਿਵਸ ਨੈਸ਼ਨਲ ਇੰਟੀਗਰੇਟਿਡ ਮੈਡੀਕਲ ਐਸੋਸੀਏਸ਼ਨ ਫਿਰੋਜ਼ਪੁਰ ਸ਼ਹਿਰ ਵੱਲੋਂ ਮੰਦਰ ਨਿਰਧਨ ਨਿਕੇਤਨ ਵਿਖੇ ਮਨਾਇਆ ਗਿਆ। ਡਾ. ਰਾਕੇਸ਼ ਗਰੋਵਰ ਨੇ ਦੱਸਿਆ ਕਿ ਸਮੂਹ ਮੈਂਬਰਾਂ ਵੱਲੋਂ ਭਗਵਾਨ ਧਨਵੰਤਰੀ ਜੀ ਦਾ ਪ੍ਰਕਾਸ਼ ਕੀਤਾ ਗਿਆ। ਡਾ. ਦਲਜੀਤ ਸਿੰਘ ਪ੍ਰਧਾਨ ਐੱਨ ਆਈ ਐੱਮ ਏ ਵੱਲੋਂ ਸਾਰਿਆਂ ਦੀ ਚੰਗੀ ਸਿਹਤ ਲਈ ਪ੍ਰਾਰਥਣਾ ਕੀਤੀ ਗਈ। ਉਨ੍ਹਾਂ ਹਾਜ਼ਰ ਸਾਰੇ ਡਾਕਟਰਾਂ ਨੂੰ ਤਨਦੇਹੀ ਨਾਲ ਮਰੀਜ਼ਾਂ ਦੀ ਸੇਵਾ ਕਰਨ ਤੇ ਇੱਕ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਗਰੀਨ ਦੀਵਾਲੀ ਮਨਾਉਣ ਤੇ ਪੌਦੇ ਲਗਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਸਮੂਹ ਮੈਂਬਰਾਂ ਵੱਲੋਂ ਝੁੱਗੀਆਂ ਝੌਂਪੜੀਆਂ ਵਿੱਚ ਜਾ ਕੇ ਕੇਲੇ ਵੰਡੇ ਤੇ ਭਗਵਾਨ ਧਨਵੰਤਰੀ ਜੀ ਦੇ ਜਨਮ ਦਿਨ ਦੀ ਵਧਾਈ ਦਿੱਤੀ। ਇਸ ਮੌਕੇ ਡਾ. ਦਲਜੀਤ ਸਿੰਘ, ਡਾ. ਪ੍ਰਵੀਨ ਗੋਇਲ, ਡਾ. ਚੰਦਰਭਾਨ ਢੱਲ, ਡਾ. ਰਾਜ ਕੁਮਾਰ ਧਵਨ, ਡਾ. ਸੰਜੀਵ ਤ੍ਰੇਹਨ, ਡਾ. ਸੁਭਾਸ਼ ਗੁੰਬਰ, ਡਾ. ਹੇਮ ਸੇਠੀ, ਡਾ. ਗੁਰਦੇਵ ਸਿੰਘ, ਡਾ. ਰਮਨ ਬਜਾਜ, ਡਾ. ਰਾਕੇਸ਼ ਅਗਰਵਾਲ, ਡਾ. ਸੌਰਭ ਢੱਲ, ਡਾ. ਲਲਿਤ ਨਾਗਾਪਾਲ, ਡਾ. ਸ਼ਿਵਲਕਸ਼ਨਾ ਸੌਂਗੀ, ਡਾ. ਦਿਨੇਸ਼ ਸ਼ਰਮਾ, ਡਾ. ਏਕਾਂਤ ਮਲੀ ਤੇ ਸਵਿਤਾ ਅਗਰਵਾਲ ਹਾਜ਼ਰ ਸਨ।

## ਦੀਵਾਲੀ ਖੁਸ਼ੀਆਂ ਤੇ ਭਾਈਚਾਰਕ ਸਾਂਝ ਨਾਲ ਮਨਾਉਣਾ ਚਾਹੀਦੀ : ਸਿਮਰਨਜੀਤ ਗਿੱਲ



**ਕੋਟ ਈਸੇ ਖਾਂ (ਅਰੋੜਾ)**-ਰੌਸ਼ਨੀਆਂ ਨਾਲ ਭਰਿਆ ਤਿਉਹਾਰ ਦੀਵਾਲੀ, ਜਿਸ ਦੀ ਹਰ ਇੱਕ ਨੂੰ ਉਡੀਕ ਹੁੰਦੀ ਹੈ, ਕਿਉਂਕਿ ਇਹ ਤਿਉਹਾਰ ਸਿਰਫ ਰੌਸ਼ਨੀ ਦਾ ਹੀ ਨਹੀ, ਸਗੋਂ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਨੂੰ ਵਧਾਉਂਦਾ ਹੈ। ਇਸ ਦਿਨ ਲੋਕ ਆਪਸ ਵਿੱਚ ਮਿਲਦੇ-ਜੁਲਦੇ ਹਨ ਤੇ ਮਠਿਆਈਆਂ ਦਾ ਅਦਾਨ-ਪ੍ਰਦਾਨ ਕਰਕੇ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਦੇ ਹਨ।ਇਨ੍ਹਾ ਗੱਲਾਂ ਦਾ ਪ੍ਰਗਟਾਵਾ ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ, ਮਾਡਰਨ ਈਰਾ ਬਿਲਡਿੰਗ ਪਲੈਨਰ ਦੇ ਮਾਲਕ ਹਰਜਿੰਦਰ ਸਿੰਘ ਸੋਨੂੰ, ਮਾਸਟਰ ਤੇ ਅੱਖਰਕਾਰ ਯੋਗੇਸ਼ ਠਾਕੁਰ, ਮਾਸਟਰ ਸਵਰਨਜੀਤ ਸਿੰਘ, ਕਰਨਪਾਲ ਸਿੰਘ ਭੁੱਲਰ ਸਮਾਜ ਸੇਵੀ, ਮਨੋਜ ਮਿਸ਼ਰਾ ਸਮਾਜਸੇਵੀ, ਗੁਰਵੰਤ ਸਿੰਘ ਵਿਰਕ ਗੁਰੂ ਨਾਨਕ ਕੰਪਿਊਟਰ ਅਕੈਡਮੀ, ਰਘਬੀਰ ਸਿੰਘ ਸਮਾਜਸੇਵੀ, ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ ਬੀਕੇਯੂ ਬਹਿਰਾਮਕੇ, ਸਮਾਜਸੇਵੀ ਠੇਕੇਦਾਰ ਦਲਜੀਤ ਸਿੰਘ ਬਿੱਟੂ ਅਤੇ ਬਾਦਲ ਸੰਧੂ, ਮਾ. ਪਲਵਿੰਦਰ ਸਿੰਘ ਘਲੋਟੀ ਆਦਿ ਨੇ ਪ੍ਰੈਸ ਨਾਲ ਸਾਂਝੇ ਕੀਤੇ।ਸਮਾਜ ਸੇਵੀਆਂ ਨੇ ਕਿਹਾ ਕਿ ਦੀਵਾਲੀ ਵਾਲੇ ਦਿਨ ਲੋਕਾਂ ਨੂੰ ਪ੍ਰਦੂਸ਼ਨ ਵਗੈਰਾ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਤੇ ਹੋ ਸਕੇ ਤਾਂ ਸਾਨੂੰ ਗ੍ਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਅਤੇ ਹੋਰਨਾਂ ਨੂੰ ਵੀ ਗ੍ਰੀਨ ਦੀਵਾਲੀ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜਿਸ ਵਿੱਚ ਆਲਾ-ਦੁਆਲਾ ਹਰਿਆ-ਭਰਿਆ ਰੱਖਣਾ, ਪੌਦੇ ਲਾਉਣਾ, ਘਰਾਂ ਦੀ ਸਜਾਵਟ ਕਰਨਾ, ਲੋੜਵੰਦਾਂ ਦੀ ਮਦਦ ਕਰਨਾ ਤੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣਾ ਹੈ।

# ਨਿਰਾਸ਼ ਰੋਡਵੇਜ਼ ਕਾਮਿਆਂ ਨੇ ਮਨਾਈ ਕਾਲੀ ਦੀਵਾਲੀ

**ਮੋਗਾ (ਇਕਬਾਲ ਸਿੰਘ ਖਹਿਰਾ)**

ਰੋਡਵੇਜ਼ ਕਾਮਿਆਂ ਦੀ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਇਕੱਤਰਤਾ ਸ਼ਹੀਦ ਨੱਛਤਰ ਧਾਲੀਵਾਲ ਭਵਨ ਵਿਖੇ ਹੋਈ।ਸੂਬਾ ਆਗੂ ਜਗਦੀਸ਼ ਚਾਹਲ ਤੇ ਗੁਰਜੰਟ ਕੋਕਰੀ ਵੱਲੋਂ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਬਾਰੇ ਜਿਥੇ ਨਿਰਾਸ਼ਾ ਜ਼ਾਹਰ ਕੀਤੀ ਗਈ, ਉਥੇ ਸਖ਼ਤ ਵਿਰੋਧ ਵੀ ਕੀਤਾ ਗਿਆ।

ਮੁਲਾਜ਼ਮਾਂ ਨੂੰ ਪੂਰੀ ਉਮੀਦ ਸੀ ਕਿ ਦਿਵਾਲੀ ਮੌਕੇ ਸਰਕਾਰ ਡੀ.ਏ. ਦੀ ਕਿਸ਼ਤ ਦਾ ਐਲਾਨ ਕਰੇਗੀ ਜਾਂ ਮੁਲਾਜ਼ਮਤ ਦੇ ਹੱਕ ਵਿੱਚ ਕੋਈ ਠੋਸ ਨੀਤੀ ਲੈ ਕੇ ਆਵੇਗੀ, ਪਰ ਸਰਕਾਰ ਇਸ ਮਾਮਲੇ ਤੇ ਬਿਲਕੁਲ ਹੀ ਖਾਮੋਸ਼ ਰਹੀ। ਪਿਛਲੇ ਚਾਰ ਸਾਲਾਂ ਵਿੱਚ ਭਗਵੰਤ ਮਾਨ ਸਰਕਾਰ ਵੱਲੋਂ ਇੱਕ ਵੀ ਨਵੀਂ ਬੱਸ ਵਿਭਾਗ ਵਿੱਚ ਨਹੀਂ ਪਾਈ ਗਈ, ਜਿਸ ਕਰਕੇ ਔਰਤਾਂ ਨੂੰ ਦਿੱਤੀ ਜਾ ਰਹੀ ਮੁਫ਼ਤ ਸਫ਼ਰ ਸਹੂਲਤ ਬੰਦ ਹੁੰਦੀ ਨਜ਼ਰ ਆ ਰਹੀ ਹੈ। ਇਸੇ ਸਹੂਲਤ ਦੇ ਕਰੋੜਾਂ ਰੁਪਏ ਸਰਕਾਰ ਵੱਲ ਬਕਾਇਆ ਖੜੇ ਹਨ। ਡਿਪੂਆਂ ਦੀਆਂ ਵਰਕਸ਼ਾਪਾਂ ਤਕਰੀਬਨ ਡਿੱਗਣ ਕਿਨਾਰੇ ਹਨ, ਪਰ ਰਿਪੇਅਰ ਲਈ ਕੋਈ ਫੰਡ ਨਹੀਂ ਦਿੱਤਾ ਜਾ ਰਿਹਾ ਤੇ ਮੁਲਾਜ਼ਮ ਉਨ੍ਹਾਂ ਮਾਰੂ ਹਾਲਤਾਂ ਵਿੱਚ ਹੀ ਕੰਮ ਕਰਨ ਲਈ ਮਜਬੂਰ ਹਨ। 2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਲਾਗੂ ਕਰਨੀ ਇਸ ਪਾਰਟੀ ਦੀ ਪ੍ਰਮੁੱਖ ਗਰੰਟੀ ਸੀ, ਪਰ 4 ਸਾਲਾਂ ਵਿੱਚ ਕੁਝ ਕ ਮੀਟਿੰਗਾਂ ਕਰਕੇ ਕੇਵਲ ਸਮਾਂ ਹੀ ਲੰਘਾਇਆ ਗਿਆ ਹੈ।ਕੱਚੇ ਮੁਲਾਜ਼ਮ ਭਾਰੀ ਨਿਰਾਸ਼ਾ ਵਿੱਚ ਹਨ।ਇਸ ਦਿਵਾਲੀ ਤੇ ਆਸ ਸੀ ਕਿ ਸਰਕਾਰ ਆਪਣੇ ਮੁਲਾਜ਼ਮਾਂ ਲਈ ਕੋਈ ਵਿੱਤੀ ਐਲਾਨ ਕਰੇ ਤਾਂ ਜੁ ਉਹ ਦੀਵਾਲੀ ਵੀ ਖੁਸ਼ੀਆਂ ਨਾਲ ਮਨਾ ਸਕਣ ਤੇ ਇਸ ਲੱਕ ਤੋੜ ਮਹਿੰਗਾਈ ਵਿੱਚ ਆਪਣੇ ਪਰਿਵਾਰ ਪਾਲ ਸਕਣ ਪਰ ਆਮ ਆਦਮੀ ਹੁਣ ਏਨੇ ਖ਼ਾਸ ਬਣ ਚੁੱਕੇ ਹਨ ਕਿ ਉਨ੍ਹਾਂ ਦਾ ਮੁਲਾਜ਼ਮ ਤੇ ਹੇਠਲੇ ਤਬਕੇ ਦੀਆਂ ਮੁਸ਼ਕਲਾਂ ਨਾਲ ਉਹ ਵਾਸਤਾ ਨਹੀਂ ਰਿਹਾ, ਜੋ ਸੱਤਾ ਵਿੱਚ ਆਉਣ ਤੋਂ ਪਹਿਲਾਂ ਸੀ।ਟਰਾਂਸਪੋਰਟ ਮੰਤਰੀ ਤਾਂ ਇਸ ਹੱਦ ਤੱਕ ਵੋਟਾਂ ਦਾ ਧਰੁਵੀਕਰਨ ਲਾਗੂ ਕਰਨ ਲਈ ਬਜ਼ਿੱਦ ਹਨ ਕਿ ਇਸ ਸਾਲ ਮੁਲਾਜ਼ਮਾਂ ਦੀਆਂ ਬਦਲੀਆਂ ਹੀ ਨਹੀਂ ਕੀਤੀਆਂ ਗਈਆਂ, ਕਿਉਂਕਿ ਉਨ੍ਹਾਂ ਮੁਲਾਜ਼ਮਾਂ ਦੀਆਂ ਅਰਜ਼ੀਆਂ ਤੇ ਝਾੜੂ ਪਾਰਟੀ ਦੇ ਵਿਧਾਇਕਾਂ ਦੇ ਦਸਤਖਤ ਨਹੀਂ ਸਨ। ਮੁਲਾਜ਼ਮਾਂ ਦੀਆਂ ਬਦਲੀਆਂ ਵਿਭਾਗੀ ਮਸਲਾ ਹੈ, ਜੋ ਮਹਿਕਮੇ ਦੇ ਉਚ ਅਧਿਕਾਰੀਆਂ ਵੱਲੋਂ ਨਿਰੰਤਰਤਾ ਵਿੱਚ ਕੀਤਾ ਜਾਂਦਾ ਹੈ, ਪਰ ਝਾੜੂ ਪਾਰਟੀ ਇਸ ਨੂੰ ਵੀ ਰਾਜਨੀਤਕ ਏਜੰਡਾ ਬਣਾਈ ਬੈਠੀ ਹੈ।



## ਹੈਲਿਕਸ ਸਕੂਲ ਵੱਲੋਂ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਹੈਲਿਕਸ ਆਕਸਫੋਰਡ ਸਮਾਰਟ ਸਕੂਲ ਪਾਤੜਾਂ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਦਾਖਲੇ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੌਰਾਨ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ 'ਕੌਫੀ ਪ੍ਰਿੰਸੀਪਲ ਦੇ ਨਾਲ' ਦੇ ਨਾਂ ਹੇਠ ਪ੍ਰੋਗਰਾਮ ਕੀਤਾ ਗਿਆ।ਪ੍ਰਿੰਸੀਪਲ ਮੈਡਮ ਵੱਲੋਂ ਨਿੱਜੀ ਤੌਰ 'ਤੇ ਕੌਫੀ ਦੀ ਸਾਂਝ ਕਰਦੇ ਹੋਏ ਵਿਦਿਆਰਥੀਆਂ ਨੂੰ ਆਪਣੇ ਬਰਾਬਰ ਦੀ ਪਦਵੀ ਹੋਣ ਦਾ ਅਹਿਸਾਸ ਕਰਵਾਇਆ।ਇਸ ਦੌਰਾਨ ਵਿਦਿਆਰਥੀਆਂ ਨੇ ਆਪਣੇ ਅਧਿਆਪਕਾਂ ਤੇ ਦੋਸਤਾਂ ਨਾਲ ਮਿਲ ਕੇ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ।ਇਸ ਸਮਾਗਮ ਵਿੱਚ 28 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਐੱਮਬੀਬੀਐੱਸ ਦੇ 6, ਇੰਜੀਨੀਅਰਿੰਗ ਖੇਤਰ ਦੇ 3, ਆਈਆਈਟੀ ਦੇ 4, ਐੱਨਆਈਟੀ ਦੇ 4, ਸੀਏ ਤੇ ਲਾਅ ਦੇ 11 ਵਿਦਿਆਰਥੀ ਸ਼ਾਮਲ ਸਨ।ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਬੰਧਕਾਂ ਤੇ ਸਟਾਫ ਵੱਲੋਂ ਪੂਰੀ ਗਰਮਜੋਸ਼ੀ ਨਾਲ ਸਵਾਗਤ ਕਰਕੇ ਹੋਈ।ਉਪਰੋਕਤ ਵਿਦਿਆਰਥੀਆਂ ਦੇ ਨਾਲ-ਨਾਲ ਜਿਹੜੇ ਵੱਖ-ਵੱਖ ਖੇਤਰਾਂ 'ਚ ਵਧੀਆ ਸਫਲਤਾਵਾਂ ਹਾਸਲ ਕਰ ਚੁੱਕੇ ਸਨ, ਉਨ੍ਹਾਂ ਨੇ ਵੀ ਸਕੂਲ ਵੱਲੋਂ ਸਨਮਾਨਤ ਚਿੰਨ੍ਹ ਪ੍ਰਾਪਤ ਕੀਤੇ।ਪ੍ਰਿੰਸੀਪਲ ਅਮਰਜੋਤ ਕੌਰ ਹਰੀਕਾ ਨੇ ਵਿਦਿਆਰਥੀਆਂ ਦੀਆਂ ਸਫਲਤਾਵਾਂ 'ਤੇ ਮਾਣ ਜਤਾਇਆ ਤੇ ਡਾਇਰੈਕਟਰ ਮੈਡਮ ਦਵਿੰਦਰ ਕੌਰ ਨੇ ਉਨ੍ਹਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਅਜੇ ਵੀ ਸਕੂਲ ਦੇ ਨਾਮ ਨੂੰ ਉੱਚਾ ਰੱਖ ਰਹੇ ਹਨ।ਵਾਇਸ ਪ੍ਰਿੰਸੀਪਲ ਮੈਡਮ ਮੰਨਤ ਕੌਰ ਹਰੀਕਾ ਨੇ ਸਕੂਲ ਦੇ ਉਸਾਰੀ ਅਧੀਨ ਚੱਲ ਰਹੇ ਕਾਰਜਾਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਉਕਤ ਕਾਰਜ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਲਾਹੇਵੰਦ ਹੋਣਗੇ।

# ਪੈਨਸ਼ਨਰਜ਼ ਐਸੋਸੀਏਸ਼ਨ ਵੈੱਲਫੇਅਰ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**

ਪੈਨਸ਼ਨਰਜ਼ ਐਸੋਸੀਏਸ਼ਨ ਵੈਲਫੇਅਰ ਸੁਸਾਇਟੀ ਮਾਨਸਾ ਦੀ ਮਹੀਨਾਵਾਰ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ।ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਇੱਕ ਦੂਜੇ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੰਦਿਆਂ ਰਲ ਮਿਲ ਕੇ ਤੇ ਖੁਸ਼ੀ ਖੁਸ਼ੀ ਦੋਵੇਂ ਤਿਉਹਾਰ ਮਿਠਾਈਆਂ ਵੰਡ ਕੇ ਮਨਾਏ।ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਪਰਵਾਰ 'ਚੋਂ ਸਦੀਵੀ ਵਿਛੋੜਾ ਦੇ ਗਏ ਕੁੱਝ ਮੈਂਬਰਾਂ ਅਤੇ ਉਨ੍ਹਾਂ ਦੇ ਨੇੜਲੇ ਰਿਸ਼ਤੇਦਾਰਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਵੀ ਅਰਪਿਤ ਕੀਤੀ ਗਈ।ਪ੍ਰਧਾਨ ਘਰਾਗਣਾਂ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਨਵੀਂ ਸਥਾਪਤ ਹੋਈ ਲਾਇਬ੍ਰੇਰੀ ਦੀ ਹਾਜ਼ਰੀਨ ਨੂੰ ਵਧਾਈ ਦਿੰਦਿਆਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ ਦਾ ਧੰਨਵਾਦ ਵੀ ਕੀਤਾ।ਉਨ੍ਹਾਂ ਜ਼ਿੰਮੇਵਾਰ ਸਾਥੀਆਂ ਨੂੰ ਨਵੀਂ ਮੈਂਬਰਸ਼ਿਪ ਕਰਨ ਤੇ ਬਕਾਇਆ ਸਾਲਾਨਾ ਫੰਡ ਇਕੱਤਰ ਕਰਨ ਲਈ ਸੁਹਿਰਦਤਾ ਨਾਲ ਯਤਨ ਕਰਨ ਦੀ ਅਪੀਲ ਵੀ ਕੀਤੀ। ਇਸ ਤੋਂ ਇਲਾਵਾ 17 ਦਸੰਬਰ ਨੂੰ ਆ ਰਹੇ ਪੈਨਸ਼ਨਰਜ਼ ਦਿਵਸ ਸਬੰਧੀ ਪ੍ਰੋਗਰਾਮ ਉਲੀਕਣ ਤੇ ਉਸ ਦਿਨ ਕਿਸੇ ਵਿਦਵਾਨ ਮਹਿਮਾਨ ਨੂੰ ਬੁਲਾਉਣ ਸਬੰਧੀ ਚਰਚਾ ਕਰਦਿਆਂ ਸੁਝਾਅ ਵੀ ਮੰਗੇ ਗਏ।ਮੀਟਿੰਗ ਦੌਰਾਨ ਪਹਿਲਾਂ ਕੀਤੇ ਗਏ ਫੈਸਲੇ ਅਨੁਸਾਰ ਹੜ੍ਹ ਪੀੜਤ ਪਰਵਾਰਾਂ ਦੀ ਆਰਥਿਕ ਸਹਾਇਤਾ ਲਈ ਫੰਡ ਇਕੱਤਰ ਕਰਨ ਦੀ ਜੋ ਮੁਹਿੰਮ ਚਲਾਈ ਜਾ ਰਹੀ, ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਸਾਰੇ ਮੈਂਬਰ ਸਾਹਿਬਾਨਾਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਕਾਰਜਕਾਰਨੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ ਆਪਣੀ ਜ਼ਿੰਮੇਵਾਰੀ ਸਮਝਦਿਆਂ ਤੁਰੰਤ ਫੰਡ ਜਮ੍ਹਾਂ ਕਰਾਉਣ ਦੀ ਖੇਚਲ ਕਰਨ ਤਾਂ ਜੁ ਰਾਸ਼ੀ ਅੱਗੇ ਲੋੜਵੰਦਾਂ ਲਈ ਭੇਜੀ ਜਾ ਸਕੇ।ਮੰਚ ਸੰਚਾਲਨ ਦੀ ਜ਼ਿੰਮੇਵਾਰੀ ਅਜਾਇਬ ਸਿੰਘ ਅਲੀਸ਼ੇਰ ਵੱਲੋਂ ਬਾਖੂਬੀ ਨਿਭਾਈ ਗਈ।

# ਕਮਿਊਨਿਟੀ ਹਾਲ ਦੀ ਉਸਾਰੀ ਸੰਬੰਧੀ ਵਿਵਾਦ ਨਰਮ ਨਹੀਂ ਪੈ ਰਿਹਾ

**ਧੂਰੀ (ਮਨੋਹਰ ਸਿੰਘ ਸੱਗੂ)**

ਰਾਮਬਾਗ ਪ੍ਰਬੰਧਕ ਕਮੇਟੀ ਤੇ ਰਾਮਬਾਗ ਪਾਰਕ ਬਚਾਓ ਸ਼ੰਘਰਸ਼ ਕਮੇਟੀ ਦਰਮਿਆਨ ਕਮਿਊਨਿਟੀ ਹਾਲ ਦੀ ਉਸਾਰੀ ਨੂੰ ਲੈ ਕੇ ਚੱਲ ਰਿਹਾ ਵਿਵਾਦ ਨਰਮ ਹੁੰਦਾ ਨਜ਼ਰ ਨਹੀਂ ਆ ਰਿਹਾ।ਰਾਮਬਾਗ ਪ੍ਰਬੰਧਕ ਕਮੇਟੀ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਹਾਲ ਉਸਾਰਿਆ ਜਾ ਰਿਹਾ ਹੈ।ਦੂਜੇ ਪਾਸੇ ਪਾਰਕ ਬਚਾਓ ਸ਼ੰਘਰਸ਼ ਕਮੇਟੀ ਦਾ ਦੋਸ਼ ਹੈ ਕਿ ਰਾਮਬਾਗ ਕਮੇਟੀ ਵੱਲੋਂ ਹਾਲ ਦੀ ਉਸਾਰੀ ਦੇ ਮਾਮਲੇ 'ਚ ਕਥਿਤ ਤੌਰ 'ਤੇ ਉਸਾਰੀ ਨਿਯਮਾਂ ਤੇ ਹਦਾਇਤਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।

ਰਾਮਬਾਗ ਪਾਰਕ ਬਚਾਓ ਸ਼ੰਘਰਸ਼ ਕਮੇਟੀ ਦੇ ਮੈਂਬਰਾਂ ਰਜਿੰਦਰ ਸਿੰਘ ਹੈਪੀ ਖੀਪਲ , ਅਵਤਾਰ ਸਿੰਘ ਅਤੇ ਬਿੱਕਰ ਸਿੰਘ ਨੇ ਪ੍ਰਬੰਧਕਾਂ 'ਤੇ ਹਾਲ ਦੀ ਉਸਾਰੀ 'ਚ ਸਰਕਾਰੀ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰਬੰਧਕਾਂ ਵੱਲੋਂ ਨਾ ਹੀ ਹਾਲ ਦੀ ਉਸਾਰੀ ਸਬੰਧੀ ਨਕਸ਼ਾ ਪਾਸ ਕਰਵਾਇਆ ਗਿਆ ਤੇ ਨਾ ਹੀ ਪਾਰਕਿੰਗ ਦਾ ਪ੍ਰਬੰਧ ਹੈ ਤੇ ਨਾ ਹੀ ਜਗ੍ਹਾ ਦੀ ਵਰਤੋਂ ਲਈ ਤਬਦੀਲੀ (ਸੀ ਐਲ ਯੂ) ਕਰਾਈ ਗਈ ਹੈ, ਸਗੋਂ ਕਥਿਤ ਤੌਰ 'ਤੇ ਗ਼ੈਰ ਕਾਨੂੰਨੀ ਤਰੀਕੇ ਨਾਲ ਹਾਲ ਦੀ ਉਸਾਰੀ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸੰਘਰਸ਼ ਕਮੇਟੀ ਵੱਲੋਂ ਡੀ ਸੀ ਸੰਗਰੂਰ ਨੂੰ ਹਾਲ ਦੀ ਕਥਿਤ ਤਰੀਕੇ ਨਾਲ ਕੀਤੀ ਜਾ ਰਹੀ ਉਸਾਰੀ ਸਬੰਧੀ ਮੰਗ ਪੱਤਰ ਸੌਂਪਿਆ ਗਿਆ ਸੀ, ਜਿਸ 'ਤੇ ਕਾਰਵਾਈ ਕਰਦਿਆਂ ਡੀ ਸੀ ਵੱਲੋਂ ਐਸ ਡੀ ਐਮ ਨੂੰ ਮਾਮਲੇ ਦੀ ਜਾਂਚ ਕਰਕੇ ਤਿੰਨ ਹਫ਼ਤਿਆਂ 'ਚ ਰਿਪੋਰਟ ਦੇਣ ਲਈ ਕਿਹਾ ਗਿਆ ਸੀ, ਜਿਸ ਦੇ ਆਧਾਰ 'ਤੇ ਪ੍ਰਸ਼ਾਸਨ ਵੱਲੋਂ ਸੰਘਰਸ਼ ਕਮੇਟੀ ਦੇ ਮੈਂਬਰਾਂ ਤੇ ਰਾਮਬਾਗ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਦੇ ਬਿਆਨ ਦਰਜ ਕੀਤੇ ਗਏ।

ਸੰਘਰਸ਼ ਕਮੇਟੀ ਦੇ ਮੈਂਬਰਾਂ ਅਨੁਸਾਰ ਨਗਰ ਕੌਂਸਲ ਵੱਲੋਂ ਰਾਮਬਾਗ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਇੱਕ ਨੋਟਿਸ ਜਾਰੀ ਕਰਕੇ ਹਦਾਇਤ ਕੀਤੀ ਗਈ ਹੈ ਕਿ ਨਕਸ਼ਾ ਪਾਸ ਹੋਣ ਤੱਕ ਕਮਿਊਨਿਟੀ ਹਾਲ ਦੀ ਉਸਾਰੀ ਰੋਕ ਦਿੱਤੀ ਜਾਵੇ।

ਰਾਮਬਾਗ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਪਵਨ ਕੁਮਾਰ ਗਰਗ ਅਤੇ ਜਨਰਲ ਸਕੱਤਰ ਐਡਵੋਕੇਟ ਰਾਜ ਕੁਮਾਰ ਸਿੰਗਲਾ ਦਾ ਕਹਿਣਾ ਹੈ ਕਿ ਹਾਲ ਦੀ ਉਸਾਰੀ ਨਿਯਮਾਂ ਤੇ ਸਰਕਾਰੀ ਹਦਾਇਤਾਂ ਅਨੁਸਾਰ ਕਰਵਾਈ ਜਾ ਰਹੀ ਹੈ।ਨਕਸ਼ਾ ਪਾਸ ਕਰਾਉਣ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਹਾਲ ਦੀ ਉਸਾਰੀ ਸਬੰਧੀ ਸਰਕਾਰੀ ਗ੍ਰਾਂਟ ਲੈਣ ਤੋਂ ਪਹਿਲਾਂ ਬਕਾਇਦਾ ਸਰਕਾਰ ਨੂੰ ਪੂਰੀ ਪ੍ਰੋਜੈਕਟ ਰਿਪੋਰਟ ਬਣਾਕੇ ਭੇਜੀ ਗਈ ਸੀ ਤੇ ਉਸਾਰੀ 'ਚ ਫਾਇਰ ਸੇਫ਼ਟੀ ਸਬੰਧੀ ਨਿਯਮ ਅਪਣਾਏ ਜਾ ਰਹੇ ਹਨ ਤੇ ਪਾਰਕਿੰਗ ਦਾ ਪੂਰਾ ਪ੍ਰਬੰਧ ਹੈ।ਜ਼ਮੀਨੀ ਵਿਵਾਦ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਸ਼ਮਸ਼ਾਨ ਘਾਟ ਕਮੇਟੀ ਵੱਲੋਂ 1962 'ਚ ਖਰੀਦੀ ਗਈ ਜ਼ਮੀਨ ਦਾ ਮਾਲਕ ਵਿਭਾਗ ਦੇ ਰਿਕਾਰਡ 'ਚ ਬਕਾਇਦਾ ਇੰਤਕਾਲ ਦਰਜ ਹੈ ਅਤੇ ਕਮਿਊਨਿਟੀ ਹਾਲ ਨਿਜੀ ਹਿੱਤਾਂ ਲਈ ਨਹੀਂ, ਸਗੋਂ ਲੋਕਾਂ ਦੇ ਸਾਂਝੇ ਕਾਰਜ ਕਰਨ ਦੇ ਉਦੇਸ਼ ਨਾਲ ਉਸਾਰਿਆ ਜਾ ਰਿਹਾ ਹੈ।

# ਆਦੇਸ਼ ਹਸਪਤਾਲ ਨੇ ਮੁਫ਼ਤ ਮੈਡੀਕਲ ਕੈਂਪ ਲਾਇਆ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਆਦੇਸ਼ ਹਸਪਤਾਲ ਬਠਿੰਡਾ ਵੱਲੋਂ ਐਨਜੀਓ ਲਹਿਰਾ ਮੁਹੱਬਤ ਹਿਊਮਨ ਵੈਲਫੇਅਰ ਸੁਸਾਇਟੀ ਦੀ ਦੇਖ-ਰੇਖ ਹੇਠ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਇਸ ਦੌਰਾਨ ਆਦੇਸ਼ ਹਸਪਤਾਲ ਦੇ ਮੈਡੀਕਲ ਸੁਪਰਡੈਂਟ (ਐਡਮਿਨ) ਡਾ. ਗੁਰਪ੍ਰੀਤ ਸਿੰਘ ਗਿੱਲ, ਮਨਹਰਨ ਸਿੰਘ ਗਿੱਲ, ਡਾ. ਗੁਰਕੀਰਤ ਸਿੰਘ, ਪੀਆਰਓ ਹਰਭਗਵਾਨ ਸਿੰਘ ਭਾਨਾ ਤੇ ਕਰਮਜੀਤ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ। ਡਾ. (ਮੇਜਰ) ਯਾਦਵਿੰਦਰ (ਜੋ 2023 'ਚ ਸਦੀਵੀ ਵਿਛੋੜਾ ਦੇ ਗਏ ਸਨ) ਦੀਆਂ ਸੇਵਾਵਾਂ ਨੂੰ ਐਨਜੀਓ ਤੇ ਪਰਵਾਰਕ ਮੈਂਬਰਾਂ ਵੱਲੋਂ ਸਿਜਦਾ ਕੀਤਾ ਗਿਆ। ਪਿਤਾ ਬਲਵੀਰ ਸਿੰਘ ਨੇ ਦੱਸਿਆ ਕਿ ਡਾ. ਯਾਦਵਿੰਦਰ ਦੀ ਯਾਦ ਨੂੰ ਤਾਜ਼ਾ ਰੱਖਣ ਤੇ ਸਮਾਜ ਭਲਾਈ ਦੇ ਕੰਮਾਂ ਨੂੰ ਜਾਰੀ ਰੱਖਣ ਲਈ ਉਨ੍ਹਾਂ ਦੇ ਜਨਮ ਦਿਨ 'ਤੇ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜੋ ਅੱਗੇ ਵੀ ਜਾਰੀ ਰਹੇਗਾ। ਸੰਸਥਾ ਮੈਂਬਰ ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਸੁਖਪ੍ਰੀਤ ਸਿੰਘ ਨੇ ਦੱਸਿਆ ਕਿ ਕੈਂਪ 'ਚ ਅੱਖਾਂ, ਚਮੜੀ ਤੇ ਮੈਡੀਸ਼ਨ ਵਿਭਾਗਾਂ ਵੱਲੋਂ 150 ਮਰੀਜ਼ਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਡਾਕਟਰੀ ਟੀਮ 'ਚ ਡਾ. ਪ੍ਰਤਿਕਸ਼ਾ ਰੈਡੀ (ਚਮੜੀ ਵਿਭਾਗ), ਡਾ. ਅੰਮ੍ਰਿਤਪਾਲ ਸਿੰਘ (ਮੈਡੀਸਨ ਵਿਭਾਗ), ਡਾ. ਰਾਜਵੰਤ ਕੌਰ (ਅੱਖਾਂ ਦਾ ਵਿਭਾਗ), ਡਾ. ਸ੍ਰੇਆ ਭਟੀਜਾ, ਡਾ. ਹਰਭਗਵਾਨ ਸਿੰਘ, ਡਾ. ਨੈਂਨਸੀ, ਡਾ. ਸੋਨਿਕਾ, ਡਾ. ਹਸਨ, ਡਾ. ਸੰਜੇ, ਡਾ. ਸੁਪ੍ਰੀਤ ਰਾਏ, ਡਾ. ਨਵਗੀਤ, ਡਾ. ਸਿਵਾਗੀ ਤੋਂ ਹੋਰ ਸਟਾਫ਼ ਮੈਂਬਰ ਮੌਜੂਦ ਸਨ। ਸਮਾਪਤੀ 'ਤੇ ਐਨਜੀਓ ਤੇ ਪਰਵਾਰਕ ਮੈਂਬਰਾਂ ਵੱਲੋਂ ਡਾਕਟਰੀ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਧੰਨਵਾਦ ਕੀਤਾ ਗਿਆ।

# ਬਲਾਕ ਮੁਕਤਸਰ-1 ਦੇ ਜੇਤੂ ਖਿਡਾਰੀਆਂ ਨੂੰ ਕਾਕਾ ਬਰਾੜ ਨੇ ਇਨਾਮ ਵੰਡੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਲੇਖਕ ਪਰਗਟ ਸਿੰਘ ਜੰਬਰ ਨੇ ਦੱਸਿਆ ਕਿ ਬਲਾਕ ਮੁਕਤਸਰ-1 ਦੀਆਂ ਤਿੰਨ ਰੋਜ਼ਾ ਖੇਡਾਂ ਪਿੰਡ ਕੋਟਲੀ ਦੇਵਨ ਦੇ ਸਟੇਡੀਅਮ ਵਿੱਚ ਕਰਾਈਆਂ ਗਈਆਂ।ਖੇਡਾਂ ਦੀ ਯੋਗ ਅਗਵਾਈ ਬੀਪੀਈਓ ਸ੍ਰੀ ਜਗਦੀਪ ਸਿੰਘ ਨੇ ਕੀਤੀ।ਖੇਡਾਂ ਵਿੱਚ ਬਹੁਤ ਸਾਰੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਕਬੱਡੀ, ਖੋ-ਖੋ, ਯੋਗਾ, 100 ਮੀਟਰ, 200 ਮੀਟਰ ਆਦਿ ਮੁਕਾਬਲੇ ਕਰਾਏ ਗਏ।

ਖੇਡਾਂ ਦੀ ਤੀਜੇ ਦਿਨ ਇਨਾਮ ਵੰਡਣ ਦੀ ਰਸਮ ਮਾਨਯੋਗ ਐਮ.ਐਲ.ਏ ਹਲਕਾ ਸ੍ਰੀ ਮੁਕਤਸਰ ਸਾਹਿਬ ਜਗਦੀਪ ਸਿੰਘ ਕਾਕਾ ਬਰਾੜ ਨੇ ਕੀਤੀ।ਉਨ੍ਹਾਂ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾਂ ਸਾਨੂੰ ਸਿਹਤ ਦੇ ਨਾਲ-ਨਾਲ ਸਹਿਣਸ਼ੀਲਤਾ ਵੀ ਸਿਖਾਉਂਦੀਆਂ ਹਨ।ਖੇਡਾਂ ਦੇ ਨਾਲ ਮਿਲਵਰਤਨ ਦੀ ਭਾਵਨਾ ਵਧਦੀ ਹੈ। ਖਿਡਾਰੀਆਂ ਨੂੰ ਇਨਾਮ ਵੰਡੇ ਗਏ।ਰਿਕਾਰਡ ਕਮੇਟੀ ਦੇ ਮੈਂਬਰਾਂ ਜਸਵਿੰਦਰ ਸਿੰਘ ਤੇ ਸੰਜੀਵ ਨਾਰੰਗ ਅਨੁਸਾਰ ਨਤੀਜੇ ਇਸ ਪ੍ਰਕਾਰ ਰਹੇ ਕਬੱਡੀ ਨੈਸ਼ਨਲ ਸਟਾਈਲ ਵਿੱਚ ਸੈਂਟਰ ਗੁਲਾਬੇਵਾਲਾ ਪਹਿਲੇ ਸਥਾਨ 'ਤੇ, ਸੈਂਟਰ ਝਬੇਲਵਾਲੀ ਵਾਲੀ ਦੂਜੀ ਸਥਾਨ 'ਤੇ ਰਿਹਾ, ਸਰਕਲ ਕਬੱਡੀ ਵਿੱਚ ਝਬੇਲਵਾਲੀ ਸੈਂਟਰ ਪਹਿਲੇ ਸਥਾਨ 'ਤੇ ਰਿਹਾ, ਗੁਲਾਬੇਵਾਲਾ ਸੈਂਟਰ ਦੂਜੇ ਸਥਾਨ 'ਤੇ, ਖੋ-ਖੋ ਮੁੰਡੇ ਵਿੱਚ ਰਾਮਗੜ੍ਹ ਚੁੰਘਾ ਪਹਿਲੇ ਸਥਾਨ 'ਤੇ ਰਿਹਾ, ਗੁਲਾਬੇਵਾਲਾ ਦੂਜੇ ਸਥਾਨ 'ਤੇ ਰਿਹਾ।

ਕਬੱਡੀ ਨੈਸ਼ਨਲ ਲੜਕੀਆਂ ਪਹਿਲਾ ਸਥਾਨ ਸੈਂਟਰ ਸੀਰਵਾਲੀ ਦੂਜਾ ਸਥਾਨ ਸੈਂਟਰ ਝਬੇਲਵਾਲੀ, ਖੋ ਖੋ ਟੀਮ ਲੜਕੇ ਪਹਿਲਾ ਸਥਾਨ ਸੈਂਟਰ ਰਾਮਗੜ੍ਹ ਚੂੰਘਾਂ, ਦੂਜਾ ਸਥਾਨ ਸੈਂਟਰ ਲੁਬਾਣਿਆਂਵਾਲੀ, ਖੋ ਖੋ ਟੀਮ ਲੜਕੀਆਂ ਪਹਿਲਾ ਸਥਾਨ ਸੈਂਟਰ ਰਾਮਗੜ੍ਹ ਚੂੰਘਾਂ, ਦੂਜਾ ਸਥਾਨ ਸੈਂਟਰ ਗੁਲਾਬੇਵਾਲਾ, ਰੱਸਾਕਸ਼ੀ ਟੀਮ (ਲੜਕੇ) ਪਹਿਲਾ ਸਥਾਨ ਸੈਂਟਰ ਸਿਟੀ ਸਵੇਰ, ਦੂਜਾ ਸਥਾਨ ਸੈਂਟਰ ਝਬੇਲਵਾਲੀ, ਕੁਸ਼ਤੀ ਲੜਕੇ 25 ਕਿਲੋ ਭਾਰ ਪਹਿਲਾ ਸਥਾਨ, ਸੁਖਮੰਦਰ ਸਿੰਘ ਸੈਂਟਰ ਗੁਲਾਬੇਵਾਲਾ, ਦੂਜਾ ਸਥਾਨ ਮਨਿੰਦਰ ਸਿੰਘ ਸੈਂਟਰ ਸਿਟੀ ਸਵੇਰ, ਕੁਸ਼ਤੀ ਲੜਕੇ 28 ਕਿਲੋ ਭਾਰ ਪਹਿਲਾ ਸਥਾਨ ਗੁਰਵਿੰਦਰ ਸਿੰਘ ਸੈਂਟਰ ਸੀਰਵਾਲੀ, ਦੂਜਾ ਸਥਾਨ ਨਵੀ ਸਿੰਘ ਸੈਂਟਰ ਰਾਮਗੜ੍ਹ ਚੁੰਗਾ ਕੁਸ਼ਤੀ ਲੜਕੇ, 30 ਕਿਲੋ ਭਾਰ ਪਹਿਲਾ ਸਥਾਨ ਅਰਮਾਨ ਸਿੰਘ ਝਬੇਲਵਾਲੀ ਸੈਂਟਰ, ਦੂਜਾ ਸਥਾਨ ਗੁਰਪਿੰਦਰ ਸਿੰਘ ਸੈਂਟਰ ਰਾਮਗੜ੍ਹ ਚੂੰਘਾਂ, ਕੁਸ਼ਤੀ ਲੜਕੇ 32 ਕਿਲੋ ਭਾਰ ਪਹਿਲਾ ਸਥਾਨ ਸ਼ੁਭਦੀਪ ਸਿੰਘ ਸੈਂਟਰ ਗੁਲਾਬੇ ਵਾਲਾ, ਦੂਜਾ ਸਥਾਨ ਰਣਵੀਰ ਸਿੰਘ ਸੈਂਟਰ ਰਾਮਗੜ੍ਹ ਚੁੰਘਾ ਰਹੇ। ਆਲਓਵਰ ਟਰਾਫੀ ਸੈਂਟਰ ਗੁਲਾਬੇਵਾਲਾ ਦੇ ਹਿੱਸੇ ਆਈ। ਖੇਡਾਂ ਦਾ ਸਮੁੱਚਾ ਪ੍ਰਬੰਧ ਸੈਂਟਰ ਹੈੱਡ ਟੀਚਰ ਪਰਗਟ ਸਿੰਘ ਜੰਬਰ, ਚਰਨਜੀਤ ਸਿੰਘ, ਗੁਰਮੀਤ ਸਿੰਘ, ਰਵਿੰਦਰ ਕੁਮਾਰ, ਰਾਜਪਾਲ ਸਿੰਘ, ਜਸਵੰਤ ਸਿੰਘ ਅਤੇ ਸਾਹਿਬ ਸਿੰਘ ਵੱਲੋਂ ਸਮੂਹਿਕ ਤੌਰ 'ਤੇ ਕੀਤਾ ਗਿਆ।

# ਜਸਵਿੰਦਰ ਸਿੰਘ ਸਿੱਧੂ ਨੇ ਹੜ੍ਹਾਂ ਦੌਰਾਨ ਕੀਤਾ ਵਾਅਦਾ ਨਿਭਾਇਆ



**ਕੋਟ ਈਸੇ ਖਾਂ (ਅਰੋੜਾ)**-ਈ.ਟੀ.ਟੀ ਅਧਿਆਪਕ ਯੂਨੀਅਨ ਪੰਜਾਬ ਦੇ ਪ੍ਰਧਾਨ ਤੇ ਡਾਇਰੈਕਟਰ ਗਮਾਡਾ ਜਸਵਿੰਦਰ ਸਿੰਘ ਸਿੱਧੂ ਨੇ ਹਲਕਾ ਧਰਮਕੋਟ ਦੇ ਪਿੰਡਾਂ 'ਚ ਆਏ ਹੜ੍ਹ ਦੌਰਾਨ ਦਿਲ ਖੋਲ੍ਹ ਕੇ ਮਦਦ ਕੀਤੀ ਸੀ।ਪਸ਼ੂਆਂ ਦਾ ਚਾਰਾ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਤੇ ਬੰਨ੍ਹ 'ਤੇ ਭਰਤੀ ਪਾ ਰਹੇ ਟਰੈਕਟਰ-ਟਰਾਲੀਆਂ ਨੂੰ ਡੀਜ਼ਲ ਮੁਹੱਈਆ ਕਰਾਇਆ ਸੀ।ਜਸਵਿੰਦਰ ਸਿੰਘ ਸਿੱਧੂ ਵਾਅਦਾ ਕੀਤਾ ਸੀ ਕਿ ਪਿੰਡ ਭੈਣੀ ਦੇ ਲੋਕਾਂ ਦੀ ਉਹ ਆਰਥਿਕ ਮਦਦ ਵੀ ਮਦਦ ਵੀ ਕਰਨਗੇ।ਪੰਜਾਬ ਸਰਕਾਰ ਨੇ ਬੇਸ਼ੱਕ ਕਿਸਾਨਾਂ ਲਈ 20000 ਦਾ ਮੁਆਵਜ਼ਾ ਦੇਣ ਦਾ ਫੈਸਲਾ ਕੀਤਾ ਸੀ।ਸਿੱਧੂ ਨੇ ਆਪਣੇ ਸਾਥੀਆਂ ਨੂੰ ਪੰਜਾਬ ਭਰ ਚ ਹੜਪੀੜਤ ਇਲਾਕੇ 'ਚ ਮਦਦ ਕਰਨ ਦੀ ਅਪੀਲ ਕੀਤੀ ਸੀ, ਜਿਸ ਤਹਿਤ ਗੁਰਦਾਸਪੁਰ, ਸ੍ਰੀ ਅੰਮ੍ਰਿਤਸਰ ਸਾਹਿਬ, ਲੁਧਿਆਣਾ, ਮੋਗਾ 'ਚ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਲਈ ਈ ਟੀ ਟੀ ਅਧਿਆਪਕ ਅੱਗੇ ਆਏ।

ਕੀਤੇ ਵਾਅਦੇ ਮੁਤਾਬਕ ਪਿੰਡ ਦੇ ਮੋਹਤਬਰ ਅਨੋਖ ਸਿੰਘ ਭੈਣੀ ਤੇ ਹਰਪ੍ਰੀਤ ਸਿੰਘ ਪੰਮਾ ਦੀ ਸਹਿਮਤੀ ਨਾਲ ਜਸਵਿੰਦਰ ਸਿੰਘ ਸਿੱਧੂ ਤੇ ਉਸਦੀ ਟੀਮ ਨੇ ਅੱਜ ਪਿੰਡ ਭੈਣੀ ਪੁੱਜ ਕੇ 40 ਦੇ ਕਰੀਬ ਜ਼ਿਮੀਦਾਰ ਪਰਵਾਰ ਅਤੇ 30 ਦੇ ਕਰੀਬ ਐਸੀ ਵਰਗ ਨਾਲ ਸਬੰਧਤ ਖੇਤ ਮਜ਼ਦੂਰ ਪਰਵਾਰਾਂ ਘਰ-ਘਰ ਜਾ ਕੇ ਨਕਦ ਰਾਸ਼ੀ ਨਾਲ ਮਦਦ ਕੀਤੀ।ਜਸਵਿੰਦਰ ਸਿੰਘ ਸਿੱਧੂ ਨੇ ਬੀਤੇ ਸਮੇਂ ਇਹ ਪਿੰਡ ਦੀ 325 ਏਕੜ ਮਾਲਕੀ ਜ਼ਮੀਨ ਦਾ ਮੁੱਦਾ ਵੀ ਚੁੱਕਿਆ ਸੀ, ਜੋ ਬੰਨ੍ਹ ਮਾਰ ਕੇ ਦਰਿਆ ਦੇ ਹਵਾਲੇ ਕਰ ਦਿੱਤੀ ਗਈ ਸੀ।ਉਸ ਉਪਰ ਕੈਰੋ ਸਰਵੇ ਬੰਨ੍ਹ ਬਣਾਉਣ ਦੀ ਮੰਗ ਰੱਖੀ ਸੀ, ਜੋ ਮੁੱਦਾ ਸੈਂਟਰ ਦੇ ਮੰਤਰੀਆ ਤੱਕ ਅਤੇ ਵਿਧਾਨ ਸਭਾ ਚ ਵੀ ਉਠਿਆ ਸੀ।ਪਿੰਡ ਵਾਲਿਆਂ ਨੇ ਸਿੱਧੂ ਦੀ ਬੁਲੰਦ ਅਵਾਜ ਦੀ ਪ੍ਰਸ਼ੰਸਾ ਵੀ ਕੀਤੀ।

# ਪੰਜਾਬ ਪੁਲਸ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਨੂੰ ਪੂਰੀ ਪ੍ਰਤੀਬੱਧਤਾ ਤੇ ਪੇਸ਼ੇਵਰ ਢੰਗ ਨਾਲ ਨਜਿੱਠਣ ਦੇ ਸਮਰੱਥ : ਡੀ ਆਈ ਜੀ



**ਪਟਿਆਲਾ (ਰਾਜਿੰਦਰ ਥਿੰਦ)**

ਪਟਿਆਲਾ ਰੇਂਜ ਦੇ ਡੀ.ਆਈ.ਜੀ. ਕੁਲਦੀਪ ਸਿੰਘ ਚਾਹਲ ਦੀ ਅਗਵਾਈ ਹੇਠ ਪੁਲਸ ਲਾਈਨ ਪਟਿਆਲਾ ਵਿਖੇ ਸ਼ਹੀਦੀ ਸਮਾਰਕ 'ਤੇ ਪੁਲਸ ਤੇ ਅਰਧ ਸੁਰੱਖਿਆ ਬਲਾਂ ਦੇ ਜਾਂਬਾਜ਼ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੁਲਸ ਯਾਦਗਾਰੀ ਦਿਹਾੜੇ ਮੌਕੇ ਸ਼ਰਧਾਂਜਲੀ ਸਮਾਗਮ ਕਰਾਇਆ ਗਿਆ।ਸਮਾਰੋਹ ਦੌਰਾਨ ਪਟਿਆਲਾ ਡਵੀਜ਼ਨ ਦੇ ਕਮਿਸ਼ਨਰ ਵਿਨੈ ਬੁਬਲਾਨੀ, ਐਸ.ਐਸ.ਪੀ. ਵਰੁਣ ਸ਼ਰਮਾ, ਵਧੀਕ ਜ਼ਿਲ੍ਹਾ ਤੇ ਸੈਸ਼ਨਜ ਜੱਜ ਹਰਿੰਦਰ ਸੰਧੂ, ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ ਸਮੇਤ ਪੁਲਿਸ ਦੇ ਸਾਬਕਾ ਤੇ ਮੌਜੂਦਾ ਅਧਿਕਾਰੀਆਂ ਤੇ ਸ਼ਹੀਦ ਪਰਵਾਰਾਂ ਨੇ ਸ਼ਹੀਦਾਂ ਦੀ ਸਮਾਧੀ 'ਤੇ ਫੁਲ ਮਾਲਾਵਾਂ ਭੇਟ ਕੀਤੀਆਂ।

ਡੀ.ਆਈ.ਜੀ. ਨੇ ਕਿਹਾ ਕਿ ਸੂਬੇ 'ਚ ਅਮਨ ਕਾਨੂੰਨੀ ਕਾਇਮ ਕਰਨ ਲਈ ਪੰਜਾਬ ਪੁਲਸ ਦੀ ਬਹੁਤ ਵੱਡੀ ਕੁਰਬਾਨੀ ਹੈ, ਜਦਕਿ ਮੌਜੂਦਾ ਦੌਰ 'ਚ ਵੀ ਪੰਜਾਬ ਪੁਲਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਮੌਜੂਦਾ ਸਮੇਂ ਦਰਪੇਸ਼ ਚੁਣੌਤੀਆਂ ਨਾਲ ਪੂਰੀ ਪ੍ਰਤੀਬੱਧਤਾ ਤੇ ਪੇਸ਼ੇਵਰ ਢੰਗ ਨਾਲ ਨਜਿੱਠਣ ਦੇ ਸਮਰੱਥ ਹੈ।ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਪੁਲਸ ਨੇ ਕਰੀਬ 10 ਸਾਲ ਦਹਿਸ਼ਤਗਰਦੀ ਦਾ ਸਾਹਮਣਾ ਕੀਤਾ, ਜਿਸ ਦੌਰਾਨ ਪੁਲਸ ਅਫ਼ਸਰਾਂ, ਜਵਾਨਾਂ ਤੇ ਉਨ੍ਹਾਂ ਦੇ ਪਰਵਾਰਾਂ ਦੇ ਮੈਂਬਰਾਂ ਸਮੇਤ ਕੁਲ 1784 ਸ਼ਹੀਦ ਹੋਏ, ਇਨ੍ਹਾਂ ਵਿੱਚ 157 ਸ਼ਹੀਦ ਇਕੱਲੀ ਪਟਿਆਲਾ ਰੇਂਜ ਦੀ ਪੁਲਸ ਦੇ ਸਨ। ਉਨ੍ਹਾਂ ਕਿਹਾ ਕਿ ਸਾਡੇ ਸ਼ਹੀਦਾਂ ਦੀ ਕੁਰਬਾਨੀ ਸਾਡੇ ਲਈ ਹਮੇਸ਼ਾ ਪ੍ਰੇਰਣਾ ਸਰੋਤ ਬਣੀ ਰਹੇਗੀ।ਡੀ.ਆਈ.ਜੀ. ਚਾਹਲ ਨੇ ਦੱਸਿਆ ਕਿ ਅੱਜ ਦਾ ਦਿਨ ਉਨ੍ਹਾਂ ਮਹਾਨ 10 ਸ਼ਹੀਦਾਂ ਦੀ ਪਵਿੱਤਰ ਯਾਦ 'ਚ ਮਨਾਇਆ ਜਾਂਦਾ ਹੈ, ਜਿਹੜੇ 21 ਅਕਤੂਬਰ 1959 ਨੂੰ ਹੌਟ ਸਪਰਿੰਗ ਲਦਾਖ ਵਿਖੇ ਚੀਨ ਦੀ ਫ਼ੌਜ ਵੱਲੋਂ ਸੀ.ਆਰ.ਪੀ.ਐਫ. ਤੇ ਇੰਟੈਲੀਜੈਂਸ ਬਿਊਰੋ ਦੀ ਸਾਂਝੀ ਗਸ਼ਤੀ ਟੁਕੜੀ 'ਤੇ ਘਾਤ ਲਗਾ ਕੇ ਹਮਲਾ ਕਰਨ ਕਰਕੇ ਦੇਸ਼ ਦੀ ਰੱਖਿਆ ਕਰਦਿਆ ਸ਼ਹੀਦੀਆਂ ਪਾ ਗਏ ਸਨ।ਐਸ.ਐਸ.ਪੀ. ਵਰੁਣ ਸ਼ਰਮਾ ਨੇ ਪੁੱਜੇ ਸ਼ਹੀਦਾਂ ਦੇ ਪਰਵਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੀ ਕੁਰਬਾਨੀ ਦੀ ਬਦੌਲਤ ਹੀ ਆਜ਼ਾਦ ਫ਼ਿਜ਼ਾ ਤੇ ਸ਼ਾਂਤੀ ਦੀ ਬਹਾਲੀ ਹੋਈ ਹੈ, ਜਿਸ ਲਈ ਇਨ੍ਹਾਂ ਸ਼ਹੀਦ ਪਰਿਵਾਰਾਂ ਦਾ ਮੁੱਲ ਮੋੜਿਆ ਨਹੀਂ ਜਾ ਸਕਦਾ।ਐਸ.ਐਸ.ਪੀ ਨੇ ਕਿਹਾ ਕਿ ਸਾਡੇ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਹਮੇਸ਼ਾ ਪ੍ਰੇਰਣਾ ਦਿੰਦੀ ਰਹੇਗੀ।ਉਨ੍ਹਾਂ ਕਿਹਾ ਕਿ ਪਟਿਆਲਾ ਪੁਲਿਸ ਨਸ਼ਿਆਂ ਦੇ ਦੈਂਤ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਡੀ.ਐਸ.ਪੀ. ਹਰਸਿਮਰਨ ਸਿੰਘ ਦੀ ਅਗਵਾਈ ਹੇਠਲੀ ਪੁਲਿਸ ਟੁਕੜੀ ਨੇ ਸੋਗ ਤੇ ਸਲਾਮੀ ਸ਼ਾਸ਼ਤਰ ਅਤੇ ਦੋ ਮਿੰਟ ਦਾ ਮੌਨ ਧਾਰਨ ਮਗਰੋਂ ਬਿਗਲਰ ਵੱਲੋਂ ਰਿਵਾਲੀ ਦੀ ਧੁਨ ਵਜਾਏ ਜਾਣ ਨਾਲ ਸ਼ਹੀਦਾਂ ਨੂੰ ਸਲਾਮੀ ਦਿੱਤੀ।

# ਡੀ ਸੀ ਤੇ ਐੱਸ ਐੱਸ ਪੀ ਵੱਲੋਂ ਫਸਲ ਦੀ ਰਹਿੰਦ-ਖੂੰਹਦ ਨਾ ਸਾੜਨ ਤੇ ਪਰਾਲੀ ਪ੍ਰਬੰਧਨ ਦੀ ਅਪੀਲ



**ਧਾਰੀਵਾਲ, ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕਮ ਮਹਾਜਨ)**- ਦੀਵਾਲੀ ਵਾਲੇ ਦਿਨ ਵੀ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਅਤੇ ਐਸ.ਐਸ.ਪੀ ਆਦਿੱਤਿਆ ਨੇ ਪਿੰਡਾਂ ਦਾ ਦੌਰਾ ਕੀਤਾ ਤੇ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਦੀ ਅਪੀਲ ਕੀਤੀ ਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਜਾਗਰੂਕ ਕੀਤਾ। ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਗੁਰਦਾਸਪੁਰ ਵਲੋਂ ਬਲਾਕ ਧਾਰੀਵਾਲ ਦੇ ਪਿੰਡ ਸੋਹਲ ਅਤੇ ਸਹਾਰੀ ਵਿਖੇ ਜਾ ਕੇ ਕਿਸਾਨਾਂ ਨਾਲ ਪਰਾਲੀ ਪ੍ਰਬੰਧਨ ਨਾਲ ਸਬੰਧਤ ਗੱਲਬਾਤ ਕੀਤੀ ਤੇ ਕਿਹਾ ਕਿ ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਲੋੜੀਦੀ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮੁੱਚਾ ਪ੍ਰਸ਼ਾਸਨ, ਜਿਸ ਵਿੱਚ ਸਿਵਲ ਤੇ ਪੁਲਸ ਵਿਭਾਗ ਸ਼ਾਮਲ ਹੈ, ਵਲੋਂ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਮਿਲ ਰਹੇ ਹਨ ਅਤੇ ਪਰਾਲੀ ਨਾ ਸਾੜਨ ਦੀ ਅਪੀਲ ਤੇ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦੀਵਾਲੀ ਵਾਲੇ ਦਿਨ ਵੀ ਸਿਵਲ ਤੇ ਪੁਲਸ ਵਿਭਾਗ ਦੀਆਂ ਟੀਮਾਂ ਫੀਲਡ ਵਿੱਚ ਰਹੀਆਂ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਪਿੰਡ ਸੋਹਲ ਵਿੱਚ ਨਾੜ ਸਾੜਨ ਦੀਆਂ ਤਿੰਨ ਘਟਨਾਵਾਂ ਵਾਪਰੀਆਂ ਸਨ ਪਰ ਇਸ ਸਾਲ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਨਹੀਂ ਲਗਾਈ ਗਈ। ਉਨ੍ਹਾਂ ਅਗਾਂਹਵਧੂ ਕਿਸਾਨ ਅਤਰ ਸਿੰਘ ਵਲੋਂ ਪਰਾਲੀ ਪ੍ਰਬੰਧਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਹੁਣ ਤੱਕ ਜ਼ਿਲ੍ਹੇ ਵਿੱਚ 47 ਪਰਾਲੀ ਸਾੜਨ ਦੀਆਂ ਘਟਨਾਵਾਂ ਵਾਪਰੀਆਂ ਸਨ। ਪਰ ਇਸ ਸਾਲ ਹੁਣ ਤੱਕ 5 ਪਰਾਲੀ ਸਾੜਨ ਦੀਆਂ ਘਟਨਾਵਾਂ ਵਾਪਰੀਆਂ ਹਨ। ਉਨ੍ਹਾਂ ਕਿਸਾਨਾਂ ਨੂੰ ਫਸਲ ਦੀ ਰਹਿੰਦ ਖੂੰਹਦ ਨਾ ਸਾੜਨ ਲਈ ਜਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਐਸ.ਐਸ.ਪੀ ਗੁਰਦਾਸਪੁਰ ਆਦਿੱਤਿਆ ਨੇ ਦੱਸਿਆ ਕਿ ਪੁਲਿਸ ਤੇ ਸਿਵਲ ਵਿਭਾਗ ਦੇ ਅਧਿਕਾਰੀਆਂ ਵਲੋਂ ਸਾਂਝੇ ਯਤਨਾਂ ਰਾਹੀਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ ਗੁਰਦਾਸਪੁਰ ਵਲੋਂ ਜ਼ਿਲ੍ਹਾ ਵਾਸੀਆਂ ਨੂੰ ਦੀਵਾਲੀ ਦੀ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਅਗਾਂਹਵਧੂ ਕਿਸਾਨ ਅਤਰ ਸਿੰਘ ਸੋਹਲ ਤੇ ਪਲਵਿੰਦਰ ਸਿੰਘ ਸਹਾਰੀ ਨੇ ਕਿਹਾ ਕਿ ਫਸਲ ਦੀ ਰਹਿੰਦ ਖੂੰਹਦ ਸਾੜਨ ਦੀ ਬਜਾਇ ਬੇਲਿੰਗ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਐਸ.ਡੀ.ਐਮ ਮਨਜੀਤ ਸਿੰਘ ਰਾਜਲਾ, ਡਾ. ਅਮਰੀਕ ਸਿੰਘ ਸੰਯੁਕਤ ਨਿਰਦੇਸਕ ਖੇਤੀਬਾੜੀ ਵਿਭਾਗ, ਰਣਧੀਰ ਠਾਕੁਰ ਮੁੱਖ ਖੇਤੀਬਾੜੀ ਅਫਸਰ, ਡੀਐਸਪੀ ਕੁਲਵੰਤ ਸਿੰਘ, ਸਰਪੰਚ ਬਲਜੀਤ ਸਿੰਘ ਸੋਹਲ, ਸਰਪੰਚ ਸ਼ਰਨਜੀਤ ਸਿੰਘ ਸਹਾਰੀ, ਸਰਬਰਿੰਦਰ ਸਿੰਘ, ਦਿਲਰਾਜ ਸਿੰਘ ਏ.ਡੀ.ਓ, ਅਰਜਿੰਦਰ ਸਿੰਘ ਸੰਧੂ ਏ.ਈ.ਓ, ਦਿਲਬਾਗ ਸਿੰਘ, ਨੋਡਲ ਅਫਸਰ ਗੁਰਸਿਮਰਨ ਸਿੰਘ ਅਤੇ ਕਿਸਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

# ਪਰਾਲੀ ਨੂੰ ਅੱਗ ਲਗਾਏ ਬਿਨਾਂ ਸੁਚੱਜੀ ਸਾਂਭ-ਸੰਭਾਲ ਕਰਨ ਕਿਸਾਨ : ਐੱਸ ਐੱਸ ਪੀ ਦਿਹਾਤੀ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਪਰਾਲੀ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ ਸਬੰਧੀ ਅਤੇ ਖਾਦਾਂ ਦੀ ਵਰਤੋਂ ਕਰਨ ਸਬੰਧੀ ਐਸ.ਐਸ.ਪੀ. ਦਿਹਾਤੀ ਮਨਿੰਦਰ ਸਿੰਘ ਵਲੋਂ ਸਬ-ਡਵੀਜ਼ਨ ਰਾਜਾਸਾਂਸੀ ਥਾਣਾ ਲੋਪੋਕੇ ਦੇ ਅਧੀਨ ਆਉਂਦੇ ਪਿੰਡ ਬਹਿੜਵਾਲ ਅਤੇ ਲਾਗਲੇ ਪਿੰਡਾਂ ਵਿੱਚ, ਜਿਵੇਂ ਪੱਧਰੀ, ਨੂਰਪੁਰ, ਬਰਾੜ, ਕੋਲੇਵਾਲ, ਬੱਚੀਵਿੰਡ ਅਤੇ ਕਮਾਸਕੇ ਦੇ ਕਿਸਾਨਾਂ ਅਤੇ ਮੋਹਤਬਰ ਵਿਅਕਤੀਆਂ ਨਾਲ ਪਰਾਲੀ ਨਾ ਸਾੜਨ ਸੰਬੰਧੀ ਗੱਲਬਾਤ ਕੀਤੀ ਗਈ ਅਤੇ ਲਗਾਏ ਗਏ ਕੈਂਪ ਦੌਰਾਨ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸੰਬੰਧੀ ਵੀ ਅਪੀਲ ਕੀਤੀ ਗਈ।ਐਸ.ਐਸ.ਪੀ. ਦਿਹਾਤੀ ਨੇ ਕਿਸਾਨਾਂ ਨੂੰ ਦੱਸਿਆ ਕਿ ਪਰਾਲੀ ਨੂੰ ਸਾੜਨਾ ਆਪਣੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਸਾੜਨਾ ਹੈ।ਉਨ੍ਹਾਂ ਨੇ ਕਿਹਾ ਕਿ ਪਰਾਲੀ ਨੂੰ ਜੇਕਰ ਖੇਤ ਵਿਚ ਹੀ ਜਜ਼ਬ ਕਰਕੇ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ ਤਾਂ ਜ਼ਮੀਨ ਵਿਚ ਕਾਰਬਨਿਕ ਮਾਦਾ ਵਧਦਾ ਹੈ ਅਤੇ ਜ਼ਮੀਨ ਦੀ ਤਾਕਤ ਵਧਦੀ ਹੈ। ਉਨਾਂ ਦੱਸਿਆ ਕਿ ਕਣਕ ਦੀ ਫ਼ਸਲ ਵਿੱਚ ਵੱਡੇ ਪੱਧਰ ਤੇ ਵਰਤੀ ਜਾਂਦੀ ਡੀ.ਏ.ਪੀ. ਖਾਦ ਦੀ ਜਗ੍ਹਾ ਉਸ ਦੇ ਬਦਲਵੇਂ ਸਰੋਤਾਂ ਦੀ ਵਰਤੋਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਕਣਕ ਦੀ ਫ਼ਸਲ ਵਿੱਚ ਡੀ.ਏ.ਪੀ. ਖਾਦ ਮੁੱਖ ਤੌਰ 'ਤੇ ਫਾਸਫੋਰਸ ਤੱਤ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਇਸ ਵਿਚ 46 ਫ਼ੀਸਦੀ ਫਾਸਫੋਰਸ ਦੇ ਨਾਲ-ਨਾਲ 18 ਫ਼ੀਸਦੀ ਨਾਈਟ੍ਰੋਜਨ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਖਾਦ ਦੇ ਬਦਲ ਵਜੋਂ ਕੁਝ ਹੋਰ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ। ਐਸ.ਐਸ.ਪੀ. ਦਿਹਾਤੀ ਨੇ ਦੱਸਿਆ ਕਿ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਲਗਾਉਣ ਤੋਂ ਗੁਰੇਜ਼ ਕਰਨ ਕਿਉਂਕਿ ਪਰਾਲੀ ਨੂੰ ਅੱਗ ਲੱਗਣ ਨਾਲ ਜਿੱਥੇ ਕੇ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਅਤੇ ਨਾਲ ਹੀ ਮਿੱਟੀ ਵਿੱਚ ਮੌਜੂਦ ਮਿੱਤਰ ਕੀੜੇ ਅਤੇ ਅਨੇਕਾਂ ਹੀ ਸੂਖਮ ਜੀਵ ਮਰ ਜਾਂਦੇ ਹਨ। ਉਹਨਾ ਦੱਸਿਆ ਕਿ ਕਿਸਾਨ ਕਣਕ ਦੀ ਬਿਜਾਈ ਲਈ ਸੁਪਰਸੀਡਰ, ਹੈਪੀ ਸੀਡਰ ਦੀ ਵਰਤੋਂ ਨੂੰ ਤਰਜੀਹ ਦੇਣ ਜਿਸ ਨਾਲ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਇਆ ਜਾ ਸਕਦਾ ਹੈ।ਇਸ ਮੌਕੇ ਐਸ.ਪੀ. ਗੁਰਜੀਤ ਪਾਲ ਸਿੰਘ, ਡੀ.ਐਸ.ਪੀ. ਸ੍ਰੀ ਨੀਰਜ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਚਾਈਨਾ ਡੋਰ 'ਤੇ ਨਕੇਲ ਕੱਸੀ ਜਾਵੇ



**ਗੁਰਦਾਸਪੁਰ (ਜਨਕ ਮਹਾਜਨ)**- ਪਤੰਗਬਾਜ਼ੀ ਦਾ ਸੀਜ਼ਨ ਸ਼ੁਰੂ ਹੋਣ 'ਤੇ ਚਾਈਨਾ ਡੋਰ ਦੀ ਵਿਕਰੀ ਵੀ ਸ਼ੁਰੂ ਹੋ ਗਈ ਹੈ ਜਿਸ ਵੱਲ ਪ੍ਰਸ਼ਾਸਨ ਵਲੋਂ ਅਜੇ ਤੱਕ ਕੋਈ ਸਖਤੀ ਆਦਿ ਕਰਨ ਬਾਰੇ ਕਾਰਵਾਈ ਨਹੀਂ ਕੀਤੀ ਗਈ। ਜਾਣਕਾਰੀ ਅਨੁਸਾਰ ਹਰ ਸਾਲ ਵੱਡੀ ਗਿਣਤੀ ਵਿਚ ਲੋਕ ਚਾਈਨਾ ਡੋਰ ਦਾ ਸ਼ਿਕਾਰ ਹੋ ਜ਼ਖ਼ਮੀ ਹੋ ਜਾਂਦੇ ਹਨ ਅਤੇ ਕਈ ਆਪਣੀ ਜਾਨਾਂ ਵੀ ਗਵਾ ਬੈਠਦੇ ਹਨ। ਲੋਕਾਂ ਦਾ ਕਹਿਣਾ ਕਿ ਇਨ੍ਹਾਂ ਪਤੰਗਬਾਜ਼ੀ ਕਰਨ ਵਾਲੇ ਚਾਈਨਾ ਡੋਰ ਦੀ ਲਪੇਟ ਵਿਚ ਅਨੇਕਾਂ ਸਕੂਟਰ, ਮੋਟਰਸਾਈਕਲ ਸਵਾਰ ਆ ਜਾਂਦੇ ਹਨ, ਜਿਨ੍ਹਾਂ ਦੇ ਜ਼ਿਆਦਾਤਰ ਗਲੇ ਆਦਿ ਕੱਟੇ ਜਾਂਦੇ ਹਨ। ਅਜਿਹਾ ਸਾਰਾ ਕੁਝ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਨਾਲ ਹੋ ਰਿਹਾ ਹੈ। ਲੋਕਾਂ ਨੇ ਮੰਗ ਕੀਤੀ ਕਿ ਪੰਤਗਬਾਜ਼ੀ ਦੇ ਸੀਜ਼ਨ ਮੁੱਖ ਰੱਖਦੇ ਹੋਇਆਂ ਚਾਈਨਾ ਡੋਰ ਖਿਲਾਫ ਨਕੇਲ ਕੱਸੀ ਜਾਵੇ ਤਾਂ ਜੋ ਕੋਈ ਵੀ ਚਾਈਨਾ ਡੋਰ ਨਾਲ ਹਾਦਸਾ ਵਗੈਰਾ ਨਾ ਵਾਪਰ ਸਕੇ।

# ਪਟਾਕਿਆਂ ਦੀ ਵਿਕਰੀ ਨੇ ਕਾਨੂੰਨ ਦੀਆਂ ਉਡਾਈਆਂ ਸ਼ਰੇਆਮ ਧੱਜੀਆਂ



**ਗੁਰਦਾਸਪੁਰ (ਜਨਕ ਮਹਾਜਨ)**- ਦੀਵਾਲੀ ਦੇ ਤਿਉਹਾਰ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਪਟਾਕੇ ਵੇਚਣ ਸਬੰਧੀ ਮੇਹਰ ਚੰਦ ਰੋਡ ਨੇੜੇ ਚੰਦਨ ਪੈਲਸ ਕੋਲ ਜਗ੍ਹਾ ਦੀ ਇਜਾਜ਼ਤ ਦਿੱਤੀ ਗਈ ਸੀ ਪਰ 20 ਅਕਤੂਬਰ ਨੂੰ ਦੀਵਾਲੀ ਮੌਕੇ ਸ਼ਹਿਰ ਦੇ ਥਾਂ-ਥਾਂ 'ਤੇ ਬੈਂਚਾਂ, ਫੋਲਡਿੰਗ ਮੰਜਿਆਂ ਆਦਿ 'ਤੇ ਪਟਾਕੇ ਸਜਾ ਕੇ ਵੇਚੇ ਜਾ ਰਹੇ ਸਨ ਜਿਸ ਨਾਲ ਪ੍ਰਸ਼ਾਸਨ ਦੇ ਹੁਕਮਾਂ ਦੀ ਸਰਾਸਰ ਧਜੀਆਂ ਉਡਾਈਆਂ ਜਾ ਰਹੀਆਂ ਸਨ। ਪੁਲਸ ਕਰਮਚਾਰੀ ਅਜਿਹਾ ਸਭ ਕੁਝ ਵੇਖ ਕੇ ਵੀ ਖਾਮੋਸ਼ ਨਜ਼ਰ ਆ ਰਹੇ ਸਨ। ਸ਼ਹਿਰ ਦੇ ਸਭ ਤੋਂ ਭੀੜ-ਭੜੱਕੇ ਵਾਲੇ ਇਲਾਕੇ ਹਨੂੰਮਾਨ ਚੌਕ ਸਥਿਤ ਅਤੇ ਆਸ-ਪਾਸ ਖੁੱਲ੍ਹੇਆਮ ਪਟਾਕੇ ਆਦਿ ਵੇਚੇ ਜਾ ਰਹੇ ਸਨ। ਲੋਕਾਂ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਅਜਿਹੇ ਹੁਕਮਾਂ ਨੂੰ ਲਾਗੂ ਕਰਵਾਉਣ ਅਤੇ ਚੈਕਿੰਗ ਕਰਨ ਲਈ ਨਜ਼ਰ ਨਹੀਂ ਆਇਆ। ਸ਼ਹਿਰ ਦੀਆਂ ਬਹੁਤੀਆਂ ਥਾਵਾਂ 'ਤੇ ਪਟਾਕੇ ਵੇਚ ਕੇ ਪ੍ਰਸ਼ਾਸਨ ਦਾ ਮੂੰਹ ਚਿੜਾਇਆ ਜਾ ਰਿਹਾ ਸੀ। ਲੋਕਾਂ ਦਾ ਕਹਿਣਾ ਹੈ ਕਿ ਪ੍ਰਸ਼ਾਸਨ ਨੂੰ ਅਜਿਹੇ ਹੁਕਮ ਜਾਰੀ ਕਰਕੇ ਇਨ੍ਹਾਂ ਨੂੰ ਲਾਗੂ ਕਰਵਾਉਣ ਵਾਸਤੇ ਚੈਕਿੰਗ ਆਦਿ ਵੀ ਕਰਨੀ ਚਾਹੀਦੀ ਹੈ।

# ਸਕੂਲ 'ਚ ਦੀਵਾਲੀ ਦਾ ਸ਼ਾਨਦਾਰ ਸਮਾਰੋਹ



**ਟਾਂਗਰਾ (ਲਾਡੀ ਮੱਲ੍ਹੀ)**- ਮਿਸਲ ਸ਼ਹੀਦਾਂ ਤਰਨਾ ਦਲ ਦੇ 16ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੀ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਰੋਹ ਦੀ ਸ਼ੁਰੂਆਤ ਪ੍ਰਾਰਥਨਾ ਅਤੇ ਸ਼ਬਦ ਕੀਰਤਨ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਦੀਵਾਲੀ ਨਾਲ ਸੰਬੰਧਤ ਕਵਿਤਾਵਾਂ, ਭਾਸ਼ਣ ਅਤੇ ਨਾਟਕ ਪੇਸ਼ ਕੀਤੇ। ਚਾਰ ਹਾਊਸਾਂ ਵਿੱਚ ਵੱਖ-ਵੱਖ ਮੁਕਾਬਲੇ ਕਰਾਏ ਗਏ ਜਿਸ ਵਿੱਚ ਬੱਚਿਆਂ ਨੇ ਰੰਗੋਲੀ, ਬੋਰਡ ਸਜਾਵਟ, ਦੀਵੇ ਜਲਾਏ ਅਤੇ ਸਕੂਲ ਨੂੰ ਸੁੰਦਰ ਲਾਈਟਾਂ ਨਾਲ ਸਜਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਡਾ: ਪਲਵਿੰਦਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਦੀਵਾਲੀ ਅੰਧਕਾਰ 'ਤੇ ਪ੍ਰਕਾਸ਼ ਦੀ ਜਿੱਤ ਦਾ ਪ੍ਰਤੀਕ ਹੈ। ਉਨ੍ਹਾਂ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਇਤਿਹਾਸ ਨੂੰ ਵਿਦਿਆਰਥੀਆਂ ਸਾਹਮਣੇ ਪੇਸ਼ ਕੀਤਾ ਅਤੇ ਪ੍ਰੇਰਿਤ ਕੀਤਾ ਕਿ ਸਾਨੂੰ ਪਟਾਖੇ ਘੱਟ ਚਲਾਉਣੇ ਚਾਹੀਦੇ ਹਨ, ਹਰੀ ਦੀਵਾਲੀ ਅਤੇ ਸਾਫ਼- ਸੁਥਰੀ ਦੀਵਾਲੀ ਮਨਾਉਣੀ ਚਾਹੀਦੀ ਹੈ। ਇਸ ਮੌਕੇ ਤੇ ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਸ਼ਾਮਿਲ ਸਨ।

# ਨਾਸਰ ਪਿੰਡ ਤੋਂ ਦਰਜਨਾਂ ਪਰਵਾਰ ਭਾਰਤੀ ਜਨਤਾ ਪਾਰਟੀ ਹੋਏ ਸ਼ਾਮਲ



**ਅਜਨਾਲਾ (ਸੁਖਤਿੰਦਰ ਸਿੰਘ)**- ਵਿਧਾਨ ਸਭਾ ਹਲਕਾ ਅਜਨਾਲਾ ਦੇ ਨਾਸਰ ਪਿੰਡ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਵਕਤ ਵੱਡਾ ਹੁੰਗਾਰਾ ਮਿਲਿਆ ਜਦੋਂ ਸਵਰਗਵਾਸੀ ਬੀਬੀ ਜਗਦੀਸ਼ ਕੌਰ ਵੱਲੋਂ ਕਰਵਾਏ ਗਏ ਭਲਾਈ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਵਿੱਕੀ ਨਾਸਰ ਦੀ ਪ੍ਰੇਰਨਾ ਸਦਕਾ ਹੋ ਕੇ ਦਰਜਨਾਂ ਪਰਵਾਰਾਂ ਨੇ ਵੱਖ-ਵੱਖ ਰਵਾਇਤੀ ਪਾਰਟੀਆਂ ਨੂੰ ਅਲਵਿਦਾ ਆਖ ਕੇ ਭਾਰਤੀ ਜਨਤਾ ਪਾਰਟੀ ਦੇ ਅੰਮ੍ਰਿਤਸਰ ਤੋਂ ਦਿਹਾਤੀ ਪ੍ਰਧਾਨ ਅਤੇ ਅਜਨਾਲਾ ਤੋਂ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਸ਼ਾਮਲ ਹੋਣ ਵਾਲੇ ਬਾਬਾ ਅਮਰੀਕ, ਮੈਂਬਰ ਪੰਚਾਇਤ ਰੌਬਣ ਮਸੀਹ, ਟਹਿਲ ਸਿੰਘ, ਸਾਬਕਾ ਮੈਂਬਰ ਹਰਭਜਨ ਸਿੰਘ, ਮਾਟੀ, ਕੁਲਦੀਪ ਸਿੰਘ, ਬੀਰ ਸਿੰਘ, ਬਰਾੜ ਸਿੰਘ, ਕੁਲਦੀਪ ਸਿੰਘ, ਰਾਜਾ, ਬਿੱਕਾ ਮਸੀਹ, ਕੁਲਦੀਪ ਮਸੀਹੀ, ਸਨੀ ਮਸੀਹੀ ਵਿੱਕੀ, ਪ੍ਰਗਟ ਮਸੀਹ, ਮੰਗਾ ਮਸੀਹ, ਪਾਸਟਰ ਥੋਮਸ, ਰੂਪ ਮਸੀਹ, ਅਮਰਜੀਤ ਮਸੀਹ, ਰਿੰਕੂ, ਲੱਭਾ ਮਸੀਹ, ਵਿਜਾ ਮਸੀਹ, ਵੀਰੂ ਮਸੀਹ ਅਤੇ ਬਾਬਾ ਬੁਰਾ ਸਿੰਘ ਆਦਿ ਨੂੰ ਭਾਜਪਾ ਦੇ ਨਿਸ਼ਾਨ ਵਾਲੇ ਮਫਲਰ ਪਾ ਕੇ ਸਨਮਾਨਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਵੀ ਹੁਣ ਦੇਸ਼ ਦੇ ਦੂਜੇ ਸੂਬਿਆਂ ਵਾਂਗ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਡਬਲ ਇੰਜਣ ਦੀ ਸਰਕਾਰ ਲਿਆਉਣਾ ਚਾਹੁੰਦੇ ਹਨ, ਕਿਉਂਕਿ ਕੋਈ ਵੀ ਸੂਬਾ ਕੇਂਦਰ ਸਰਕਾਰ ਦੀ ਮਦਦ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦਾ, ਇਸ ਲਈ ਪੰਜਾਬ ਨੂੰ ਮੁੜ ਲੀਹਾਂ 'ਤੇ ਲਿਆਉਣ ਅਤੇ ਤਰੱਕੀ ਦੀਆਂ ਬੁਲੰਦੀਆਂ ਤੇ ਪਹੁੰਚਾਉਣ ਲਈ ਪੰਜਾਬ ਦੇ ਲੋਕ 27 ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਲਿਆਉਣਾ ਦਾ ਮਾਣ ਬਣਾ ਚੁੱਕੇ ਹਨ ਅਤੇ ਵੱਡੇ ਪੱਧਰ ਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ।

# ਹਰਸਿਮਰਤ ਸਿੰਘ ਵੱਲੋਂ ਗੁਰਬਾਣੀ ਕੰਠ ਮੁਕਾਬਲੇ 'ਚ ਪਹਿਲਾ ਸਥਾਨ ਹਾਸਲ



**ਚੋਹਲਾ ਸਾਹਿਬ (ਰਮਨ ਚੱਡਾ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸ਼ਿਪਸ ਇੰਸਟੀਚਿਊਟ ਰਾਣੀ ਵਲਾਹ ਦੇ ਵਿਦਿਆਰਥੀਆਂ ਨੇ ਭਾਈ ਗੁਰਦਾਸ ਅਕੈਡਮੀ ਵਲੋਂ ਆਯੋਜਿਤ ਧਾਰਮਿਕ ਮੁਕਾਬਲਿਆਂ ਗੁਰਬਾਣੀ ਕੰਠ, ਕੀਰਤਨ ਅਤੇ ਪ੍ਰਸ਼ਨੋਤਰੀ ਵਿੱਚ ਭਾਗ ਲੈ ਕੇ ਉੱਤਮ ਪ੍ਰਦਰਸ਼ਨ ਕੀਤਾ।ਇਸ ਮੌਕੇ ਹਰਸਿਮਰਤ ਸਿੰਘ ਨੇ ਗੁਰਬਾਣੀ ਕੰਠ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਨਾ ਸਿਰਫ਼ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ, ਸਗੋਂ ਧਾਰਮਿਕ ਗਿਆਨ ਅਤੇ ਅਧਿਆਤਮਕ ਸਾਧਨਾ ਦੀ ਮਹੱਤਾ ਨੂੰ ਵੀ ਉਭਾਰਿਆ।ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ, ਉਨ੍ਹਾਂ ਵਿੱਚ ਧਾਰਮਿਕ ਜਾਗਰੂਕਤਾ ਪੈਦਾ ਕਰਨ ਅਤੇ ਅਧਿਆਤਮਿਕ ਜੀਵਨ ਵੱਲ ਪ੍ਰੇਰਿਤ ਕਰਨ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਅਤੇ ਯਤਨਾਂ ਦੀ ਪ੍ਰਸੰਸਾ ਕਰਦਿਆਂ ਭਾਈ ਗੁਰਦਾਸ ਅਕੈਡਮੀ ਵੱਲੋਂ ਸ਼ਿਪਸ ਇੰਸਟੀਚਿਊਟ ਰਾਣੀ ਵਲਾਹ ਦੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦਿਆਂ ਕਿਹਾ ਕਿ ਇਹ ਸਨਮਾਨ ਨਾ ਸਿਰਫ਼ ਉਨ੍ਹਾਂ ਦੀ ਵਿਅਕਤੀਗਤ ਸੇਵਾ ਦੀ ਪਛਾਣ ਹੈ, ਸਗੋਂ ਸੰਸਥਾ ਦੇ ਪੂਰੇ ਧਾਰਮਿਕ ਅਤੇ ਸੰਸਕਾਰਿਕ ਵਿਅੰਤਰ ਨੂੰ ਵੀ ਦਰਸਾਉਂਦਾ ਹੈ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨਲ ਡਾਇਰੈਕਟਰ ਨਵਦੀਪ ਕੌਰ ਸੰਧੂ, ਮਦਨ ਪਠਾਨੀਆਂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਵਲੋਂ ਵਿਦਿਆਰਥੀ ਦੀ ਕਾਬਲੀਅਤ ਨੂੰ ਸਰਾਹਿਆ ਗਿਆ ਅਤੇ ਬੱਚਿਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਬੱਚਿਆਂ ਦੇ ਹਰ ਸਾਲ ਧਾਰਮਿਕ ਮੁਕਾਬਲੇ ਕਰਵਾਉਣ ਅਤੇ ਬੱਚਿਆਂ ਲਈ ਅਜਿਹੇ ਮੌਕੇ ਪੈਦਾ ਕਰਨ ਲਈ ਭਾਈ ਗੁਰਦਾਸ ਅਕੈਡਮੀ ਦੇ ਸਮੁੱਚੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਕਪੂਰ ਬਰਾਦਰੀ ਦੀ ਸਾਲਾਨਾ ਮੇਲ ਸੰਬੰਧੀ ਮੀਟਿੰਗ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਕਪੂਰ ਬਿਰਾਦਰੀ ਦੀ ਸਾਲਾਨਾ ਮੇਲ ਦੀ ਤਿਆਰੀ ਸੰਬੰਧੀ ਕਾਰਜਕਾਰੀ ਦੀ ਇੱਕ ਬੈਠਕ ਸੰਤੋਸ਼ੀ ਮਾਤਾ ਕੇ ਦਰਬਾਰ ਪਨੀਆਰ ਗਾਂਧੀਆਂ ਵਿੱਚ ਪ੍ਰਧਾਨ ਸੰਦੀਪ ਕਪੂਰ ਦੀ ਪ੍ਰਧਾਨਤਾ ਵਿੱਚ ਹੋਈ।9 ਨਵੰਬਰ ਨੂੰ ਹੋ ਰਹੀ ਸਾਲਾਨਾ ਮੇਲ ਦੀ ਤਿਆਰੀ ਸੰਬੰਧੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਸਤੀਸ਼ ਕਪੂਰ, ਸੰਜੀਵ ਕਪੂਰ , ਰਣਧੀਰ ਕਪੂਰ, ਮਨੀਸ਼ ਕਪੂਰ, ਕਮਲ ਕਪੂਰ, ਸ਼ਿਵਾਂਸ਼ ਕਪੂਰ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹਨ।

# ਆਂਗਣਵਾੜੀ ਸੈਂਟਰ ਖਾਨਮੱਲਕ ਵਿਖੇ ਸਰਕਲ ਪੱਧਰੀ ਪੋਸ਼ਣ ਮਾਹ ਸਮਾਰੋਹ ਕਰਵਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਆਦੇਸ਼ਾਂ ਤਹਿਤ ਸੀ.ਡੀ.ਪੀ.ਓ.ਦਫਤਰ ਧਾਰੀਵਾਲ ਅਧੀਨ ਪੈਂਦੇ ਸਰਕਲ ਭੁੰਬਲੀ ਦੀਆਂ ਸਮੂਹ ਆਂਗਣਵਾੜੀ ਵਰਕਰਾਂ ਵਲੋਂ ਪਿੰਡ ਖਾਨਮੱਲਕ ਦੇ ਆਂਗਣਵਾੜੀ ਸੈਂਟਰ ਵਿਖੇ ਪੋਸ਼ਣ ਮਾਹ ਅਭਿਆਨ ਦਾ ਸਮਾਪਤੀ ਸਮਾਰੋਹ ਕਰਵਾਇਆ। ਇਸ ਮੌਕੇ ਕੰਵਲਜੀਤ ਕੌਰ ਚਾਹਲ ਅਤੇ ਬਲਜਿੰਦਰ ਕੌਰ ਦੇ ਪ੍ਰਬੰਧਾਂ ਹੇਠ ਹੋਏ ਸਰਕਲ ਪੱਧਰੀ ਸਮਾਗਮ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਦਾਸਪੁਰ ਜਸਮੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸੀ ਡੀ ਪੀ ਓ ਧਾਰੀਵਾਲ ਕੁਸ਼ਮ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੇ ਪ੍ਰਬੰਧਕ ਕੰਵਲਜੀਤ ਕੌਰ ਚਾਹਲ ਅਤੇ ਬਲਜਿੰਦਰ ਕੌਰ ਵਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਫੁੱਲਾਂ ਦਾ ਬੁੱਕਾ ਭੇਟ ਕੀਤਾ। ਸਮਾਗਮ ਦੌਰਾਨ ਗਰਭਵਤੀ ਔਰਤਾਂ ਲਈ ਗੋਦ ਭਰਾਈ ਦੀ ਰਸਮ ਮੁੱਖ ਮਹਿਮਾਨ ਜਸਮੀਤ ਕੌਰ ਅਤੇ ਵਿਸ਼ੇਸ਼ ਮਹਿਮਾਨ ਕੁਸਮ ਸ਼ਰਮਾ ਵੱਲੋਂ ਨਿਭਾਈ ਗਈ। ਇਸ ਮੌਕੇ ਪੌਸ਼ਟਿਕ ਅਹਾਰ ਸਬੰਧੀ ਆਂਗਣਵਾੜੀ ਵਰਕਰਾਂ ਵਲੋਂ ਸਲੋਗਨ ਅਤੇ ਪੌਸ਼ਟਿਕ ਖੁਰਾਕ ਦੇ ਸਟਾਲ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਗਮ ਦੌਰਾਨ ਆਂਗਣਵਾੜੀ ਸੈਂਟਰ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਸ਼ਾਨਦਾਰ ਪ੍ਰੋਗਰਾਮ ਪੇਸ਼ ਕੀਤਾ। ਸਮਾਗਮ ਵਿੱਚ ਸ਼ਾਮਲ ਸ਼ਖਸੀਅਤਾਂ ਅਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਯਾਦਗਿਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਵਿੱਚ ਸੁਪਰਵਾਈਜ਼ਰ ਪੂਜਾ, ਸੀ.ਐਚ.ਓ.ਰਮਨਪ੍ਰੀਤ ਕੌਰ, ਕਲਰਕ ਰੰਜਨੀ, ਬਲਾਕ ਕੋਆਰਡੀਨੇਟਰ ਗਗਨਦੀਪ, ਪ੍ਰਾਇਮਰੀ ਸਕੂਲ ਖਾਨਮੱਲਕ ਦੇ ਮੁੱਖ ਅਧਿਆਪਕ ਮਨਿੰਦਰਜੀਤ ਕੌਰ, ਜਸਪਾਲ ਕੌਰ, ਸਮਿੰਦਰ ਕੌਰ ਹੈਡ ਟੀਚਰ ਸਕੂਲ ਧਾਰੀਵਾਲ ਕਲਾਂ ਤੋਂ ਇਲਾਵਾ ਰਣਜੀਤ ਕੌਰ, ਸਰਬਜੀਤ ਕੌਰ, ਦਿਲਰਾਜ ਕੌਰ, ਰਜਵੰਤ, ਮੀਨੂੰ, ਕੋਮਲਪ੍ਰੀਤ ਕੌਰ, ਬਿੰਦੂ ਬਾਲਾ, ਰਣਜੀਤ ਕੌਰ ਪੀਰ ਦੀ ਸੈਨ, ਕੁਲਜੀਤ ਕੌਰ, ਦਲਬੀਰ ਕੌਰ, ਕਸ਼ਮੀਰ ਕੌਰ ਆਦਿ ਆਸ਼ਾ ਵਰਕਰ, ਹੈਲਪਰ ਅਤੇ ਪਿੰਡ ਦੀਆਂ ਲਾਭਪਾਤਰੀ ਔਰਤਾਂ ਸਾਮਲ ਸਨ।

# ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਦੇ ਏ.ਐਸ.ਆਈ. ਮਨਜੀਤ ਸਿੰਘ ਨੇ ਦੱਸਿਆ ਕਿ ਦਿਲਬਾਗ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਕੱਤੋਵਾਲ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਉਸ ਨੇ ਪਿੰਡ ਵਿਚ ਨਵਾਂ ਮਕਾਨ ਬਣਾਇਆ ਸੀ ਜਿਸ ਦੇ ਨਾਲ 11 ਫੁੱਟ ਦੀ ਗਲੀ ਲਗਦੀ ਹੈ। ਗਲੀ ਦੀ ਜਗ੍ਹਾ ਛੱਡ ਕੇ ਮਕਾਨ ਦੇ ਬਾਹਰ ਮੇਰੇ ਵਲੋਂ ਆਪਣੀ ਛੱਡੀ ਹੋਈ ਜਗ੍ਹਾ ਵਿਚ ਮਿਤੀ 18 ਅਕਤੂਬਰ ਨੂੰ ਡਿਜ਼ਾਇਨ ਬਣਾਇਆ ਜਾ ਰਿਹਾ ਸੀ ਤਾਂ ਜਗਦੇਵ ਸਿੰਘ, ਸੁਖਵੰਤ ਸਿੰਘ ਪੁੱਤਰਾਂਨ ਗੁਰਚਰਨ ਸਿੰਘ, ਸੁਖਜਿੰਦਰ ਸਿੰਘ ਪੁੱਤਰ ਅਜੀਤ ਸਿੰਘ, ਬਲਜੀਤ ਸਿੰਘ, ਅਮਰਜੀਤ ਸਿੰਘ ਪੁੱਤਰ ਅਜੀਤ ਸਿੰਘ, ਮਨਜਿੰਦਰ ਕੌਰ ਪਤਨੀ ਸੁਖਜਿੰਦਰ ਸਿੰਘ, ਰਵਿੰਦਰਪਾਲ ਸਿੰਘ, ਗੁਰਮਿੰਦਰ ਸਿੰਘ ਪੁੱਤਰਾਨ ਬਲਜੀਤ ਸਿੰਘ, ਰਾਜਵਿੰਦਰ ਕੌਰ ਪਤਨੀ ਬਲਜੀਤ ਸਿੰਘ, ਜਗਜੀਤ ਸਿੰਘ ਪੁੱਤਰ ਜਗਮੋਹਨ ਸਿੰਘ, ਗੁਰਪ੍ਰੀਤ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਕੱਤੋਵਾਲ ਨੇ ਮੈਨੂੰ ਕੰਮ ਤੋਂ ਰੋਕ ਕੇ ਧੱਕਾ ਮੁੱਕੀ ਕੀਤਾ ਅਤੇ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ। ਸ਼ਾਲਾ ਪੁਲਿਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਦੀਵਾਲੀ 'ਤੇ ਗਿਆਨ ਦਾ ਦੀਵਾ ਜਗਾਓ ਤੇ ਲੋੜਵੰਦਾਂ ਦੇ ਘਰਾਂ ਨੂੰ ਰੌਸ਼ਨ ਕਰੋ : ਤਲਵਾੜ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਦੀਵਾਲੀ ਰੌਸ਼ਨੀਆਂ ਦਾ ਤਿਉਹਾਰ ਹੈ, ਅਤੇ ਇਹ ਰੌਸ਼ਨੀ ਸਾਡੀ ਖੁਸ਼ੀ ਦਾ ਪ੍ਰਤੀਕ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰ ਕਿਸੇ ਦਾ ਘਰ ਇਸ ਰੌਸ਼ਨੀ ਨਾਲ ਰੋਸ਼ਨ ਹੋਵੇ ਅਤੇ ਉਨ੍ਹਾਂ ਤੱਕ ਪਹੁੰਚੇ ਜਿਨ੍ਹਾਂ ਨੂੰ ਅਜੇ ਤੱਕ ਇਹ ਨਹੀਂ ਮਿਲੀ ਹੈ। ਸਮਾਜਿਕ ਕਾਰਕੁਨ ਸੰਜੀਵ ਤਲਵਾੜ ਨੇ ਇਹ ਸ਼ਬਦ ਸਤਿਆਰਾਜ ਵਿਦਿਆਰਥੀ ਸਹਾਇਤਾ ਕੇਂਦਰ ਨਾਲ ਜੁੜੇ ਵਿਦਿਆਰਥੀਆਂ ਨਾਲ ਦੀਵਾਲੀ ਮਨਾਉਂਦੇ ਹੋਏ ਕਹੇ। ਤਲਵਾੜ ਨੇ ਕਿਹਾ ਕਿ ਸਿੱਖਿਆ ਇੱਕ ਅਜਿਹਾ ਦੀਵਾ ਹੈ ਜੋ ਜੇਕਰ ਕਿਸੇ ਦੇ ਜੀਵਨ ਵਿੱਚ ਜਗਾਇਆ ਜਾਵੇ ਤਾਂ ਉਹ ਸਾਰੀ ਉਮਰ ਉਨ੍ਹਾਂ ਦੇ ਘਰ ਨੂੰ ਰੌਸ਼ਨ ਕਰਦਾ ਹੈ। ਇਸ ਲਈ, ਸਾਨੂੰ ਸਾਰਿਆਂ ਨੂੰ ਆਪਣੇ ਆਲੇ ਦੁਆਲੇ ਦੇ ਕਿਸੇ ਵੀ ਵਿਦਿਆਰਥੀ ਦੀ ਮਦਦ ਕਰਨੀ ਚਾਹੀਦੀ ਹੈ ਜੋ ਪੜ੍ਹਾਈ ਵਿੱਚ ਦਿਲਚਸਪੀ ਰੱਖਦਾ ਹੈ ਪਰ ਅਜਿਹਾ ਕਰਨ ਵਿੱਚ ਅਸਮਰੱਥ ਹੈ। ਪ੍ਰੋਗਰਾਮ ਦੌਰਾਨ ਬੱਚਿਆਂ ਨੂੰ ਸੰਬੋਧਨ ਕਰਦਿਆਂ ਸਾਬਕਾ ਕੌਂਸਲਰ ਨੀਤੀ ਤਲਵਾੜ ਨੇ ਕਿਹਾ ਕਿ ਸਾਨੂੰ ਘੱਟੋ-ਘੱਟ ਇੱਕ ਪਰਵਾਰ ਨੂੰ ਆਤਮਨਿਰਭਰ ਬਣਾਉਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਸਹੂਲਤਾਂ ਹਰ ਬੱਚੇ ਦਾ ਮੌਲਿਕ ਅਧਿਕਾਰ ਹਨ, ਇਸ ਲਈ ਅਸੀਂ ਸਰਕਾਰੀ ਸਹਾਇਤਾ 'ਤੇ ਨਿਰਭਰ ਨਹੀਂ ਹੋ ਸਕਦੇ, ਇਸ ਲਈ ਜੇਕਰ ਸਮਾਜ ਇਹ ਫੈਸਲਾ ਕਰਦਾ ਹੈ ਕਿ ਕੋਈ ਵੀ ਬੱਚਾ ਸਿੱਖਿਆ ਤੋਂ ਬਿਨਾਂ ਨਹੀਂ ਰਹਿ ਸਕਦਾ, ਤਾਂ ਸਾਨੂੰ ਯਕੀਨ ਹੈ ਕਿ ਗਿਆਨ ਦੇ ਇਸ ਦੀਵੇ ਨਾਲ ਅਸੀਂ ਪੂਰੇ ਭਾਰਤ ਨੂੰ ਆਤਮਨਿਰਭਰ ਬਣਾ ਸਕਦੇ ਹਾਂ। ਇਸ ਮੌਕੇ ਸਹਾਇਤਾ ਕੇਂਦਰ ਦੇ ਇੰਚਾਰਜ ਸੰਜੀਵ ਥਾਪਰ ਨੇ ਕਿਹਾ ਕਿ ਟਰੱਸਟ ਨਾਲ ਜੁੜੇ ਵਿਦਿਆਰਥੀਆਂ ਦਾ ਮਨੋਬਲ ਵਧਾਉਣ ਲਈ 21 ਅਕਤੂਬਰ ਨੂੰ ਉਨ੍ਹਾਂ ਲਈ ਇੱਕ ਟੂਰ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਬੱਚਿਆਂ ਨੇ ਵੱਖ-ਵੱਖ ਵਿਸ਼ਿਆਂ 'ਤੇ ਗਿਆਨ ਪ੍ਰਾਪਤ ਕੀਤਾ ਅਤੇ ਆਪਸੀ ਤਾਲਮੇਲ ਰਾਹੀਂ ਸਮਾਜਿਕ ਸਦਭਾਵਨਾ ਲਈ ਪ੍ਰਣ ਵੀ ਲਿਆ। ਇਸ ਮੌਕੇ ਬੱਚਿਆਂ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਅਨੁਸਾਰ ਤੋਹਫ਼ੇ ਦੇ ਕੇ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ।

# ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਭਾਜਪਾ ਵਰਕਰਾਂ ਵੱਲੋਂ ਸ਼ਾਨਦਾਰ ਸਵਾਗਤ



**ਛੇਹਰਟਾ (ਮਨੋਜ ਕੁਮਾਰ)**- ਲਾਹੌਰੀ ਗੇਟ ਸਥਿਤ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਦੇ ਦਫ਼ਤਰ ਵਿਚ ਕੇਂਦਰੀ ਗ੍ਰਹਿ ਰਾਜ ਮੰਤਰੀ ਬੰਡੀ ਸੰਜੇ ਕੁਮਾਰ ਪੁੱਜੇ। ਭਾਜਪਾ ਵਰਕਰਾਂ ਨੇ ਉਨ੍ਹਾਂ ਦਾ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ। ਬੰਡੀ ਸੰਜੇ ਕੁਮਾਰ ਨੇ ਸਮੂਹ ਵਰਕਰਾਂ ਤੇ ਹਾਜ਼ਰੀਨ ਨੂੰ ਦੀਵਾਲੀ ਤੇ ਭਾਈ ਦੂਜ ਦੀ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਵਰਕਰਾਂ ਨਾਲ ਗੱਲਬਾਤ ਕਰਦਿਆਂ ਬੰਡੀ ਸੰਜੇ ਕੁਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ ਦਿਨੋ-ਦਿਨ ਵਿਗੜਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਸਭ ਦਾ ਸਾਥ, ਸਭ ਦਾ ਵਿਕਾਸ' ਦੇ ਮੰਤਰ ਨਾਲ ਪੂਰੇ ਦੇਸ਼ ਵਿਚ ਸ਼ਾਂਤੀ ਤੇ ਏਕਤਾ ਬਣਾਈ ਰੱਖਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਇਸ ਮੌਕੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਰਵੀਕਰਨ ਕਾਹਲੋਂ, ਅਮਰਪਾਲ ਸਿੰਘ ਰੰਧਾਵਾ, ਭਾਜਪਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਚੰਦਰ ਸ਼ੇਖਰ ਸ਼ਰਮਾ, ਸਰਬਜੀਤ ਸਿੰਘ ਸ਼ੰਟੀ, ਲਵਿੰਦਰ ਬੰਟੀ, ਹੇਮੰਤ ਪਿੰਕੀ, ਰਾਜੇਸ਼ ਮਹਿਤਾ, ਸ਼ਿਵ ਕੁਮਾਰ ਸ਼ਰਮਾ, ਸ਼ੰਕਰ ਲਾਲ, ਸੁਨੀਲ ਸਹਿਗਲ, ਅਸ਼ੋਕ ਮਨਚੰਦਾ, ਅਰੁਣ ਖੰਨਾ, ਤਰੁਣ ਅਰੋੜਾ, ਮਹਿਲਾ ਮੋਰਚਾ ਤੋਂ ਸੀਮਾ ਕੁਮਾਰੀ, ਮਨਜੀਤ ਚੰਡੋਕ, ਪ੍ਰਦੀਪ ਖੰਨਾ, ਸੰਜੀਵ ਸ਼ਰਮਾ, ਅੰਸ਼ੁਲ ਖੰਨਾ, ਵਰੁਣ ਅਰੋੜਾ, ਅਨੁਜ ਸ਼ਰਮਾ, ਸੁਰਿੰਦਰ ਮੋਹਨ ਬਾਵਾ, ਵਰੁਣ ਅਗਰਵਾਲ, ਹੀਰਾ ਲਾਲ, ਅੰਕੁਰ ਚੋਪੜਾ, ਰਾਮਾ, ਚਿੰਟੂ ਮਹਿਰਾ, ਹੈਪੀ ਨਈਅਰ, ਕੈਲਾਸ਼ ਕਿੰਗ, ਕਾਰਤਿਕ ਮਹਾਜਨ, ਵਰਿਆਮ ਸਿੰਘ ਬਿੱਟੂ, ਸੁਰਿੰਦਰ ਮਹਿਰਾ ਸਮੇਤ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਹਾਜ਼ਰ ਸਨ।

# ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ (ਸਟੇਟ ਐਵਾਰਡੀ) ਦਾ ਵਿਸ਼ੇਸ਼ ਸਨਮਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸ੍ਰੀਮਤੀ ਡਾ. ਸੁਨੀਤਾ ਕੌਸ਼ਲ ਪ੍ਰਿੰਸੀਪਲ ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਨੂੰ ਸਟੇਟ ਐਵਾਰਡ ਮਿਲਣ ਉਪਰੰਤ ਸਾਬਕਾ ਕੈਬਨਿਟ ਮੰਤਰੀ ਪੰਜਾਬਤ੍ਰਿਪਤ ਰਜਿੰਦਰ ਸਿੰਘ ਬਾਜਵਾ ਵੱਲੋਂ ਆਪਣੀ ਰਿਹਾਇਸ਼ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਬਾਜਵਾ ਨੇ ਕਿਹਾ ਕਿ ਪ੍ਰਿੰਸੀਪਲ ਡਾ. ਕੌਸ਼ਲ ਇੱਕ ਬਹੁਤ ਹੀ ਮੇਹਨਤੀ ਅਧਿਕਾਰੀ ਹਨ ਜਿਨ੍ਹਾ ਨੇ ਸਟੇਟ ਐਵਾਰਡ ਹਾਸਲ ਕਰਕੇ ਕਾਦੀਆਂ ਦਾ ਨਾਮ ਪੂਰੇ ਪੰਜਾਬ ਵਿੱਚ ਰੌਸ਼ਨ ਕੀਤਾ ਹੈ। ਉਹਨਾਂ ਅੱਗੇ ਕਿਹਾ ਕਿ ਪ੍ਰਿੰਸੀਪਲ ਡਾ.ਕੌਸ਼ਲ ਨੇ ਆਪਣੀ ਮੇਹਨਤ ਅਤੇ ਇਮਾਨਦਾਰੀ ਨਾਲ ਸਕੂਲ ਦਾ ਬਹੁਪੱਖੀ ਵਿਕਾਸ ਕੀਤਾ ਹੈ ਅਤੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਇਲਾਕੇ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਕੀਤੀ ਹੈ। ਇਸ ਮੌਕੇ ਨਰਿੰਦਰ ਭਾਟੀਆ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆਂ, ਲਾਲ ਚੰਦ ਰਿਟਾਇਰਡ ਸੀਨੀਅਰ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਅਤੇ ਰਕੇਸ਼ ਕੁਮਾਰ ਆਦਿ ਹਾਜ਼ਰ ਸਨ।

# ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਪੰਚਾਇਤਾਂ ਨੂੰ 1.36 ਕਰੋੜ ਦੀਆਂ ਗ੍ਰਾਂਟਾਂ ਵੰਡੀਆਂ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੀਨਾਨਗਰ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਦੀਵਾਲੀ ਦੇ ਮੌਕੇ ਵਿਧਾਨ ਸਭਾ ਹਲਕਾ ਦੀਨਾਨਗਰ ਦੀਆਂ 52 ਗ੍ਰਾਮ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 1.36 ਕਰੋੜ ਰੁਪਏ ਦੀਆਂ ਗ੍ਰਾਂਟਾਂ ਵੰਡੀਆਂ ।ਪਾਰਟੀ ਦਫਤਰ ਅੱਬਲਖੈਰ ਵਿਖੇ ਦੀਵਾਲੀ ਦੇ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਉਕਤ 52 ਪਿੰਡਾਂ ਦੇ ਸਰਪੰਚਾਂ ਨੂੰ ਗ੍ਰਾਂਟਾਂ ਦੇ ਮਨਜ਼ੂਰੀ ਪੱਤਰ ਵੰਡਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਇਸ ਵੇਲੇ ਸੂਬੇ ਅੰਦਰ ਵਿਕਾਸ ਦੀ ਹਨੇਰੀ ਵਗ ਰਹੀ ਹੈ। ਹਲਕੇ ਅੰਦਰ ਜਿੱਥੇ ਲਿੰਕ ਸੜਕਾਂ ਨੂੰ ਬਨਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਉੱਥੇ ਹੀ ਨੌਜਵਾਨਾਂ ਲਈ ਪਿੰਡਾਂ ਅੰਦਰ ਖੇਡ ਸਟੇਡੀਅਮ ਬਣਾਉਣ ਅਤੇ ਹੋਰਨਾਂ ਵਿਕਾਸ ਕਾਰਜਾਂ ਦੇ ਇਲਾਵਾ ਅੱਜ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਲਈ 1.36 ਕਰੋੜ ਰੁਪਏ ਦੀਆਂ ਗ੍ਰਾਂਟਾਂ ਵੰਡੀਆਂ ਗਈਆਂ ਹਨ। ਸਿਹਤ, ਸਿੱਖਿਆ ਅਤੇ ਬਿਜਲੀ ਦੇ ਖੇਤਰ ਅੰਦਰ ਕ੍ਰਾਂਤੀਕਾਰੀ ਬਦਲਾਵਾਂ ਕਾਰਨ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਆਇਆ ਹੈ ਅਤੇ ਲੋਕ ਸਹਿਜ ਮਹਿਸੂਸ ਕਰ ਰਹੇ ਹਨ। ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਲੋਕਾਂ ਲਈ ਉਹ ਦਿਨ ਰਾਤ ਕੰਮ ਕਰ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਅੰਦਰ ਦੀਨਾਨਗਰ ਖੇਤਰ ਵਿਕਾਸ ਕਾਰਜਾਂ ਦੀ ਲੜੀ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਸਰਪੰਚ ਗੁਰਨਾਮ ਸਿੰਘ ਸਿੰਗੋਵਾਲ, ਸਰਪੰਚ ਲਖਵਿੰਦਰ ਸਿੰਘ ਮੁੰਨਣਾਵਾਲੀ, ਸਰਪੰਚ ਨਰਿੰਦਰ ਸਿੰਘ ਬਹੇੜੀ, ਸਰਪੰਚ ਬਚਨ ਲਾਲ ਬਹਿਰਾਮਪੁਰ, ਸਰਪੰਚ ਵਰਿੰਦਰ ਸਿੰਘ ਬਿੰਦੂ ਪਨਿਆੜ, ਸਰਪੰਚ ਕਿਰਪਾਲ ਸਿੰਘ ਚੱਕ ਅਲੀਆ, ਸਰਪੰਚ ਗੌਰਵ ਠਾਕੁਰ ਸ਼ਾਹਪੁਰ, ਸਰਪੰਚ ਨਿਤਿਨ ਸੈਣੀ ਦੋਦਵਾਂ, ਸਰਪੰਚ ਸੁਤੰਤਰ ਸਿੰਘ ਸਿੱਧਪੁਰ, ਸਰਪੰਚ ਰਛਪਾਲ ਸਿੰਘ ਤਲਵੰਡੀ, ਸਰਪੰਚ ਦਲਬੀਰ ਸਿੰਘ ਬਿੱਲਾ, ਸਰਪੰਚ ਗਾਂਧੀ ਮੱਟਮ ਅਤੇ ਗੋਰਾ ਕੱਤੋਵਾਲ ਦੇ ਇਲਾਵਾ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਦੇ ਸਰਪੰਚ ਅਤੇ ਹੋਰ ਮੋਹਤਵਰ ਹਾਜ਼ਰ ਸਨ।

# ਪੁਲਸ ਯਾਦਗਾਰੀ ਦਿਵਸ 'ਤੇ ਸ਼ਹੀਦਾਂ ਨੂੰ ਨਿੱਘੀ ਸ਼ਰਧਾਂਜਲੀ



**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)**- ਪੁਲਸ ਲਾਈਨ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਸ਼ਹਿਰ ਵਿਖੇ ਸ਼ਹੀਦੀ ਸਮਾਰਕ ਵਿਖੇ ਪੁਲਸ ਯਾਦਗਾਰੀ ਦਿਵਸ ਦੌਰਾਨ ਸਤਿਕਾਰਯੋਗ ਸ਼ਹੀਦ ਪੁਲਸ ਪਰਵਾਰਾਂ ਦੇ ਮੈਂਬਰਾਨ ਅਤੇ ਲਕਸ਼ਮੀ ਕਾਂਤਾ ਚਾਵਲਾ (ਸਾਬਕਾ ਮੰਤਰੀ), ਸਾਕਸ਼ੀ ਸਾਹਨੀ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ, ਜਗਜੀਤ ਸਿੰਘ ਵਾਲੀਆ, ਡੀ.ਸੀ.ਪੀ ਸਿਟੀ, ਰਵਿੰਦਰ ਪਾਲ ਸਿੰਘ ਸੰਧੂ, ਡੀ.ਸੀ.ਪੀ, ਡਿਟੈਕਟਿਵ ਅਤੇ ਆਲਮ ਵਿਜੈ ਸਿੰਘ ਡੀ.ਸੀ.ਪੀ ਲਾਅ-ਐਂਡ-ਆਰਡਰ, ਅੰਮ੍ਰਿਤਸਰ ਸਮੂਹ ਏ.ਡੀ.ਸੀ.ਪੀਜ਼, ਏ.ਸੀ.ਪੀਜ਼, ਮੁੱਖ ਅਫ਼ਸਰ ਥਾਣਾ ਅਤੇ ਪੁਲਸ ਜਵਾਨਾਂ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਖੁਸ਼ਬੀਰ ਕੌਰ ਏ.ਸੀ.ਪੀ, ਪਰੇਡ ਕਮਾਂਡਰ ਦੀ ਕਮਾਂਡ ਹੇਠ ਪੁਲਸ ਕਰਮਚਾਰੀਆਂ ਦੀ ਗਾਰਦ ਨੇ ਸ਼ਹੀਦਾਂ ਨੂੰ ਸ਼ੋਕ ਸਲਾਮੀ ਦਿੱਤੀ ਅਤੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਦੋ ਮਿੰਟ ਦਾ ਮੋਨ ਰੱਖਿਆ ਗਿਆ। ਕਮਲਜੀਤ ਸਿੰਘ, ਪੀ.ਪੀ.ਐਸ ਨੇ ਇਸ ਸਾਲ ਦੌਰਾਨ ਭਾਰਤ ਦੇ ਸਮੂਹ ਸਟੇਟ ਪੁਲਸ ਅਤੇ ਪੈਰਾਮਿਲਟ੍ਰੀ ਫੋਰਸ ਦੇ ਸ਼ਹੀਦ ਹੋਏ 191 ਜਵਾਨਾਂ ਦੇ ਨਾਮ ਪੜ੍ਹ ਕੇ ਉਹਨਾਂ ਨੂੰ ਯਾਦ ਕੀਤਾ। ਇਸ ਸਾਲ ਪੰਜਾਬ ਸਟੇਟ ਦੇ ਤਿੰਨ ਜਵਾਨ ਸਬ-ਇੰਸਪੈਕਟਰ ਚਰਨਜੀਤ ਸਿੰਘ, ਏ.ਐਸ.ਆਈ ਧਨਵੰਤ ਸਿੰਘ ਅਤੇ ਸਿਪਾਹੀ ਹਰਸ਼ਵੀਰ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਕਮਿਸ਼ਨਰ ਪੁਲਿਸ ਗੁਰਪ੍ਰੀਤ ਸਿੰਘ ਭੁੱਲਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਅੱਜ ਦਾ ਦਿਨ ਪੁਲਸ ਵਿਭਾਗ ਵਿੱਚ ਬਹੁਤ ਮਹੱਤਤਾ ਰੱਖਦਾ ਹੈ। ਅੱਜ ਦੇ ਦਿਨ 21 ਅਕਤੂਬਰ, 1959 ਨੂੰ ਸੀ ਆਰ ਪੀ ਐਫ ਦੇ 10 ਜਵਾਨਾਂ ਦੀ ਇੱਕ ਟੁਕੜੀ ਲੱਦਾਖ ਵਿੱਚ, ਭਾਰਤ-ਚੀਨ ਦੇ ਬਾਰਡਰ ਪਰ ਗਸ਼ਤ ਕਰਦੇ ਹੋਏ ਸ਼ਹੀਦ ਹੋ ਗਈ ਸੀ। ਇਹਨਾਂ ਸੂਰਬੀਰਾਂ ਨੂੰ ਯਾਦ ਕਰਨ ਲਈ ਹਰ ਸਾਲ 21 ਅਕਤੂਬਰ ਵਾਲੇ ਦਿਨ ਸਮੂਹ ਪੁਲਸ ਫੋਰਸ ਵੱਲੋਂ ਸ਼ਹੀਦੀ ਦਿਨ ਵਜੋਂ ਮਨਾਇਆ ਜਾਂਦਾ ਹੈ। ਉਹਨਾਂ ਕਿਹਾ ਕਿ ਕਾਲੇ ਦਿਨਾਂ ਸਮੇਂ ਜਦੋਂ ਪੁਲਸ ਜਵਾਨ ਘਰੋਂ ਡਿਊਟੀ ਲਈ ਜਾਂਦੇ ਸੀ ਤਾਂ ਪਰਵਾਰ ਨੂੰ ਪੂਰਨ ਭਰੋਸਾ ਨਹੀ ਹੁੰਦਾ ਸੀ ਕਿ ਉਹ ਘਰ ਵਾਪਸ ਆਉਣਗੇ ਜਾਂ ਨਹੀਂ, ਅਜਿਹਾ ਦੌਰ ਪੰਜਾਬ ਪੁਲਸ ਨੇ ਹੰਢਾਇਆ ਹੈ। ਉਹਨਾਂ ਕਿਹਾ ਕਿ ਸ਼ਹੀਦ ਪਰਵਾਰ ਸਾਡੀ ਪੁਲਸ ਪਰਵਾਰ ਦਾ ਅਟੁੱਟ ਹਿੱਸਾ ਹਨ, ਕਮਿਸ਼ਨਰੇਟ ਪੁਲਸ, ਹਮੇਸ਼ਾ ਆਪਣੇ ਸ਼ਹੀਦ ਪਰਵਾਰਾਂ ਦੀ ਸੇਵਾ ਲਈ ਹਮੇਸ਼ਾ ਵਚਨਬੱਧ ਹੈ। ਇਸ ਮੌਕੇ ਸ਼ਹੀਦਾਂ ਦੇ ਪਰਵਾਰਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸ਼ਮਸ਼ੇਰ ਸਿੰਘ (ਰਿਟਾ: ਇੰਸਪੈਕਟਰ), ਪ੍ਰਧਾਨ ਪੰਜਾਬ ਪੁਲਿਸ ਪੈਨਸ਼ਨ ਐਸੋਸੀਏਸ਼ਨ, ਅੰਮ੍ਰਿਤਸਰ, ਡਾ. ਰਾਕੇਸ਼ ਕੁਮਾਰ, ਰਿਟਾਇਰਡ ਇੰਸਪੈਕਟਰ ਪਰਮਜੀਤ ਸਿੰਘ, ਰਿਟਾਇਰਡ ਇੰਸਪੈਕਟਰ ਲਖਬੀਰ ਸਿੰਘ ਵੀਂ ਹਾਜ਼ਰ ਸਨ।

# ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਜਾਵੇ : ਡਾ. ਸਤਨਾਮ ਸਿੰਘ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**- ਖੇਤੀ ਮਾਹਿਰ ਡਾ. ਸਤਨਾਮ ਸਿੰਘ ਅਜਨਾਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ ਨੇ ਦੱਸਿਆ ਕਿ ਗੰਨਾ ਫ਼ਸਲ ਸਾਲ ਭਰ ਲਈ ਲੱਖਾਂ ਨੌਜਵਾਨਾਂ, ਪੇਂਡੂ ਮਜ਼ਦੂਰਾਂ ਤੇ ਹੋਰ ਗਰੀਬਾਂ ਗੁਰਬਿਆਂ ਨੂੰ ਉਪਜਾਊ ਰੁਜ਼ਗਾਰ ਦੇਂਦੀ ਹੈ। ਡਾ.ਅਜਨਾਲਾ ਨੇ ਪੰਜਾਬ ਸਰਕਾਰ 'ਤੇ ਤਾਬੜਤੋੜ ਹਮਲਾ ਕਰਦਿਆਂ ਕਿਹਾ ਕਿ ਖੰਡ ਮਿੱਲਾਂ ਚੱਲਣ ਦਾ ਸਮਾਂ ਆ ਗਿਆ ਹੈ ਪ੍ਰੰਤੂ ਪੰਜਾਬ ਸਰਕਾਰ ਨੇ ਅਜੇ ਤੱਕ ਗੰਨੇ ਦਾ ਭਾਅ ਐਲਾਨ ਵੀ ਨਹੀਂ ਕੀਤਾ ਜਦੋਂ ਕਿ ਗਵਾਂਢੀ ਸੂਬੇ ਹਰਿਆਣੇ ਦੀ ਸਰਕਾਰ ਨੇ ਗੰਨੇ ਦਾ ਭਾਅ 415 ਰੁਪਏ ਪ੍ਰਤੀ ਕੁਇੰਟਲ ਐਲਾਨ ਕਰ ਦਿੱਤਾ ਹੈ ਭਾਵੇਂ ਕਿ ਇਹ ਹਰਿਆਣਾ ਕਿਸਾਨਾਂ ਦੇ ਗੰਨੇ ਦੀਆਂ ਲਾਗਤਾਂ ਪੂਰੀਆਂ ਵੀ ਨਹੀਂ ਕਰਦਾ। ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਅਗਾਂਹਵਧੂ ਖੇਤੀ ਮਾਹਿਰ ਤੇ ਉੱਘੇ ਕਿਸਾਨ ਕਾਸ਼ਤਕਾਰਾਂ ਨੇ 2025- 2026 ਗੰਨੇ ਦੀ ਪ੍ਰਤੀ ਏਕੜ ਲਾਂਗਤ ਕੀਮਤ ਲੱਗਪਗ 126441 ਰੁਪਏ ਪ੍ਰਤੀ ਏਕੜ ਅੰਕਿਤ ਕੀਤੀ ਹੈ। ਇਸ ਲਾਗਤ ਨੂੰ ਲਾਭਕਾਰੀ ਬਣਾਉਣ ਲਈ ਪੰਜਾਬ ਸਰਕਾਰ ਘੱਟੋ-ਘੱਟ 450 ਰੁਪਏ ਪ੍ਰਤੀ ਕੁਇੰਟਲ ਗੰਨੇ ਦਾ ਭਾਅ ਤੁਰੰਤ ਐਲਾਨ ਕਰੇ ਅਤੇ ਕਿਸਾਨਾਂ ਦੇ ਸਾਰੇ ਸਹਿਕਾਰੀ ਅਤੇ ਪ੍ਰਾਈਵੇਟ ਖੰਡ ਮਿੱਲਾਂ ਵੱਲ ਬਕਾਇਆਂ ਦਾ ਜਲਦੀ ਭੁਗਤਾਨ ਕਰਵਾਇਆ ਜਾਵੇ ਅਤੇ ਅੱਗੇ ਤੋਂ ਖੰਡ ਮਿੱਲਾਂ ਨੂੰ ਲਾਹੇਵੰਦ ਬਣਾਉਣ ਲਈ ਖੰਡ ਮਿੱਲਾਂ 15 ਅਕਤੂਬਰ ਤੋਂ 15 ਅਪ੍ਰੈਲ ਤੱਕ ਚਲਾਈਆਂ ਜਾਣ ਅਤੇ ਸਮੂਹ ਸਹਿਕਾਰੀ ਖੰਡ ਮਿੱਲਾਂ ਵਿੱਚ ਚੁਕੰਦਰ ਤੋਂ ਖੰਡ ਬਣਾਉਣ ਦੇ ਪਲਾਂਟ ਲਗਾਏ ਜਾਣ ਅਜਿਹਾ ਕਰਨ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।

# ਆਨੰਦ ਗਰੁੱਪ ਆਫ ਕਾਲਜਿਜ਼ ਵੱਲੋਂ ਦੀਵਾਲੀ ਦਾ ਪ੍ਰੀ-ਸੈਲੀਬ੍ਰੇਸ਼ਨ



ਮਜੀਠਾ (ਰੋਜਿਤ ਆਨੰਦ)- ਆਨੰਦ ਗਰੁੱਪ ਆਫ ਕਾਲਜ, ਜੇਠੂਵਾਲ (ਅੰਮ੍ਰਿਤਸਰ) ਵੱਲੋਂ ਕਾਲਜ ਕੈਂਪਸ ਵਿਚ ਦੀਵਾਲੀ ਦਾ ਪ੍ਰੀ-ਸੈਲੀਬ੍ਰੇਸ਼ਨ ਬੜੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਲਈ ਵੱਖ-ਵੱਖ ਮੁਕਾਬਲੇ ਕਰਵਾਏ ਗਏ, ਜਿਵੇਂ ਕਿ ਮਹਿੰਦੀ ਡਿਜ਼ਾਈਨਿੰਗ, ਰੰਗੋਲੀ ਮੇਕਿੰਗ, ਕੈਂਡਲ ਡੈਕੋਰੇਸ਼ਨ ਅਤੇ ਪੋਟ ਡੈਕੋਰੇਸ਼ਨ। ਵਿਦਿਆਰਥੀਆਂ ਨੇ ਆਪਣੀ ਕਲਾ ਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕੀਤਾ।ਕਾਲਜ ਦਾ ਪੂਰਾ ਮਾਹੌਲ ਰੌਸ਼ਨੀ, ਰੰਗਾਂ ਅਤੇ ਖੁਸ਼ੀ ਨਾਲ ਭਰਿਆ ਹੋਇਆ ਸੀ। ਇਸ ਮੌਕੇ ਚੇਅਰਮੈਨ ਡਾ. ਐਮ.ਐਸ. ਆਨੰਦ, ਵਾਇਸ ਚੇਅਰਮੈਨ ਡਾ. ਜੇ.ਐਸ. ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਯਾ ਪ੍ਰਕਾਸ਼ ਆਨੰਦ, ਪ੍ਰਿੰਸੀਪਲ ਮੈਡਮ ਰਚਨਾ ਕੁਮਾਰੀ ਅਤੇ ਡਾ. ਕਵਲਬੀਰ ਕੌਰ, ਵਾਇਸ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਸੰਧੂ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਵੀ ਹਾਜ਼ਰ ਸਨ। ਉਨ੍ਹਾਂ ਨੇ ਵਿਦਿਆਰਥੀਆਂ ਵੱਲੋਂ ਬਣਾਈਆਂ ਰੰਗੋਲੀਆਂ, ਮੇਹੰਦੀ ਡਿਜ਼ਾਈਨ, ਕੈਂਡਲ ਅਤੇ ਪੋਟ ਡੈਕੋਰੇਸ਼ਨ ਦੀ ਪ੍ਰਦਰਸ਼ਨੀ ਦਾ ਨਿਰੀਖਣ ਕੀਤਾ । ਇਸ ਤੋਂ ਬਾਅਦ ਉਨ੍ਹਾਂ ਨੇ ਮੁਕਾਬਲਿਆਂ ਦੀ ਜੱਜਮੈਂਟ ਕਰਦੇ ਹੋਏ ਜੇਤੂ ਵਿਦਿਆਰਥੀਆਂ ਦਾ ਚੋਣ ਕੀਤਾ ਅਤੇ ਉਨ੍ਹਾਂ ਨੂੰ ਪ੍ਰਸ਼ੰਸਾ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਸੂਰਯਾ ਪ੍ਰਕਾਸ਼ ਆਨੰਦ ਦੀਵਾਲੀ ਦੇ ਮਹੱਤਵ ਬਾਰੇ ਵੀ ਜਾਣਕਾਰੀ ਦਿੱਤੀ। ਕਾਰਜਕ੍ਰਮ ਦੇ ਅੰਤ ਵਿੱਚ ਅਧਿਆਪਕਾਂ ਨੂੰ ਰਿਫ੍ਰੈਸ਼ਮੈਂਟ ਦਿੱਤੀ ਗਈ ਅਤੇ ਮੈਨੇਜਮੈਂਟ ਵੱਲੋਂ ਦੀਵਾਲੀ ਗਿਫਟ ਵੀ ਵੰਡੇ ਗਏ। ਮੈਨੇਜਮੈਂਟ ਅਤੇ ਸਟਾਫ ਨੇ ਸਭ ਵਿਦਿਆਰਥੀਆਂ ਅਤੇ ਆਯੋਜਕਾਂ ਨੂੰ ਇਸ ਸਮਾਰੋਹ ਦੀ ਸਫਲਤਾ ਲਈ ਵਧਾਈ ਦਿੱਤੀ। ਇਸ ਮੌਕੇ ਮਨਵਿੰਦਰ ਕੌਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਪ੍ਰਿਅੰਕਾ, ਮਨਦੀਪ ਕੌਰ, ਰੁਪਨਦੀਪ ਕੌਰ, ਹਰਮਨ, ਅਰਪਨਜੀਤ ਕੌਰ, ਕੋਮਲਪ੍ਰੀਤ ਕੌਰ, ਪੂਨਰ, ਹਰਮਨਜੀਤ ਕੌਰ, ਰਮਨਦੀਪ ਕੌਰ, ਸਰਨਦੀਪ ਕੌਰ, ਸਿਮਰਨਜੀਤ ਕੌਰ,ਨਿਧੀ, ਅੰਜਲੀ, ਸ਼ਵੇਤਾ, ਸੁਖਜਰਨ ਕੌਰ, ਰੀਤੂ ਕਾਲੀਆ, ਹਰਪ੍ਰੀਤ ਕੌਰ ,ਬਲਜੀਤ ਕੌਰ, ਸੁਰਚੀਪਾਲ, ਰਮਿੰਦਰਜੀਤ ਕੌਰ, ਜੋਤੀ ਬਾਲਾ, ਜਗਰੂਪ ਕੌਰ, ਸੋਨਲ ਮਹਾਜਨ , ਸ਼ੈਲੀ ਸ਼ਰਮਾ ਸਮੇਤ ਹੋਰ ਸਟਾਫ ਅਤੇ ਵਿਦਿਆਰਥੀ ਆਦਿ ਸ਼ਾਮਲ ਸਨ।

# ਸੰਤ ਕਬੀਰ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸੰਤ ਕਬੀਰ ਪਬਲਿਕ ਸਕੂਲ ਸੁਲਤਾਨਪੁਰ (ਗੁਰਦਾਸਪੁਰ) ਵਿੱਚ ਦੀਵਾਲੀ ਦਾ ਤਿਉਹਾਰ ਬਹੁਤ ਹੀ ਸੰਜੀਦਗੀ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਦੀ ਪ੍ਰਧਾਨਗੀ ਹੇਠ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦਸਵੀਂ ਜਮਾਤ ਦੇ ਵਿਦਿਆਰਥੀਆਂ ਰਿਮਲਪ੍ਰੀਤ ਸਿੰਘ ਅਤੇ ਪਰਨੀਤ ਕੌਰ ਦੁਆਰਾ ਦੀਵਾਲੀ ਦੀ ਪਵਿੱਤਰਤਾ ਸੰਬੰਧੀ ਵਿਚਾਰ ਪੇਸ਼ ਕਰਦਿਆਂ ਹੋਇਆ ਕੀਤੀ। ਉਪਰੰਤ ਪ੍ਰੋਗਰਾਮ ਸਕੂਲ ਦੇ ਸੰਗੀਤ ਅਧਿਆਪਕ ਦੀਦਾਰ ਸਿੰਘ ਅਤੇ ਲਖਵਿੰਦਰ ਸਿੰਘ ਦੀ ਮਦਦ ਨਾਲ ਸੱਤਵੀਂ ਅਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਬੰਦੀ ਛੋੜ ਦਾਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਮਹਿਮਾ ਭਰੇ ਮਧੁਰ ਸ਼ਬਦ ਅਤੇ ਸ੍ਰੀ ਰਾਮ ਜੀ ਦੇ ਅਯੋਧਿਆ ਵਾਪਸੀ ਨੂੰ ਸਮਰਪਿਤ ਭਜਨ ਗਾਇਨ ਕੀਤੇ। ਐਲ.ਕੇ.ਜੀ ਅਤੇ ਯੂ. ਕੇ.ਜੀ. ਦੇ ਵਿਦਿਆਰਥੀਆਂ ਦੁਆਰਾ ਸੁੰਦਰ ਡਾਂਸ ਦੀ ਪੇਸ਼ਕਾਰੀ ਕੀਤੀ ਗਈ। ਇਸ ਤੋਂ ਇਲਾਵਾ ਸਕੂਲ ਦੇ ਤੀਸਰੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਦੀਵਾ-ਥਾਲੀ ਮੁਕਾਬਲਾ ਕਰਵਾਇਆ ਗਿਆ। ਉਪਰੰਤ ਸਕੂਲ ਦੇ ਚਾਰ ਹਾਊਸਾਂ ਵਿੱਚ ਰੰਗੋਲੀ ਮੁਕਾਬਲਾ ਕਰਵਾਇਆ ਗਿਆ। ਸਕੂਲ ਦੇ ਬਲਾਕ 'ਏ' ਵਿੱਚ ਨੰਨ੍ਹੇ-ਮੁੰਨੇ ਵਿਦਿਆਰਥੀਆਂ ਦੁਆਰਾ ਦੀਵਿਆਂ ਨੂੰ ਸੁੰਦਰ ਸਜਾਇਆ ਗਿਆ ਅਤੇ ਰੰਗ ਬਿਰੰਗੇ ਕਾਰਡ ਬਣਾਏ ਗਏ। ਪ੍ਰਿੰਸੀਪਲ ਐਸ ਬੀ ਨਾਯਰ ਵੱਲੋਂ ਪ੍ਰੋਗਰਾਮ ਦੇ ਅੰਤਮ ਪੜਾਅ ਵਿੱਚ ਦੀਵਾ-ਥਾਲੀ ਅਤੇ ਰੰਗੋਲੀ ਮੁਕਾਬਲਿਆਂ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਪਵਿੱਤਰ ਮੌਕੇ ਸਕੂਲ ਵਿੱਚ ਬਣਾਈ ਗਈ ਈਕੋ ਕਲੱਬ ਸੁਸਾਇਟੀ ਵੱਲੋਂ ਰੁੱਖ ਲਗਾ ਕੇ ਹਰੀ ਦੀਵਾਲੀ ਮਨਾਉਣ ਦਾ ਵੀ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਮੈਨੇਜਮੈਂਟ ਮੈਂਬਰ ਨਵਦੀਪ ਕੌਰ ਤੇ ਕੁਲਦੀਪ ਕੌਰ ਦੁਆਰਾ ਸਮੁੱਚੇ ਸਕੂਲ ਨੂੰ ਦੀਵਾਲੀ ਦੇ ਤਿਉਹਾਰ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।


**ਸੰਦੇਸ਼**

ਦੀਵਾਲੀ ਅਤੇ ਬੰਦੀਛੋੜ ਦਿਹਾੜੇ ਦੀਆਂ ਸਮੂਹ ਦੇਸ਼-ਵਿਦੇਸ਼ ਵਾਸੀਆਂ ਨੂੰ

**ਲੱਖ-ਲੱਖ ਵਧਾਈਆਂ**

ਵੱਲੋਂ :- ਚੇਅਰਮੈਨ, ਜੀ ਐੱਸ ਬਾਹਰਾ
ਰਿਆਤ-ਬਾਹਰਾ ਯੂਨੀਵਰਸਿਟੀ
ਚੰਡੀਗੜ੍ਹ-ਰੋਪੜ ਐੱਨ ਐੱਚ-205, ਗਰੇਟਰ ਮੋਹਾਲੀ, ਖਰੜ (ਪੰਜਾਬ)



ਚੇਅਰਮੈਨ, ਜੀ ਐੱਸ ਬਾਹਰਾ


# ਆਂਗਣਵਾੜੀ ਸੈਂਟਰ 'ਚ ਦੀਵਾਲੀ ਦਾ ਤਿਉਹਾਰ ਮਨਾਇਆ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਆਂਗਣਵਾੜੀ ਸੈਂਟਰ ਨੰਬਰ 122 ਵਿਚ ਬਾਲ ਵਿਕਾਸ ਪ੍ਰੋਜੈਕਟ ਅਫਸਰ ਮੰਜੂ ਭੰਡਾਰੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸੈਂਟਰ ਵਿਚ ਫੁੱਲਾਂ ਨਾਲ ਸਜਾਵਟ ਕੀਤੀ ਤੇ ਰੰਗੋਲੀ ਬਣਾਈ ਗਈ। ਕੌਂਸਲਰ ਸੁਰਿੰਦਰ ਕੁਮਾਰ ਛਿੰਦੀ ਵਲੋਂ ਬੱਚਿਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਲਈ ਕਿਹਾ ਤੇ ਬੱਚਿਆਂ ਨੂੰ ਮਿਠਾਈਆਂ, ਫਰੂਟੀਆਂ, ਚਾਕਲੇਟ, ਬਿਸਕੁਟ ਆਦਿ ਵੰਡੇ ਗਏ। ਇਸ ਮੌਕੇ ਕੁਲਵੰਤ ਕੌਰ ਨੀਲੋਂ, ਪਰਮਜੀਤ ਸਿੰਘ ਨੀਲੋਂ, ਹੈਲਪਰ ਗੁਰਪ੍ਰੀਤ ਕੌਰ, ਡਾਕਟਰ ਮਦਨਪਾਲ ਸਿੰਘ, ਸਾਬਕਾ ਇੰਸਪੈਕਟਰ ਜਗਦੇਵ ਸਿੰਘ, ਗੁਲਸ਼ਨ ਕੁਮਾਰ, ਬੱਬੂ ਰਾਣੀ, ਮਨੀਸ਼ਾ, ਮਲਕੀਤ ਕੌਰ, ਕੰਨਚਾ ਆਦਿ ਹਾਜ਼ਰ ਸਨ।

# ਹਿੰਦੂ ਕੰਨਿਆ ਮਹਾਂਵਿਦਿਆਲਾ 'ਚ ਗਰੀਨ ਦੀਵਾਲੀ ਮਨਾਈ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਦੇ ਪ੍ਰਧਾਨ ਐਨ ਡੀ ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ: ਰਜਵਿੰਦਰ ਕੌਰ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਗਰੀਨ ਦੀਵਾਲੀ ਨਾਲ ਸੰਬੰਧਤ ਤਿਉਹਾਰ ਮਨਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਰਜਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਦੀਵਾਲੀ ਦੀ ਵਧਾਈ ਦਿੱਤੀ ਅਤੇ ਦੀਵਾਲੀ ਮੌਕੇ ਪਟਾਕੇ ਨਾ ਚਲਾਉਣ ਅਤੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਵਿਦਿਆਰਥਣਾਂ ਦੇ ਦੀਪਕ ਸਜਾਵਟ, ਕਾਰਡ ਮੇਕਿੰਗ ਅਤੇ ਰੰਗੋਲੀ ਬਣਾਉਣਾ ਆਦਿ ਗਤੀਵਿਧੀਆਂ ਵੀ ਕਰਵਾਈਆਂ ਗਈਆਂ। ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ।

# ਮਹਿਲਾ ਅਧਿਆਪਕ ਨੂੰ ਡਰਾਈਵਰ ਦੀ ਲਾਪ੍ਰਵਾਹੀ ਕਾਰਨ ਲੱਗੀਆਂ ਗੰਭੀਰ ਸੱਟਾਂ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਧਾਰੀਵਾਲ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਤਰੀਜਾ ਨਗਰ ਮੋੜ 'ਤੇ ਗੁਰਦਾਸਪੁਰ ਤੋਂ ਧਾਰੀਵਾਲ ਆ ਰਹੀ ਇਕ ਨਿੱਜੀ ਕੰਪਨੀ ਦੀ ਬੱਸ ਵਿੱਚ ਸਵਾਰ ਇਕ ਸਰਕਾਰੀ ਮਹਿਲਾ ਅਧਿਆਪਕ ਦੇ ਉਤਰਨ ਸਮੇਂ ਬੱਸ ਡਰਾਈਵਰ ਅਤੇ ਕੰਡਕਟਰ ਦੀ ਲਾਪ੍ਰਵਾਹੀ ਕਾਰਨ ਗੰਭੀਰ ਸੱਟਾਂ ਲੱਗਣ ਦੇ ਕਰੀਬ ਇਕ ਹਫਤੇ ਬਾਅਦ ਵੀ ਪੁਲਸ ਵਲੋਂ ਪੀੜਤ ਮਹਿਲਾ ਅਧਿਆਪਕ ਨੂੰ ਕੋਈ ਇਨਸਾਫ ਨਹੀਂ ਮਿਲ ਰਿਹਾ। ਜ਼ੇਰੇ ਇਲਾਜ ਜ਼ਖਮੀ ਅਧਿਆਪਕਾ ਕੁਲਵਿੰਦਰ ਕੌਰ ਵਾਸੀ ਜਫਰਵਾਲ ਨੇ ਦੱਸਿਆ ਕਿ ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਰਦਾਸ ਨੰਗਲ ਵਿਖੇ ਡਿਊਟੀ ਕਰਦੀ ਹੈ। 13 ਅਕਤੂਬਰ ਨੂੰ ਸਕੂਲ ਵਿੱਚ ਛੁੱਟੀ ਹੋਣ ਦੇ ਬਾਅਦ ਉਹ ਗੁਰਦਾਸਪੁਰ ਤੋਂ ਧਾਰੀਵਾਲ ਨੂੰ ਇਕ ਨਿੱਜੀ ਕੰਪਨੀ ਦੀ ਬੱਸ ਵਿੱਚ ਸਵਾਰ ਹੋ ਕੇ ਆ ਰਹੀ ਸੀ। ਉਸ ਨੇ ਬੱਸ ਦੇ ਕੰਡਕਟਰ ਨੂੰ ਧਾਰੀਵਾਲ ਦੇ ਬਾਹਰਵਾਰ ਨੈਸ਼ਨਲ ਹਾਈਵੇ ਤਰੀਜਾ ਨਗਰ ਮੋੜ 'ਤੇ ਉਤਾਰਨ ਲਈ ਆਖਿਆ। ਜਦੋਂ ਉਹ ਬੱਸ ਤੋਂ ਹੇਠਾਂ ਉਤਰਨ ਲਈ ਬਾਰੀ ਕੋਲ ਆਈ ਤਾਂ ਡਰਾਈਵਰ ਨੇ ਇਕਦਮ ਬੜੀ ਤੇਜ਼ ਰਫਤਾਰ ਨਾਲ ਤਰੀਜਾ ਨਗਰ ਮੋੜ ਤੋਂ ਸ਼ਹਿਰ ਧਾਰੀਵਾਲ ਨੂੰ ਬੱਸ ਮੋੜੀ ਤਾਂ ਬੱਸ ਦੀ ਬਾਰੀ ਵਿੱਚੋਂ ਹੇਠਾਂ ਡਿੱਗਣ ਨਾਲ ਗੰਭੀਰ ਜ਼ਖਮੀ ਹੋ ਗਈ। ਇਸ ਸਬੰਧੀ ਸੂਚਨਾ ਮਿਲਣ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਉਸ ਨੂੰ ਇਲਾਜ ਲਈ ਹਸਪਤਾਲ ਵਿੱਚ ਪਹੁੰਚਾਇਆ। ਸਿਰ ਵਿੱਚ ਗੰਭੀਰ ਸੱਟ ਲੱਗਣ ਕਾਰਨ ਛੇ ਟਾਂਕੇ ਲੱਗੇ। ਇਸ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੂੰ ਦਰਖਾਸਤ ਦੇਣ ਦੇ ਬਾਵਜੂਦ ਅੱਜ ਇਕ ਹਫਤਾ ਬੀਤ ਜਾਣ 'ਤੇ ਵੀ ਦੋਸ਼ੀਆਂ ਵਿਰੁੱਧ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ, ਜਦਕਿ ਹਸਪਤਾਲ ਤੋਂ ਮੈਡੀਕਲ ਰਿਪੋਰਟ ਵੀ ਥਾਣੇ ਪਹੁੰਚ ਚੁੱਕੀ ਹੈ। ਪੀੜਤ ਮਹਿਲਾ ਅਧਿਆਪਕ ਕੁਲਵਿੰਦਰ ਕੌਰ ਨੂੰ ਇਨਸਾਫ ਦਿਵਾਉਣ ਦੇ ਸਬੰਧ ਵਿੱਚ ਅੱਜ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦਾ ਇਕ ਵਫਦ ਥਾਣਾ ਧਾਰੀਵਾਲ ਦੇ ਐਸ ਐਚ ਓ ਸਬ ਇੰਸਪੈਕਟਰ ਦਲਜੀਤ ਸਿੰਘ ਨੂੰ ਮਿਲਿਆ। ਵਫਦ ਵਿੱਚ ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੁਰੋਵਾਲ, ਧਾਰੀਵਾਲ ਬਲਾਕ ਦੇ ਪ੍ਰਧਾਨ ਸੁਖਵਿੰਦਰ ਸਿੰਘ ਰੰਧਾਵਾ, ਰਮੇਸ਼ ਕੁਮਾਰ, ਨਰਿੰਦਰ ਸ਼ਰਮਾ, ਬਲਦੇਵ ਰਾਜ, ਨਾਜਰ ਸਿੰਘ ਸੰਧੂ, ਗੁਰਪ੍ਰੀਤ ਸਿੰਘ ਆਦਿ ਸ਼ਾਮਲ ਸਨ। ਅਧਿਆਪਕ ਆਗੂਆਂ ਕਿਹਾ ਜੇਕਰ ਪੁਲਸ ਨੇ ਜ਼ਖਮੀ ਮਹਿਲਾ ਅਧਿਆਪਕ ਨੂੰ ਇਨਸਾਫ ਨਾ ਦਿੱਤਾ ਤਾਂ ਗੌਰਮਿੰਟ ਟੀਚਰਜ਼ ਯੂਨੀਅਨ ਮਜਬੂਰਨ ਸੰਘਰਸ਼ ਵਿੱਢੇਗੀ। ਥਾਣਾ ਧਾਰੀਵਾਲ ਦੇ ਐਸ ਐਚ ਓ ਸਬ ਇੰਸਪੈਕਟਰ ਦਲਜੀਤ ਸਿੰਘ ਨੇ ਜੀ ਟੀ ਯੂ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

# ਜੇ ਆਰ ਐੱਸ ਡੀ ਏ ਵੀ ਪਬਲਿਕ ਸਕੂਲ ਝਬਾਲ 'ਚ ਦੀਵਾਲੀ ਦਾ ਤਿਉਹਾਰ ਸ਼ਰਧਾ ਨਾਲ ਮਨਾਇਆ



ਝਬਾਲ (ਹਰਜਿੰਦਰ ਸਿੰਘ ਸੋਨੀ)- ਕੱਤਕ ਦੇ ਮਹੀਨੇ ਵਿੱਚ ਮਨਾਏ ਜਾਣ ਵਾਲੇ ਇਸ ਰੋਸ਼ਨੀ ਦੇ ਤਿਉਹਾਰ ਦਾ ਸਬੰਧ ਸ੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਆਗਮਨ ਨਾਲ ਸੰਬੰਧਤ ਹੈ। ਜਦੋਂ ਸ੍ਰੀ ਰਾਮ ਚੰਦਰ ਜੀ 14 ਸਾਲ ਦਾ ਬਨਵਾਸ ਕੱਟ ਕੇ ਮਾਤਾ ਸੀਤਾ ਜੀ ਅਤੇ ਲਛਮਣ ਜੀ ਨਾਲ ਅਯੁੱਧਿਆ ਵਾਪਸ ਆਏ ਤਾਂ ਲੋਕਾਂ ਨੇ ਘਰ -ਘਰ ਘਿਓ ਦੇ ਦੀਵੇ ਜਗਾਏ। ਡੀ ਏ ਵੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਪਦਮ ਸ਼੍ਰੀ ਅਵਾਰਡ ਨਾਲ ਨਿਵਾਜੇ ਆਰਿਆ ਰਤਨ ਪੂਨਮ ਸੂਰੀ, ਡਾਇਰੈਕਟਰ ਮਹੇਸ਼ ਚੋਪੜਾ, ਨਿਰਦੇਸ਼ਕ ਵੀ ਕੇ ਚੋਪੜਾ, ਪੰਜਾਬ ਖੇਤਰੀ ਅਧਿਕਾਰੀ ਡਾਕਟਰ ਅੰਜਨਾ ਗੁਪਤਾ, ਸਕੂਲ ਦੇ ਮੈਨੇਜਰ ਡਾਕਟਰ ਨੀਰਾ ਸ਼ਰਮਾ ਅਤੇ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਅਤੇ ਅਸ਼ੀਰਵਾਦ ਨਾਲ ਸ਼ਨੀਵਾਰ ਨੂੰ ਦੇ ਜੇ ਆਰ ਐਸ ਡੀ ਏ ਵੀ ਪਬਲਿਕ ਸਕੂਲ ਝਬਾਲ ਵਿਖੇ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਤੇ ਬੱਚਿਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ ਜਿਨਾਂ ਵਿੱਚ ਰੰਗੋਲੀ ਅਤੇ ਪ੍ਰਸ਼ਨੋਤਰੀ ਮੁਕਾਬਲੇ ਪ੍ਰਮੁੱਖ ਸਨ।ਇਸ ਤੋਂ ਇਲਾਵਾ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ, ਜਿਸ ਵਿੱਚ ਬੱਚਿਆਂ ਦੁਆਰਾ ਭਜਨ, ਨਾਚ ਪ੍ਰਸਤੁਤੀਆਂ ਅਤੇ ਰਮਾਇਣ 'ਤੇ ਅਧਾਰਤ ਸਕਿਟ ਪੇਸ਼ ਕੀਤੇ ਗਏ।ਸਕੂਲ ਦੇ ਕੋਆਰਡੀਨੇਟਰ ਰੰਜੂ ਸਚਦੇਵਾ ਦੀ ਅਗਵਾਈ ਵਿੱਚ ਰਮਾਇਣ ਤੇ ਅਧਾਰਤ ਕੁਇਜ਼ ਪ੍ਰੋਗਰਾਮ ਵਿੱਚ ਬੱਚਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਕੁਇਜ਼ ਮੁਕਾਬਲੇ ਵਿੱਚ ਰੂਬੀ ਹਾਊਸ ਦੀ ਟੀਮ ਨੇ ਪਹਿਲਾ, ਫੋਰਸਟ ਹਾਊਸ ਦੀ ਟੀਮ ਨੇ ਦੂਜਾ ਅਤੇ ਓਸ਼ਨ ਹਾਊਸ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ।ਰੰਗੋਲੀ ਮੁਕਾਬਲੇ ਵਿੱਚ ਫੋਰਸਟ ਟੀਮ ਨੇ ਪਹਿਲਾ, ਰੂਬੀ ਟੀਮ ਨੇ ਦੂਸਰਾ ਅਤੇ ਗੋਲਡਨ ਹਾਊਸ ਨੇ ਤੀਸਰਾ ਸਥਾਨ ਹਾਸਲ ਕੀਤਾ।ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਦੇ ਉਤਸ਼ਾਹ, ਅਧਿਆਪਕਾਂ ਅਤੇ ਮਾਤਾ ਪਿਤਾ ਤੇ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਬੱਚਿਆਂ ਨੂੰ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ।ਬੱਚਿਆਂ ਅਤੇ ਸਟਾਫ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਧਾਰਮਿਕ ਦੀਵਾਨ ਸਜਾਏ




ਮੋਗਾ, (ਇਕਬਾਲ ਸਿੰਘ ਖਹਿਰਾ) ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ 40ਵੇਂ 5 ਰੋਜ਼ਾ ਸਾਲਾਨਾ ਧਾਰਮਿਕ ਦੀਵਾਨ ਗੁਰੂ ਨਾਨਕ ਕਾਲਜ ਦੀ ਗਰਾਊਂਡ 'ਚ ਸਜਾਏ ਗਏ, ਜਿਸ ਵਿੱਚ ਅਨੰਦ ਈਸ਼ਵਰ ਦਰਬਾਰ ਠਾਠ ਬੱਧਨੀ ਕਲਾਂ ਵਾਲੇ ਬਾਬਾ ਜੀ ਵੱਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ।ਉਨ੍ਹਾਂ ਕਿਹਾ ਕਿ ਸਿੱਖ ਦਾ ਮੁੱਢਲਾ ਫ਼ਰਜ਼ ਹੈ ਕਿ ਉਹ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਅੰਮ੍ਰਿਤ ਦੀ ਦਾਤ ਨੂੰ ਪ੍ਰਾਪਤ ਕਰੇ ਤੇ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰੇ।

ਬਾਬਾ ਗੁਰਬਖਸ਼ ਸਿੰਘ ਤੇ ਬਾਬਾ ਜਗਤਾਰ ਸਿੰਘ ਜੀ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ।ਇਸ ਸਮੇਂ ਭਾਈ ਸੱਤਪਾਲ ਸਿੰਘ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।ਇਸ ਸਮੇਂ ਭਾਈ ਸੁਰਜੀਤ ਸਿੰਘ ਬੱਧਨੀ, ਬਾਬਾ ਗੁਰਜੀਤ ਸਿੰਘ ਜੀ ਨਾਨਕਸਰ, ਬਾਬਾ ਭਾਗ ਸਿੰਘ ਨਾਨਕਸਰ, ਗੁਰਮੀਤ ਸਿੰਘ ਮੋਹੀ ਨਾਨਕਸਰ, ਸਤਿਨਾਮ ਸਿੰਘ ਕਥਾ ਵਾਚਕ ਸਮਾਧ ਵਾਲੇ, ਮਹੰਤ ਹਰਬੰਸ ਸਿੰਘ, ਸਤਨਾਮ ਸਿੰਘ ਨਾਨਕਸਰ ਸੀਸ਼ ਮਹਿਲ ਵਾਲੇ, ਗੁਰਸੇਵਕ ਸਿੰਘ ਉਭੀ, ਜਰਨੈਲ ਸਿੰਘ, ਜਗਜੀਤ ਸਿੰਘ ਜਜ਼ੀ, ਭੁਪਿੰਦਰ ਸਿੰਘ ਦਿੱਲੀ, ਦਰਸ਼ਨ ਸਿੰਘ ਠਾਠ ਮਾਹਲਾ, ਗੁਰਮੇਲ ਸਿੰਘ ਠਾਠ ਕੁਲਗੜ੍ਹੀ, ਬਲਬੀਰ ਸਿੰਘ ਛੀਨੀਵਾਲ, ਬਾਬਾ ਗੁਰਚਰਨ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਪਾਲ ਸਿੰਘ ਰਾਜੋਆਣਾ, ਭਾਈ ਦਵਿੰਦਰ ਸਿੰਘ ਨਿਰਮਾਣ ਹਜ਼ੂਰੀ ਰਾਗੀ ਸ੍ਰੀ ਅੰਮ੍ਰਿਤਸਰ ਸਾਹਿਬ,ਹੀਰਾ ਸਿੰਘ, ਹਰਜੀਤ ਸਿੰਘ, ਪ੍ਰੀਤਮ ਸਿੰਘ ਵਕੀਲ, ਜਸਵਿੰਦਰ ਸਿੰਘ ਖਾਲਸਾ ਨੇ ਹਾਜਰੀ ਲਗਵਾਈ।

ਸਮਾਗਮ ਦੌਰਾਨ ਮੇਅਰ ਬਲਜੀਤ ਸਿੰਘ ਚਾਨੀ, ਸੰਜੀਤ ਸਿੰਘ ਹਲਕਾ ਇੰਚਾਰਜ ਅਕਾਲੀ ਦਲ, ਸਾਬਕਾ ਐਮ ਐਲ ਏ ਡਾ. ਹਰਜੋਤ ਕਮਲ ਜਿਲਾ ਪ੍ਰਧਾਨ ਬੀ ਜੇ ਪੀ, ਚੇਅਰਮੈਨ ਇੰਦਰਜੀਤ ਸਿੰਘ ਭੰਗੇਰੀਆਂ, ਮਨਜੀਤ ਸਿੰਘ ਧੰਮੂ, ਚਰਨਜੀਤ ਸਿੰਘ ਝੰਡੇਆਣਾ ਤੇ ਇਲਾਕੇ ਦੀਆਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀ ਲਵਾਈ।

# ਮਾਂਗਟ ਪਰਵਾਰ ਨੂੰ ਸਦਮਾ, ਗੁਰਮੀਤ ਕੌਰ ਮਾਂਗਟ ਦਾ ਦੇਹਾਂਤ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) ਸਮਾਜ ਸੇਵੀ ਮਾਂਗਟ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਰਵਾਰ ਨਾਲ ਸਬੰਧਤ ਗੁਰਮੀਤ ਕੌਰ ਮਾਂਗਟ ਦਾ ਕੈਨੇਡਾ ਵਿਚ ਸੰਖੇਪ ਬੀਮਾਰੀ ਉਪਰੰਤ ਦਿਹਾਂਤ ਹੋ ਗਿਆ। ਗੁਰਮੀਤ ਕੌਰ ਮਾਂਗਟ ਜੋ ਕੈਨੇਡਾ ਦੇ ਵੈਨਕੂਵਰ ਵਿਖੇ ਪ੍ਰਸਿੱਧ ਬਿਲਡਰ ਜਗਮੀਤ ਸਿੰਘ ਮਾਂਗਟ ਦੀ ਪਤਨੀ ਸਨ ਤੇ ਮਾਛੀਵਾੜਾ ਦੇ ਕਿਸਾਨ ਤੇ ਸਿਆਸੀ ਆਗੂ ਜਥੇਦਾਰ ਮਨਮੋਹਣ ਸਿੰਘ ਖੇੜਾ ਤੇ ਨਰਿੰਦਰ ਸਿੰਘ ਖੇੜਾ ਦੀ ਭਰਜਾਈ ਸਨ। ਸਵ. ਗੁਰਮੀਤ ਕੌਰ ਮਾਂਗਟ ਕੁਝ ਮਹੀਨਿਆਂ ਤੋਂ ਬਿਮਾਰ ਚੱਲ ਰਹੇ ਸਨ, ਜਿਨ੍ਹਾਂ ਦਾ ਕੈਨੇਡਾ ਵਿਖੇ ਹੀ ਇਲਾਜ ਚੱਲ ਰਿਹਾ ਸੀ। ਮਾਛੀਵਾੜਾ ਇਲਾਕੇ ਦੇ ਸਿਆਸੀ, ਗੈਰ ਸਿਆਸੀ ਤੇ ਹੋਰ ਧਾਰਮਿਕ, ਸਮਾਜਿਕ ਜਥੇਬੰਦੀਆਂ ਦੇ ਆਗੂਆਂ ਵਲੋਂ ਮਾਂਗਟ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਵ. ਗੁਰਮੀਤ ਕੌਰ ਮਾਂਗਟ ਦਾ ਅੰਤਿਮ ਸਸਕਾਰ ਵੈਨਕੂਵਰ ਵਿਖੇ ਹੀ ਕੀਤਾ ਜਾਵੇਗਾ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਂਵਾਂ, ਅੰਤਮ ਮਿਤੀ **10.11.2025** ਸਮਾਂ **15.00** ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹੀ ਨਿਵਿਦਾ | ਗਤੀ ਸ਼ਕਤੀ ਯੂਨਿਟ | ਏਕਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 17.10.2025 | 27.10.2025 | 10.11.2025 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 157-2025-26-Sr-DEN-C-FZR | ਟ੍ਰਾਂਸਲੈਮੋਟਿਕ ਰੋਬੋਟਿਕ ਵੇਲਡਿੰਗ ਤਕਨੀਕ ਦਾ ਉਪਯੋਗ ਕਰਕੇ ਸੀਐਮਐਸ ਕ੍ਰਾਸਿੰਗ ਦੀ ਇਨ-ਸੀਟੂ ਰੀਕੰਡੀਸ਼ਨਿੰਗ ਦਾ ਪੂਰਾ ਕੰਮ ਅਤੇ ਫਿਰੋਜ਼ਪੁਰ ਡਵੀਜ਼ਨ ਵਿਚ ਪਹਿਚਾਨੇ ਗਏ ਯਾਰਡਾਂ ਵਿਚ ਆਰਡੀਐਸਓ ਦੁਆਰਾ ਨਿਰਧਾਰਿਤ ਮਾਨਕਾਂ ਦੇ ਅਨੁਸਾਰ ਆਰਡੀਐਸਓ ਆਈਆਰਟੇਯ ਐਚ-3- ਸੀ ਸ਼੍ਰੇਣੀ ਦੁਆਰਾ ਅਨੁਮੋਦਿਤ ਇਲੈਕਟ੍ਰੋਡ ਦਾ ਉਪਯੋਗ ਕਰਕੇ 52 ਕਿਗ੍ਰਾ ਅਤੇ 60 ਕਿਗ੍ਰਾ ਦੇ ਘਿਸੇ ਹੋਏ ਸਵਿਚ ਰੇਲ ਦੀ ਰੀਕੰਡੀਸ਼ਨਿੰਗ ਦਾ ਪੂਰਾ ਕੰਮ ਦਾ ਕੰਮ। |

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 14113452.10/- | 220600.00/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ- "ਟੰਗ ਰੇਲ / CMS ਕ੍ਰਾਸਿੰਗ/SEJs/ ਰੇਲ ਦੇ ਵਹੀਲ ਬਰਨ ਦੀ ਰੀਕੰਡੀਸ਼ਨਿੰਗ।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨਹੀ ਮਾਨਯ ਹੋਣਗੇ। **ਨਿਵਿਦਾ ਨੰਬਰ :- 159-2025-26-Sr-DEN-C-FZR ਤਾਰੀਕ 17.10.2025** 3254/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**asREC (India) Limited** Regd. Office: 201/202A, Building No. 2, Solitaire Corporate Park, Andheri Ghatkopar Lind Road, Chakala, Andheri (E), Mumbai - 400093. Branch Office- 402, 4th floor, APRA Tower, SCO-130-131-132, Feroze Gandhi Market Ludhiana, Punjab -141001

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਸਕਿਊਰਿਟੀ ਇਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੈਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਤਹਿਤ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਰਹਿਣਕਾਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈਆਂ ਅਚੱਲ ਜਾਇਦਾਦਾ ਸਕਿਉਰਡ ਕ੍ਰੈਡਿਟਰ ASREC (INDIA) LTD. ਕੋਲ ਰਹਿਣ/ਚਾਰਜਡ ਹਨ, ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਵੀ ਹੈ ਜਿਵੇਂ ਹੈ' 'ਉੱਥੇ ਜੋ ਵੀ ਹਾਲਤ 'ਚ ਹੈ ਅਤੇ 'ਨੋ ਰੀਕੋਰਸ' 'ਤੇ ਜੋਖਮ ਸ਼ਾਮਲ, ਜੇਕਰ ਕੋਈ ਹੈ, ਦੇ ਆਧਾਰ 'ਤੇ ਈ-ਨਿਲਾਮੀ ਰਾਹੀਂ ਕੀਤੀ ਜਾਵੇਗੀ।

**ਸਕਿਉਰਡ ਐਸਟਸ (ਅਚੱਲ ਜਾਇਦਾਦਾਂ ਦਾ ਵੇਰਵਾ)**

| | |
|---|---|
| ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦੇ ਨਾਂਅ ਅਤੇ ਪਤਾ | ਮੈਸਰਜ਼ ਜਤਿੰਦਰ ਗੰਭੀਰ ਹਸਪਤਾਲ ਰਜਿਸਟਰਡ ਦਫਤਰ ਪਤਾ : 23-ਸੀ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ ਰਾਹੀਂ ਸ੍ਰੀਮਤੀ ਜਤਿੰਦਰ ਗੰਭੀਰ ਪਤਨੀ ਡਾ. ਅਰਵਿੰਦਰ ਪਾਲ ਸਿੰਘ, ਮਾਲਕ-ਕਮ-ਗਰੰਟਰ-ਕਮ ਰਹਿਣਕਾਰ<br>ਗਰੰਟਰ : ਡਾ. ਅਰਵਿੰਦਰ ਪਾਲ ਸਿੰਘ ਪੁੱਤਰ ਕਰਤਾਰ ਸਿੰਘ ਪਤਾ: 23-ਸੀ. ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ |
| ਏ) ਡਿਮਾਂਡ ਨੋਟਿਸ [13(2)] ਦੀ ਮਿਤੀ<br>ਬੀ) ਕਬਜ਼ਾ ਨੋਟਿਸ [13(4)] ਦੀ ਮਿਤੀ<br>ਸੀ) ਮਿਤੀ 12.07.2017 ਨੂੰ ਡੀ ਆਰ ਟੀ ਚੰਡੀਗੜ੍ਹ ਵੱਲੋਂ ਆਰ ਸੀ ਮੁਤਾਬਕ ਦਾਅਵਾ ਰਾਸ਼ੀ<br>ਡੀ) 30.09.2025 ਨੂੰ ਪੀ ਓ ਐੱਸ | ਏ) 01.07.2013<br>ਬੀ) 05.09.2013<br>ਸੀ) 23.12.2014 ਨੂੰ ਰੁਪਏ 8,62,64,101.00 (ਅੱਠ ਕਰੋੜ ਬਾਹਠ ਲੱਖ ਚੌਂਹਠ ਹਜ਼ਾਰ ਇੱਕ ਸੌ ਇੱਕ ਰੁਪਏ ਕੇਵਲ) ਜਮ੍ਹਾਂ ਅਦਾਇਗੀ ਦੀ ਮਿਤੀ ਤੱਕ ਵਿਆਜ ਅਤੇ ਲਾਗਤਾਂ, ਚਾਰਜਿਜ਼ ਅਤੇ ਖਰਚੇ।<br>ਡੀ) ਰੁਪਏ 26,60,28,069.00/- (ਛੱਬੀ ਕਰੋੜ ਸੱਠ ਲੱਖ ਅਠਾਈ ਹਜ਼ਾਰ ਉਨੱਤਰ ਰੁਪਏ ਕੇਵਲ) |
| ਕਬਜ਼ੇ ਦੀ ਕਿਸਮ : | ਕਬਜ਼ੇ ਦੀ ਕਿਸਮ : ਸੰਕੇਤਕ ਕਬਜ਼ਾ ASREC (India) Ltd. ਐਸਰੈਕ (ਇੰਡੀਆ) ਲਿਮਿਟਡ ਨੂੰ ਸਕਿਉਰਡ ਐਸਟਸ ਦੇ ਭੌਤਿਕ ਕਬਜ਼ੇ ਲਈ ਜ਼ਿਲ੍ਹਾ ਮੈਜਿਸਟਰੇਟ ਦੀਆਂ ਹਦਾਇਤਾਂ ਵਾਸਤੇ ਸੀ ਡਬਲਯੂ ਪੀ ਐਂਡ ਐਚ ਐਚ ਸੀ 'ਚ ਦਰਜ ਕੀਤੀ ਜਾ ਚੁੱਕੀ ਹੈ। |
| ਸਕਿਉਰਡ ਐੱਸਟਸ ਦਾ ਵੇਰਵਾ | ਬੈਨਾਮਾ ਵਸੀਕਾ ਨੰ. 13140 ਮਿਤੀ 07.10.2003 ਅਨੁਸਾਰ ਸ੍ਰੀਮਤੀ ਜਤਿੰਦਰ ਗੰਭੀਰ ਦੇ ਨਾਂਅ ਨਿਰਮਤ ਹਸਪਤਾਲ (ਧਰਾਤਲ ਮੰਜ਼ਲ + ਪਹਿਲੀ ਮੰਜ਼ਲ + ਦੂਜੀ ਮੰਜ਼ਲ + ਉਪਰਲੀ ਮੰਜ਼ਲ) ਪਲਾਟ ਨੰ. 23-ਸੀ 'ਤੇ ਸਥਿਤ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ ਲੁਧਿਆਣਾ ਰਕਬਾ 445 ਵਰਗ ਗਜ਼, ਖਸਰਾ ਨੰ. 67//17, ਖੱਤਾ ਨੰ. 1823/1956 ਜਮ੍ਹਾਂਬੰਦੀ ਸਾਲ 2000-01. ਪਿੰਡ ਸੁਨੇਤ ਵਿਖੇ ਸਥਿਤ ਤਹਿਸੀਲ ਦੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਸੜਕ 35', ਪੱਛਮ : ਪਲਾਟ ਨੰ. 24 ਸੀ 35', ਉੱਤਰ : ਪਲਾਟ ਨੰ. 22-ਸੀ 115', ਦੱਖਣ : ਸੜਕ 100' |
| ਰਾਖਵੀਂ ਕਿਮਤ<br>ਰਕਮ ਬਿਆਨਾ ਜਮ੍ਹਾਂ<br>ਘੱਟੋ-ਘੱਟ ਬੋਲੀ ਵਾਧਾ ਰਕਮ | ਰੁਪਏ 347.00 ਲੱਖ (ਤਿੰਨ ਕਰੋੜ ਸੰਤਾਲੀ ਲੱਖ ਰੁਪਏ ਕੇਵਲ)<br>ਰੁਪਏ 34.70 ਲੱਖ (ਚੌਂਤੀ ਲੱਖ ਸੱਤਰ ਹਜ਼ਾਰ ਰੁਪਏ ਕੇਵਲ)<br>ਰੁਪਏ 3.50 ਲੱਖ (ਤਿੰਨ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਐੱਸਰੈਕ (ਇੰਡੀਆ ਲਿਮਿਟਡ ਵੱਲੋਂ ਸਕਿਉਰਡ ਐੱਸਟਸ ਜਾਣੇ ਜਾਂਦੇ ਸੰਬੰਧ 'ਚ ਜੋਖਮ/ਆਰਡਰਜ਼ | ਰੈਪਟ ਨੰ. 892 ਮਿਤੀ 17.04.2018 ਵਿਸ਼ੇ ਵਾਲੀ ਜਾਇਦਾਦ ਦੀ ਅਟੈਚਮੈਂਟ ਪੀ ਕੇ ਐੱਫ ਫਾਇਨਾਂਸ ਲਿਮਿਟਡ ਐੱਸਰੈਕ ਦੇ ਅਨਸਕਿਉਰਡ ਕਰਜ਼ੇ ਦੀ ਰਿਕਵਰੀ ਲਈ ਮਾਲੀਆ ਰਿਕਾਰਡ 'ਚ ਦਰਜ ਕੀਤੀ ਗਈ ਹੈ । ASREC (India) Ltd. ਦੇ ਵੱਲੋਂ PKF Finance Ltd. ਦੇ ਵਸੂਲੀ ਕਾਰਵਾਈ ਦੇ ਖਿਲਾਫ ਇਤਰਾਜ ਦਰਜ਼ ਕੀਤੇ ਹਨ, ਜੋ ਕਿ ਅਦਾਲਤੀ ਹੁਕਮਾਂ ਲਈ ਲੰਬਿਤ ਹਨ। |

ਜਾਇਦਾਦ ਦੇ ਨਿਰੀਖਣ ਦੀ ਮਿਤੀ ਅਤੇ ਸਮਾਂ: 04.11.2025 (01.00 ਬਾਅਦ ਦੁਪਹਿਰ ਤੋਂ 2.00 ਵਜੇ ਸ਼ਾਮ ਤੱਕ)
ਬੋਲੀ ਜਮਾਂ ਕਰਨ ਦੀ ਆਖਰੀ ਮਿਤੀ : 07.11.2025 (ਸਵੇਰੇ 09.00 ਤੋਂ ਸ਼ਾਮ 05.00 ਤੱਕ ਦਫ਼ਤਰੀ ਕੰਮ ਵਾਲਾ ਸਮਾਂ)
ਈ-ਨਿਲਾਮੀ ਦੀ ਮਿਤੀ : 10.11.2025 ਦੁਪਹਿਰ 1.00 ਵਜੇ ਤੋਂ ਸ਼ਾਮ 2.00 ਵਜੇ ਤੱਕ (ਕਿਰਿਆਸ਼ੀਲ ਉਲਟ ਬੋਲੀ ਦੇ ਸਮੇਂ ਤੋਂ ਹਰੇਕ 5 ਮਿੰਟ ਦਾ ਵਾਧਾ)

ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਪ੍ਰਤੀਬੰਧਾਂ ਲਈ ਕ੍ਰਿਪਾ ਕਰਕੇ ASREC (INDIA) LTD, ਵੈੱਬਸਾਈਟ www.asrecindia.co.in ਵੱਲੋਂ ਪ੍ਰਦਾਨ ਕੀਤੇ ਲਿੰਕ ਨੂੰ ਵੇਖੋ ਜੋ ਕਿ ਵੈੱਬਸਾਈਟ 'ਤੇ ਵੀ ਸੁਲੱਭ ਹੈ : https://sarfaesi.auctiontiger.net of e-auction Service Provider E-Procurement , Technologies Ltd., Auction Tiger, Ahmedabad. ਚਾਹਵਾਨ ਬੋਲੀਦਾਤਾ ਕੋਲ ਜਾਇਜ਼ ਈ-ਮੇਲ ਪਤਾ ਹੋਵੇ। ਸੰਪਰਕ ਕਰੋ : M/s E-Procurement Technologies Ltd., (Auction Tiger) Mr. Ram Prasad, Mobile No 8000023297. ਸਪੋਰਟ ਹੈਲਪ ਡੈਸਕ ਨੰ. 9265562818/9265562819/9265562821 ਹਨ ਕਿਸੇ ਵੀ ਪੁੱਛਗਿੱਛ ਲਈ ਕ੍ਰਿਪਾ ਕਰਕੇ ਅਧਿਕਾਰਤ ਅਫਸਰ ਰਾਜੀਵ ਘਈ ਮੋਬਾਇਲ ਨੰ. 7011926017, ਲੈਂਡਲਾਈਨ ਨੰ. 0161-4625488, ਈਮੇਲ ਆਈ ਡੀ - asrec.ludhiana@asrecindia.co.in ਨਾਲ ਕੰਮ ਕਾਜ ਵਾਲੇ ਦਿਨ (ਸ਼ਨੀਵਾਰ ਤੋਂ ਇਲਾਵਾ) ਦਫਤਰ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਵਿਕਰੀ ਨੋਟਿਸ ਸਰਫੇਸੀ ਐਕਟ (ਇਨਫੋਰਸਮੈਂਟ) ਰੂਲ 2002 ਦੇ ਨਿਯਮ 9(1) ਤਹਿਤ ਬਣਾਏ ਗਏ ਨਿਯਮ ਅਧੀਨ ਉਕਤ ਕਰਜ਼ਦਾਰ ਅਤੇ ਗਾਰੰਟਰ/ਰਹਿਣਕਾਰਾਂ ਲਈ 15 ਦਿਨਾਂ ਦਾ ਵਿਧਾਨਕ ਸੇਲ ਨੋਟਿਸ ਦੇ ਤੌਰ 'ਤੇ ਮੰਨਿਆ ਜਾਵੇ, ਜਿਸ ਦੇ ਤਹਿਤ ਉਨ੍ਹਾਂ ਨੂੰ ਉਕਤ ਦੱਸੀ ਮਿਤੀ ਅਤੇ ਸਮੇਂ ਨੂੰ ਨਿਲਾਮੀ/ਵਿਕਰੀ ਬਾਰੇ ਸੂਚਿਤ ਕੀਤਾ ਜਾਂਦਾ ਹੈ ਅਤੇ ਉਕਤ ਦੱਸੀ ਬਕਾਇਆ ਰਾਸ਼ੀ ਸਮੇਤ ਭਵਿੱਖੀ ਵਿਆਜ, ਲਾਗਤ ਅਤੇ ਖਰਚੇ ਦਾ ਭੁਗਤਾਨ ਕਰਕੇ ਉਕਤ ਜਾਇਦਾਦ ਰੀਡੀਮ ਕਰ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਭੁਗਤਾਨ ਨਾ ਕਰਨ ਦੀ ਸੂਰਤ ਵਿੱਚ ਪ੍ਰਾਪਰਟੀ ਸਿਕਿਉਰਿਟੀ ਇੰਟਰਸਟ (ਐਨਫੋਰਸਮੈਂਟ) ਰੂਲ 2002 ਦੇ ਅਧੀਨ ਕਿਸੇ ਵੀ ਨਿਰਧਾਰਤ ਢੰਗ ਨਾਲ ਵੇਚਣਾ ਅਧਿਕਾਰਤ ਅਫਸਰ/ ਸੁਰੱਖਿਆ ਕ੍ਰੈਡਿਟਰ ਦੀ ਮਰਜ਼ੀ 'ਤੇ ਨਿਰਭਰ ਕਰੇਗਾ।

ਸਹੀ/- ਅਧਿਕਾਰਤ ਅਫਸਰ

ਮਿਤੀ : 22.10.2025, ਸਥਾਨ : ਲੁਧਿਆਣਾ | In the capacity as Trustee of ASREC-PS 10/2017-18 Trust



## COURT NOTICE

(U/o 5 Rule 20 CPC)
In the Court of
Sh. Jagmohan Singh Sanghe
Principal Judge Family Court, Jalandhar
GW/69/2025
CNR No. PBJL01-005609-2025
Next Date :- 15-11-2025
Rajwinder Kaur Virdi W/o Sunil Virdi D/o Sarwan Singh
Address : 14 New Dashmesh Nagar Rama Mandi, Nangal Shama Jalandhar, Now at 21 Wadala Colony Jalandhar.
Vs.
1) General Public
Address : General Public
2) Sunil Virdi S/o Surjit Virdi
Address : 14 New Dashmesh Nagar Rama Mandi, Nangal Shama Jalandhar.
Petition Under Guardian and Wards Act.
Publication Issued to :
Sunil Virdi S/o Surjit Virdi
Address : 14 New Dashmesh Nagar Rama Mandi, Nangal Shama Jalandhar.

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 15.11.2025 at 10:00 A.M.

For details logon to https://highcourtchd.gov.in/?mod=district_notice&district=Jalandhar

Principal Judge Family Court, Jalandhar
Dated this day of 18-10-2025

## COURT NOTICE

(U/o 5 Rule 20 CPC)
In the Court of Jasbir Kaur
Principal Judge Family Court, Pathankot
CNR No. PBPO01-002358-2025
Next Date :- 05-01-2026
Alka Sharma
Vs.
Vinod Kumar Sharma
Publication Issued to :
Vinod Kumar Sharma
Son : Ashok Kumar
R/o Shah Colony, Near Gurudwara, Tehsil and District, Pathankot

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 05.01.2026 at 10:00 A.M.

For details logon to https://highcourtchd.gov.in/?mod=district_notice&district=Pathankot

Principal Judge Family Court, Pathankot
Dated this day of 16-10-2025


# ਕਲਾਸੀਫਾਈਡ ਇਸ਼ਤਿਹਾਰ


## ਨਾਂਅ ਦੀ ਬਦਲੀ

ਮੈ ਹੇਮਾ ਪੁਤਰੀ ਰਾਮ ਗੋਪਾਲ ਵਾਸੀ ਪਿੰਡ ਟੈਟਪਾਲ ਡਾਕ: ਚੱਕਲਾਦੀਆਂ ਤਹਿਸੀਲ ਅਤੇ ਜ਼ਿਲਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣਾ ਦਾ ਨਾਮ ਆਪਣੀ ਸ਼ਾਦੀ ਤੋਂ ਬਾਅਦ ਹੇਮਾ ਤੋਂ ਬਦਲ ਕੇ ਜੋਤੀ ਦੇਵੀ ਰੱਖ ਲਿਆ ਹੈ।

## Change of Name

I, Ashwani S/O Harbans Lal R/O H. No. 16-A, Krishna Square -2, B/S Celebration Mall,Amritsar,Punjab have changed my name from Ashwani to Ashwani Kumar. Concerned note.

I, Indu W/O Ashwani Kumar R/O H. No. 16-A, Krishna Square -2, Amritsar, Punjab have changed my name from Indu to Indu Sarpal. Concerned note.

I, Rekha W/o Late Sh. Deepak Kumar R/o Moh. Navipur, Vill. Alawalpur (Jalandhar) have changed my minor Son name Himanshu to Himanshu Kumar. Concerned note.

I, Poonam Rani W/o Kamal Kishore, R/o Vill. Bohar Wala Mohalla, Kartarpur, Distt. Jalandhar, Punjab (India) have changed my Son's name from Harmanjot to Harmanjot Sidhu and both name are same Person. Concerned note.

I, Sahibjit Singh S/o Lakhwinder Singh resident of VPO. Bhikhariwal,Tehsil Kalanaur , District Gurdaspur, Punjab, India Pin Code 143520 , I Have Changed my name from Sahibjit Singh to Singh Sahibjit, Surname as Singh and given name as Sahibjit.

I Sandeep Kumar Ved Prakash R/o H. No. 1312 , New Suraj Ganj, Model Town, Jalandhar have changed my first name to Sandeep and Kumar as Surname. All concerned may note.

I, Ravneet Kaur W/o Jagjeet singh R/o Plot no 40 Gali No.3 Sher Shah Suri Road Chheharta Hargobind Avenue Amritsar have changed my name Ravneet Kaur Jather to Ravneet Kaur. All concerned pls note it.

I, Jugraj Singh S/o Lakhbir Singh R/o PO Adliwal, Bua Nangali, Amritsar, Punjab-143101 have changed my name from Yugraj Singh to Singh is my surname and Yugraj is my given name.

I, Sunil Kumar son of Madan Lal resident of 270 Back side Dainik Savera Lajpat Nagar, Jalandhar, Punjab, India have changed the name of my minor son from Pulkit to Pulkit Madaan. All concerned please note.

I, Pardeep S/o Vijay Kumar R/o H.No.WX-186, Basti Nau, Jalandhar, Punjab have changed my name from Pardeep to Pardeep Kumar. (Kumar as surname) All Please Note.

I, Paramjeet Kour W/o Sachdev Singh R/o H.No. 231/5, Labour Colony, Garha, Jalandhar, Punjab have changed the spelling of my name from Paramjeet Kour to Paramjeet Kaur. All Please Note.

## Change of Name

I, Jagroop Singh S/o Balwant Singh R/o H.No.729, Ranjit Enclave, Near Baba Balak Nath Mandir, Nangal Karar Khan, Jalandhar Cantt, Jalandhar have changed my name from Jagroop Singh to Jagrup Singh. All Please Note.

I, Jasbir Singh s/o Arjun Singh r/o VPO. Kang Sahbu, Distt. Jalandhar have changed my name from Jasbir Singh to Jasveer Singh. All Please Note.

I, Vipen Kumar Baxi S/o Narinder Pal R/o Street No.1, Green Avenue, Hoshiarpur, Punjab have changed my name from Vipen Kumar Baxi to Vipen Kumar. All Please Note.

I, Manjeet Kaur w/o Jasveer Singh r/o VPO. Kang Sahbu, Distt. Jalandhar have changed the spelling of my name from Manjeet Kaur to Manjit Kaur. All Please Note.

I, Amritpal Singh s/o Jasveer Singh r/o VPO. Kang Sahbu, Distt. Jalandhar have changed my name to Given name as Amritpal&Surname as Singh. All Please Note.

I, Sahil s/o Jaswinder Pal r/o Vill. Sherpur, Po. Sheikhe, Distt. Jalandhar have changed my name from Sahil to Sahil Pawar (Surname as Pawar) All Please Note.

I, Rahul s/o Bishan Dass r/o E-601, Opposite Kake da Hotel, G3S Infinity Heights, Jalandhar-II, Po. Ladhewali, Distt. Jalandhar have changed my name to Rahul Kaushal (Surname as Kaushal). All Please Note.

I, Davinder K Kumar S/o Subhash Chander Sharma R/o Sunny Sonu Dhaba, Main Road, NH Main Bazar, Dialpur, Jalandhar-144803 (Punjab), have changed my name from Davinder K Kumar to Davinder Kumar. All concerned please note.

## PUBLIC NOTICE

I, Balpreet Singh S/o Manvinder Singh R/o 485 Preet Nagar Sodal Road Jalandhar have use my given name as Balpreet & Surname as Singh. All Concerned please note.

I, Ramandeep Kaur W/o Palwinder Singh, R/o Village Lehal, P.O. Dhariwal, District Gurdaspur, Punjab, declare that my name has been incorrectly written as "Ramandeep Kaur" in some Matriculation certificate. Ramandeep Kaur and Ramandeep Kaur are same person i.e me.

## ਬੇਦਖਲੀ ਨੋਟਿਸ

ਮੈਂ ਪਰਜੀਤ ਸਿੰਘ ਪੁੱਤਰ ਸ.ਫ਼ਕੀਰ ਸਿੰਘ ਵਾਸੀ ਪਿੰਡ ਅੰਮੋ ਨੰਗਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਆਪਣੀ ਪਤਨੀ ਸਤਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ ।

ਮੈਂ ਕਮਲਜੀਤ ਕੌਰ ਪਤਨੀ ਸੁਖਵੰਤ ਸਿੰਘ ਵਾਸੀ ਮ. ਨੰ: 476, ਸੁੰਦਰ ਨਗਰ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਮੁਨੀਸ਼ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ ।

ਮੈਂ, ਅਨਿਲ ਕੁਮਾਰ ਪੁੱਤਰ ਕੁਲਵੰਤ ਰਾਏ, ਵਾਸੀ ਤਲਵੰਡੀ ਭਾਈ, ਤਹਿ. ਵਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰੀਤਿਕਾ ਰਾਣੀ ਪਤਨੀ ਬਗੀਚਾ ਸਿੰਘ, ਵਾਸੀ ਫਿੱਡੇ, ਤਹਿ. ਵਾ ਜ਼ਿਲ੍ਹਾ ਫਿਰੋਜ਼ਪੁਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਬਹੁਤ ਸਮਝਾਇਆ ਪਰ ਇਹ ਨਹੀਂ ਸਮਝੀ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪ੍ਰਸ਼ੋਤਮ ਰਾਜ ਪੁੱਤਰ ਦੇਵ ਦੱਤ, ਵਾਸੀ ਮਕਾਨ ਨੰਬਰ 127, ਵਾਰਡ ਨੰਬਰ 6, ਪੰਡੋਰੀ ਰੋਡ, ਮਾਨਕੌਰ ਸਿੰਘ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਵਿਮਲ ਕੁਮਾਰ ਅਤੇ ਮੇਰੀ ਨੂੰਹ ਕਾਜਲ ਕੁਮਾਰੀ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪ੍ਰੀਤਮ ਸਿੰਘ ਪੁੱਤਰ ਸ੍ਰੀ ਅਰਜਨ ਸਿੰਘ, ਵਾਸੀ ਝੁੱਗੇ ਕੰਨਲਾਂ ਵਾਲੇ ਦਾਖਲੀ, ਜਲਾਲਾਬਾਦ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨੈਲ ਸਿੰਘ ਅਤੇ ਗੁਰਨਾਮ ਸਿੰਘ, ਨੂੰਹਾਂ ਵੀਨਾ ਰਾਣੀ ਪਤਨੀ ਕਰਨੈਲ ਸਿੰਘ, ਪ੍ਰਕਾਸ਼ ਕੌਰ ਪਤਨੀ ਗੁਰਨਾਮ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਰਿਸ਼ਤਾ-ਨਾਤਾ ਨਹੀਂ ਹੈ।

ਮੈਂ, ਨਿਰਮਲਾ ਕੁਮਾਰੀ ਪਤਨੀ ਬਲਦੇਵ ਸਿੰਘ, ਵਾਸੀ 96, ਸਦਰ ਬਾਜ਼ਾਰ ਕੈਂਟ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਵ ਅਤੇ ਉਸ ਦੀ ਪਤਨੀ ਬਲਜੀਤ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਚੰਗਾ ਵਰਤਾਓ ਨਹੀਂ ਕਰਦੇ ਅਤੇ ਮੇਰੇ ਨਾਲ ਗਾਲੀ-ਗਲੋਚ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਬਲਦੇਵ ਸਿੰਘ ਪੁੱਤਰ ਰਾਣਾ ਰਾਮ, ਵਾਸੀ 96, ਸਦਰ ਬਾਜ਼ਾਰ ਕੈਂਟ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵ ਅਤੇ ਉਸ ਦੀ ਪਤਨੀ ਬਲਜੀਤ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਚੰਗਾ ਵਰਤਾਓ ਨਹੀਂ ਕਰਦੇ ਅਤੇ ਮੇਰੇ ਨਾਲ ਗਾਲੀ-ਗਲੋਚ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਦੇਸਰਾਜ ਪੁੱਤਰ ਸ੍ਰੀ ਜੁਗਲਾਲ ਵਾਸੀ ਮਕਾਨ ਨੰ: 327, ਡਬਲਯੂ ਆਰ, ਬਸਤੀ ਸ਼ੇਖ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਿਤ ਗਿੱਲ ਵਾ ਉਸਦੀ ਪਤਨੀ ਪ੍ਰਤੀਭਾ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਜਸਬੀਰ ਸਿੰਘ ਪੁੱਤਰ ਬਚਨ ਸਿੰਘ, ਵਾਸੀ ਪਿੰਡ ਮੱਲੀਆਂ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

## PUBLIC NOTICE

It hereby informs to public at large that Peter Masih has avail loan from AU SMALL FINANCE BANK LIMITED have its branch office at Mukherian. Pinki W/o Peter Masih owned Property i.e. Property Measuring 6 Marla Comprising Under Khasra No.93//3/1 Situated at Village Awankha, Tehsil Dinanagar, District Gurdaspur. That by Surinder Kaur W/o Amrik Singh i.e. more than 15 years and Surinder Kaur W/o Amrik Singh executed a Sale Deed for property area measuring 6 Marla in favor of Ram Kali W/o Lal Chand vide Sale Deed No. 24 dated 03.04.2013, which is duly mutated vide mutation no.13769 and Ram Kali W/o Lal Chand executed a Sale Deed for property area measuring 6 Marla in favor of Pinki W/o Peter Masih vide Sale Deed No.16 dated 07.04.2015, which is duly mutated vide mutation no.14357. Earlier Sale Deed No. 24 dated 03.04.2013 is lost and not traceable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## Format C-2

**Declaration about criminal antecedents of candidates set up by the party**

(As per the judgment dated 25thSeptember 2018 of Hon'ble Supreme Court in WP (Civil) No. 536 of 2011 (Public Interest Foundation & Ors. Vs. Union of India & Anr.) Name of Political Party: **AAM AADMI PARTY** Name of the Election : **Bye Election to the Council of States from Punjab** Name of State/ UT : **Punjab**

| Sl. No. | Name of candidate | Name of Constituency | Pending Criminal Cases | | | Details about cases of conviction for criminal offences | |
|---|---|---|---|---|---|---|---|
| | | | Name of Court | Case No. and status of case | Section(s) of Acts concerned and brief description of offence(s) | Name of Court & date(s) of order(s) | Description of offence(s) & punishment imposed |
| 1 | Rajinder Gupta | Punjab | Not Applicable | FIR no. 691 dt. 28.08.2021 PS: City Yavatmal (MH) | U/s 406, 420 & 34 IPC | NIL | NIL |

# ਦੇਸ਼ ਦੀ ਅੰਦਰੂਨੀ ਸੁਰੱਖਿਆ ਪੁਲਸ ਦੀ ਅਹਿਮ ਜ਼ਿੰਮੇਵਾਰੀ : ਐੱਸ ਐੱਸ ਪੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਦੇਸ਼ ਦੀ ਅੰਦਰੂਨੀ ਸੁਰੱਖਿਆ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਪੁਲਸ ਦੇ ਮੋਢਿਆਂ ਉੱਤੇ ਹੁੰਦੀ ਹੈ। ਪੁਲਸ ਦਾ ਜਜ਼ਬਾ ਅਤੇ ਸਮਰਪਣ ਹੀ ਦੇਸ਼ ਦੀ ਸੁਰੱਖਿਆ ਨੂੰ ਬਰਕਰਾਰ ਰੱਖਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੋਹਾਲੀ ਦੇ ਸੀਨੀਅਰ ਕਪਤਾਨ ਪੁਲਸ ਹਰਮਨਦੀਪ ਸਿੰਘ ਹਾਂਸ ਨੇ ਪੁਲਸ ਸ਼ਹੀਦੀ ਯਾਦਗਾਰੀ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ ਵਿਖੇ ਕਰਵਾਏ ਸਮਾਰੋਹ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਇਹ ਦਿਵਸ 21 ਅਕਤੂਬਰ 1959 ਨੂੰ ਲੱਦਾਖ ਘਾਟੀ ਵਿੱਚ ਗਸ਼ਤ ਦੌਰਾਨ ਚੀਨ ਬਾਰਡਰ 'ਤੇ ਸ਼ਹੀਦ ਹੋਏ ਸੀ.ਆਰ.ਪੀ.ਐਫ. ਦੇ 10 ਜਵਾਨਾਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਸਾਰੇ ਉਹਨਾਂ ਸ਼ਹੀਦ ਪੁਲਿਸ ਤੇ ਪੈਰਾ ਮਿਲਟਰੀ ਜਵਾਨਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਦੀ ਖਾਤਰ ਆਪਣੀ ਜਾਨਾਂ ਨਿਛਾਵਰ ਕੀਤੀਆਂ।ਸ੍ਰੀ ਹਾਂਸ ਨੇ ਕਿਹਾ ਕਿ ਬੀਤੇ ਸਾਲ ਦੌਰਾਨ ਦੇਸ਼ ਭਰ ਵਿਚ ਪੁਲਸ ਅਤੇ ਪੈਰਾ ਮਿਲਟਰੀ ਫੋਰਸਜ਼ ਦੇ 191 ਜਵਾਨਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਜੋ ਜਵਾਨ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਗਏ ਹਨ, ਉਹ ਸਾਡੀ ਪ੍ਰੇਰਨਾ ਦੇ ਸਰੋਤ ਹਨ। ਉਨ੍ਹਾਂ ਦੀਆਂ ਕੁਰਬਾਨੀਆਂ ਸਾਨੂੰ ਹਮੇਸ਼ਾਂ ਯਾਦ ਰਹਿਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਇੱਕ ਅਜਿਹੀ ਫੋਰਸ ਹੈ ਜਿਸ ਨੇ ਅੱਤਵਾਦ ਖ਼ਿਲਾਫ ਲੜਦਿਆਂ ਦੁਨੀਆ ਭਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਪੰਜਾਬ ਵਿੱਚ ਅੱਤਵਾਦ ਦੇ ਦੌਰ ਵਿੱਚ ਪੁਲਿਸ ਅਫਸਰਾਂ ਅਤੇ ਜਵਾਨਾਂ ਦੀਆਂ ਬੇਮਿਸਾਲ ਸ਼ਹਾਦਤਾਂ ਨੇ ਅਮਨ ਤੇ ਸ਼ਾਂਤੀ ਸਥਾਪਿਤ ਕੀਤੀ। ਉਨ੍ਹਾਂ ਕਿਹਾ ਅਸੀਂ ਉਹਨਾਂ ਦੇ ਸੁਪਨੇ ਸਾਕਾਰ ਕਰਨੇ ਹਨ, ਤਾਂ ਜੋ ਦੇਸ਼ ਦਾ ਮਾਣ ਹੋਰ ਵਧੇ। ਉਨ੍ਹਾਂ ਜਾਣਕਾਰੀ ਦਿੱਤੀ ਕਿ ਅੱਤਵਾਦ ਵਿਰੋਧੀ ਮੋਰਚੇ 'ਤੇ ਸ਼ਹੀਦ ਹੋਏ ਪੰਜਾਬ ਪੁਲਿਸ ਦੇ 35 ਅਧਿਕਾਰੀਆਂ/ਜੁਆਨਾਂ ਦੇ ਪਰਿਵਾਰ, ਜੋ ਮੌਜੂਦਾ ਸਮੇਂ ਜ਼ਿਲ੍ਹਾ ਐੱਸ ਏ ਐੱਸ ਨਗਰ ਵਿੱਚ ਰਹਿ ਰਹੇ ਹਨ, ਉਨ੍ਹਾਂ ਦੀ ਹਰ ਮੁਸ਼ਕਲ ਦਾ ਹੱਲ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ। ਸਮਾਰੋਹ ਦੌਰਾਨ ਕਈ ਪਰਵਾਰਕ ਮੈਂਬਰਾਂ ਵੱਲੋਂ ਆਪਣੀਆਂ ਮੁਸ਼ਕਿਲਾਂ ਸਾਂਝੀਆਂ ਕੀਤੀਆਂ ਗਈਆਂ ਤੇ ਮੰਗ ਪੱਤਰ ਵੀ ਸੌਂਪੇ ਗਏ, ਜਿਨ੍ਹਾਂ ਦਾ ਐਸ.ਐਸ.ਪੀ. ਨੇ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੇ ਕਿਹਾ ਕਿ ਸ਼ਹੀਦੀ ਦਿਵਸ ਸਾਨੂੰ ਉਹਨਾਂ ਬਹਾਦਰ ਜਵਾਨਾਂ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਦੇਸ਼ ਦੀ ਸੁਰੱਖਿਆ ਲਈ ਆਪਣੀ ਜਾਨ ਨਿਛਾਵਰ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਅਤੇ ਸੀਨੀਅਰ ਕਪਤਾਨ ਪੁਲਿਸ ਸ੍ਰੀ ਹਰਮਨਦੀਪ ਸਿੰਘ ਹਾਂਸ ਨੇ ਸ਼ਹੀਦਾਂ ਨੂੰ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਦਿੱਤੀ। ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਹੀਦਾਂ ਨੂੰ ਸ਼ੋਕ ਸਲਾਮੀ ਵੀ ਦਿੱਤੀ ਗਈ।ਪਿਛਲੇ ਸਾਲ ਦੇ ਸਮੂਹ ਸ਼ਹੀਦਾਂ ਸ਼ਹੀਦਾਂ ਦੇ ਨਾਂਅ ਡਿਪਟੀ ਸੁਪਰਡੰਟ ਪੁਲਸ (ਹੈੱਡਕੁਆਟਰ) ਹਰਸਿਮਰਤ ਸਿੰਘ ਛੇਤਰਾ ਵੱਲੋਂ ਪੜ੍ਹੇ ਗਏ। ਪੁਲਸ ਸ਼ਹੀਦੀ ਦਿਵਸ ਪਰੇਡ ਦੀ ਅਗਵਾਈ ਡੀ ਐਸ ਪੀ ਪ੍ਰਿਥਵੀ ਸਿੰਘ ਚਾਹਲ ਨੇ ਕੀਤੀ।ਇਸ ਮੌਕੇ ਸ੍ਰੀ ਅਨੀਸ਼ ਕੁਮਾਰ ਗੋਇਲ (ਸੀ ਜੇ ਐੱਮ ਮੋਹਾਲੀ), ਸਮੂਹ ਐੱਸ ਪੀ, ਡੀ ਐੱਸ ਪੀ, ਥਾਣਾ ਮੁਖੀ, ਪੁਲਸ ਜਵਾਨਾਂ ਤੇ ਸ਼ਹੀਦ ਜਵਾਨਾਂ ਦੇ ਪਰਵਾਰਕ ਮੈਂਬਰਾਂ ਵੱਲੋਂ ਵੀ ਸ਼ਹੀਦਾਂ ਦੀ ਯਾਦਾਂ ਨੂੰ ਨਮਨ ਕੀਤਾ ਗਿਆ।



# 'ਟੈਰੋਰਿਸਟ ਕੀ ਪ੍ਰੇਮਿਕਾ' ਰਾਹੀਂ ਸਾਵਣ ਰੂਪੋਵਾਲੀ ਦੀ ਸੱਤ ਸਾਲਾਂ ਬਾਅਦ ਰੰਗਮੰਚ 'ਤੇ ਵਾਪਸੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਰੰਧਾਵਾ ਆਡੀਟੋਰੀਅਮ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਚ ਚਰਚਿੱਤ ਤੇ ਬੇਬਾਕ ਨਾਟਕਕਾਰ, ਨਾਟ-ਨਿਰਦੇਸ਼ਕ ਅਤੇ ਫਿਲਮਕਾਰ ਪਾਲੀ ਭੁਪਿੰਦਰ ਦੇ ਪੰਜਾਬੀ ਨਾਟਕ 'ਟੈਰੋਰਿਸਟ ਕੀ ਪ੍ਰੇਮਿਕਾ' ਦੇ ਹਿੰਦੀ-ਰੁਪਾਂਤਰਣ ਰਾਹੀਂ ਬਚਪਨ ਤੋਂ ਆਪਣੇ ਰੰਗਕਰਮੀ ਪਿਤਾ ਇਪਟਾ, ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਰੂਪੋਵਾਲੀ ਰਾਹੀਂ ਰੰਗਮੰਚ ਨਾਲ ਜੁੜੀ, ਵੱਡੇ ਅਤੇ ਛੋਟੇ ਪਰਦੇ ਦੀ ਤੇਜੀ ਨਾਲ ਉਭਰਦੀ ਅਦਾਕਾਰਾ ਸਾਵਣ ਰੂਪੋਵਾਲੀ (ਪੰਜਾਬੀ ਫਿਲਮ ਹਰਜੀਤਾ ਫੇਮ) ਦੀ ਸੱਤ ਸਾਲ ਬਾਅਦ ਰੰਗਮੰਚ 'ਤੇ ਜ਼ੋਰਦਾਰ ਜ਼ੋਰਦਾਰ ਅਤੇ ਭਾਵ-ਪੂਰਤ ਵਾਪਸੀ ਸੈਂਕੜੇ ਦਰਸ਼ਕਾਂ ਤੇ ਦਰਜਨਾਂ ਵਿਦਵਾਨਾਂ, ਨਾਟਕਰਮੀਆਂ, ਫਿਲਮ ਅਤੇ ਰੰਗਮੰਚ ਅਦਾਕਾਰਾਂ ਦੀ ਹਾਜ਼ਰੀ ਵਿਚ ਕੀਤੀ।ਨਾਟਕ ਦਾ ਮੰਚਣ ਮੂਵਿੰਗ ਸਟਾਰ ਪ੍ਰਡੋਕਸ਼ਨ ਵੱਲੋਂ ਅਭੀਸ਼ੇਕ ਤਿਵਾੜੀ ਦਾ ਨਿਰਦੇਸ਼ਨਾ ਹੇਠ ਹੋਏ ਨਾਟਕ ਵਿਚ ਲਕਸ਼ ਦੇ ਸੰਗੀਤ, ਹਰਮੀਤ ਭੁੱਲਰ ਦੇ ਰੌਸ਼ਨੀ ਪ੍ਰਬੰਧਨ ਅਤੇ ਸੁਪ੍ਰੀਤ ਦੇ ਪਹਿਰਾਵੇ ਦੀ ਵਿਉਂਤਬੰਦੀ ਨੇ ਨਾਟਕ ਦੇ ਪ੍ਰਭਾਵ ਨਾਲ ਹੋਰ ਪ੍ਰਭਾਵਸ਼ਾਲੀ ਬਣਾਉਂਣ ਵਿਚ ਆਪਣਾ ਯੋਦਾਨ ਪਾਇਆ। ਪਾਲੀ ਭੁਪਿੰਦਰ ਸਿੰਘ ਦੇ ਨਾਟਕ ਦੇ ਮੰਚਣਾਂ ਵੇਲੇ ਅਦਾਕਾਰ ਅਤੇ ਨਿਰਦੇਸ਼ਕ ਲਈ ਨਾਟਕ ਤੋਂ ਪਾਰ ਜਾ ਕੇ ਆਪਣੇ ਰੰਗ ਵਿਖਾਉਣ ਦੀ ਸੰਭਾਵਨਾ ਨਾ ਮਾਤਰ ਹੁੰਦੀ ਹੈ।ਪਾਲੀ ਦੇ ਨਾਟਕਾਂ ਦੀਆਂ ਸਕਰਿਪਟਾਂ ਦੇ ਜਾਦੂ ਵਿੱਚ ਹੀ ਦਰਸ਼ਕ ਬੰਨੇ ਜਾਂਦੇ ਹਨ ਪਰ 'ਟੈਰੋਰਿਸਟ ਕੀ ਪ੍ਰੇਮਿਕਾ' ਦਾ ਇਸ ਕਿਸਮ ਦਾ ਮੰਚਣ ਸੀ ਜਿਸ ਵਿੱਚ ਦਰਸ਼ਕ ਨਿਰਦੇਸ਼ਕ ਦੇ ਬੁਣੇ ਜਾਲ ਅਤੇ ਅਦਾਕਾਰਾਂ ਦੇ ਜਲੌਅ ਤੋਂ ਬੇਹੱਦ ਪ੍ਰਭਾਵਿਤ ਹੋਏ।ਸਾਵਣ ਰੂਪੋਵਾਲੀ ਨੇ ਅਨੀਤ ਦੇ ਕਿਰਦਾਰ ਵਿੱਚ ਕਮਾਲ ਦੇ ਹਾਵ-ਭਾਵ, ਅੱਖਾਂ ਵਿੱਚ ਲੱਖਾਂ ਰੰਗ, ਲੱਖਾਂ ਰੰਗਾਂ ਦੀਆਂ ਕਰੋੜਾਂ ਪਰਤਾਂ ਰਾਹੀਂ ਅਨੀਤ ਦੇ ਕਿਰਦਾਰ ਜੀਵੀਆ। ਟੈਰੋਰਿਸਟ ਦਾ ਉਤਕਰਸ਼ ਨੇ ਸਹਿਜਤਾ ਤੇ ਸੰਜਮ ਨਾਲ ਜੀਵਿਆ, ਡੀ.ਐੱਸ.ਪੀ ਦੇਵ ਦੇ ਕਿਰਦਾਰ ਵਿੱਚ ਮਯੰਕ ਸ੍ਰੀਵਾਸਤਵਾ ਅਤੇ ਸਿਪਾਹੀ ਵਸੰਤ ਸਾਗਰ ਖੂਬ ਨਿਭੇ।ਨਾਟਕ ਦੇ ਮੰਚਣ ਉਪਰੰਤ ਨਾਟਕ ਦੇ ਲੇਖਕ ਪਾਲੀ ਭੁਪਿੰਦਰ ਨੇ ਨਾਟਕ ਦੇ ਮੰਚਣ ਤੋਂ ਸੰਤੁਸ਼ਟੀ ਜ਼ਾਹਿਰ ਕਰਦੇ ਕਿਹਾ ਕਿ ਪੰਜਾਬੀ ਨਾਟਕ, ਰਾਸ਼ਟਰੀ ਨਾਟਕ ਦੇ ਮੁਕਾਬਲੇ ਕਿਸੇ ਪੱਖੋਂ ਊਣੇ ਨਹੀਂ ਪਰ ਅਸੀਂ ਨਾਟਕਕਾਰ ਆਪਣੀ ਸਮਰੱਥਾ ਨੂੰ ਪਹਿਚਣ ਹੀ ਨਹੀਂ ਸਕੇ।ਨਾਟ-ਨਿਰਦੇਸ਼ਕ ਅਤੇ ਇਪਟਾ, ਪੰਜਾਬ ਦੇ ਰਹਿ ਚੁੱਕੇ ਪ੍ਰਧਾਨ ਦਵਿੰਦਰ ਦਮਨ ਨੇ ਕਿਹਾ ਪਾਲੀ ਭੁਪਿੰਦਰ ਦੇ ਨਾਟਕ ਬਿਨ੍ਹਾਂ ਕਹੇ ਬਹੁਤ ਕੁੱਝ ਕਹਿ ਦਿੰਦੇ ਹਨ।ਪ੍ਰਸਿੱਧ ਲੋਕ-ਗਾਇਕਾ ਸੁੱਖੀ ਬਰਾੜ ਨੇ ਕਿਹਾ ਕਿ ਸਾਵਣ ਰੂਪੋਵਾਲੀ ਦੇ ਰੰਗਮੰਚ ਲਈ ਸਿਰੜ ਅਤੇ ਇਸ਼ਕ ਨੂੰ ਸਲਾਮ ਕਰਨਾ ਬਣਦਾ ਹੈ।ਉਨ੍ਹਾਂ ਵਿੱਤੀ ਮਦਦ ਵੀ ਦਿੱਤੀ।ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਰਮੀ ਸੰਜੀਵਨ ਸਿੰਘ ਨੇ ਕਿਹਾ ਮੈਂ ਤਕਰੀਬਨ 10 ਸਾਲ ਬਾਅਦ ਮੈਂ ਸਾਵਣ ਨੂੰ ਦੂਸਰੀ ਵਾਰ ਮੰਚ 'ਤੇ ਵੇਖ ਰਿਹਾਂ ਹਾਂ।ਫਿਲਮਾਂ ਦੇ ਰੁਝਵਿਆਂ 'ਚੋ ਵਿਹਲ ਕੱਢੇ ਨਾਟਕ ਕਰਨ ਵਾਲਿਅ ਦੀ ਕਤਾਰ ਵਿਚ ਸਾਵਣ ਵੀ ਸ਼ੁਮਾਰ ਹੋ ਗਈ ਹੈ।ਇਸ ਮੌਕੇ ਹੋਰਾਂ ਤੋਂ ਇਲਾਵਾ ਫਿਲਮ ਅਦਾਕਾਰ ਕੁਲਜਿੰਦਰ ਸਿੱਧੂ, ਸੁੱਖੀ ਚਾਹਲ, ਰਮਨ ਢਿੱਲੋਂ, ਦਵਿੰਦਰ ਦਵੀ, ਗੋਰਧਨ ਗੱਬੀ, ਕਮਲ ਨੈਨ ਸਿੰਘ ਸੇਖੋਂ, ਜਗਦੀਪ ਵੜੈਚ, ਲਖਵਿੰਦਰ ਸਿੰਘ, ਤੋਂ ਇਲਾਵਾ ਭੁਪਿੰਦਰ ਸਿੰਘ ਮਲਿਕ, ਇੰਦਰਜੀਤ ਰੂਪੋਵਾਲੀ, ਸਰਬਜੀਤ ਰੂਪੋਵਾਲੀ, ਸਬਦੀਸ਼, ਭੱਟੀ ਭੜੀਆਲਾ,ਜੈਪਾਲ ਸਿੰਘ ਛਿੱਬਰ ਵੀ ਸ਼ਾਮਿਲ ਸਨ।



# 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ ਭਲਕੇ

**ਜਲੰਧਰ (ਸ਼ੈਲੀ ਐਲਬਰਟ)**- ਦੇਸ਼ ਦੀਆਂ ਨਾਮੀ ਹਾਕੀ ਟੀਮਾਂ ਵਿਚਕਾਰ ਰੌਚਕ ਮੁਕਾਬਲੇ ਨਾਲ ਭਰਪੂਰ 42ਵਾਂ ਇੰਡੀਅਨ ਆਇਲ ਸੁਰਜੀਤ ਹਾਕੀ ਟੂਰਨਾਮੈਂਟ 23 ਅਕਤੂਬਰ ਤੋਂ ਸਥਾਨਕ ਸੁਰਜੀਤ ਹਾਕੀ ਸਟੇਡੀਅਮ ਵਿੱਚ ਸ਼ੁਰੂ ਹੋ ਰਿਹਾ ਹੈ। ਇਸ ਟੂਰਨਾਮੈਂਟ ਦਾ ਉਦਘਾਟਨ ਮੈਂਬਰ ਪਾਰਲੀਮੈਂਟ (ਰਾਜ ਸਭਾ) ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਫਾਊਂਡਰ ਚਾਂਸਲਰ ਡਾ. ਅਸ਼ੋਕ ਮਿੱਤਲ ਸ਼ਾਮ 6:15 ਵਜੇ ਕਰਨਗੇ। ਇਸ ਟੂਰਨਾਮੈਂਟ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਟੀਮ ਇੰਡੀਅਨ ਆਇਲ ਮੁੰਬਈ ਅਤੇ ਉਪ-ਜੇਤੂ ਭਾਰਤ ਪੈਟਰੋਲੀਅਮ, ਮੁੰਬਈ ਸਮੇਤ ਦੇਸ਼ ਦੀਆਂ 12 ਉੱਚ ਕੋਟੀ ਦੀਆਂ ਟੀਮਾਂ ਇਸ ਟੂਰਨਾਮੈਂਟ ਵਿੱਚ ਆਪਣਾ ਜੌਹਰ ਦਿਖਾਉਣਗੀਆਂ। ਇਸ ਉਦਘਾਟਨੀ ਸਮਾਗਮ 'ਤੇ ਇੰਡੀਅਨ ਆਇਲ ਦੇ ਚੀਫ਼ ਜਨਰਲ ਮੈਨੇਜਰ (ਓਪਰੇਸ਼ਨਜ਼) ਯਸ਼ਪਾਲ ਕਾਂਤ ਗੈਸਟ ਆਫ਼ ਆਨਰ ਹੋਣਗੇ, ਜਦਕਿ ਹਾਕੀ ਪੰਜਾਬ ਦੇ ਪ੍ਰਧਾਨ ਅਤੇ ਆਮ ਆਦਮੀ ਪਾਰਟੀ ਦੇ ਜਲੰਧਰ (ਸੈਂਟਰਲ) ਵਿਧਾਨ ਸਭਾ ਹਲਕੇ ਦੇ ਇੰਚਾਰਜ ਨਿਤੀਨ ਕੋਹਲੀ ਵਿਸ਼ੇਸ਼ ਮਹਿਮਾਨ ਹੋਣਗੇ। 10 ਦਿਨਾਂ ਤੱਕ ਚੱਲਣ ਵਾਲਾ ਇਹ ਟੂਰਨਾਮੈਂਟ ਫਲੱਡ ਲਾਈਟਾਂ ਹੇਠਾਂ ਹੋਵੇਗਾ ਅਤੇ ਹੋਣ ਹਰ ਰੋਜ਼ ਸ਼ਾਮ 4:30 ਵਜੇ ਤੋਂ ਦੋ-ਦੋ ਮੈਚ ਖੇਡੇ ਜਾਣਗੇ। ਟੂਰਨਾਮੈਂਟ ਨੂੰ ਹੋਰ ਰੌਚਕ ਬਣਾਉਣ ਲਈ 'ਸੁਰਜੀਤ ਹਾਕੀ ਦੇਖੋ-ਆਲਟੋ ਕਾਰ ਜਿੱਤੋ' ਦੇ ਨਾਅਰੇ ਹੇਠ ਦਰਸ਼ਕਾਂ ਵਿੱਚ ਉਤਸ਼ਾਹ ਪੈਦਾ ਕੀਤਾ ਜਾ ਰਿਹਾ ਹੈ। ਇਸ ਤਹਿਤ ਸਟੇਡੀਅਮ ਦੇ ਐਂਟਰੀ ਗੇਟ 'ਤੇ ਪਹੁੰਚਣ ਵਾਲੇ ਹਰ ਦਰਸ਼ਕ ਨੂੰ ਲਗਾਤਾਰ 10 ਦਿਨ ਤੱਕ ਇੱਕ ਕੂਪਨ ਦਿੱਤਾ ਜਾਵੇਗਾ। ਟੂਰਨਾਮੈਂਟ ਦੇ ਫਾਈਨਲ ਮੈਚ ਤੋਂ ਤੁਰੰਤ ਬਾਅਦ ਇਨ੍ਹਾਂ ਕੂਪਨਾਂ ਵਿੱਚੋਂ ਇੱਕ ਦਰਸ਼ਕ ਦਾ ਆਲਟੋ ਕਾਰ ਦਾ ਇਨਾਮ ਕਢਿਆ ਜਾਵੇਗਾ। ਇਹ ਕਾਰ ਐਨ.ਆਰ.ਆਈ. ਸਤਨਾਮ ਸਿੰਘ 'ਸੱਤਾ ਭਲਵਾਨ' (ਅਮਰੀਕਾ) ਵੱਲੋਂ ਸਪਾਂਸਰ ਕੀਤੀ ਗਈ ਹੈ। ਇਸ ਤੋਂ ਇਲਾਵਾ ਦਰਸ਼ਕਾਂ ਨੂੰ ਫਰਿੱਜ, ਐਲਸੀਡੀ, ਵਾਸ਼ਿੰਗ ਮਸ਼ੀਨ, ਮਾਈਕ੍ਰੋਵੇਵ ਵਰਗੇ ਹੋਰ ਇਨਾਮ ਵੀ ਦਿੱਤੇ ਜਾਣਗੇ।



# ਸੀ ਟੀ ਗਰੁੱਪ ਵੱਲੋਂ ਬੰਦੀ ਛੋੜ ਦਿਵਸ 'ਤੇ ਦੀਪਮਾਲਾ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ ਇੰਸਟੀਚਿਊਸ਼ਨਜ਼ ਦ ਸ਼ਾਹਪੁਰ ਕੈਂਪਸ ਆਤਮਿਕ ਚਾਨਣ ਨਾਲ ਚਮਕ ਉਠਿਆ, ਜਦੋਂ ਸੀ ਟੀ ਪਰਵਾਰ ਨੇ ਇਕੱਠੇ ਹੋ ਕੇ ਬੰਦੀ ਛੋੜ ਦਿਵਸ ਮਨਾਇਆ। 'ਬੰਦੀ ਛੋੜ ਦਿਵਸ' ਉਹ ਪਵਿੱਤਰ ਦਿਹਾੜਾ ਜੋ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਗਵਾਲੀਅਰ ਕਿਲੇ ਤੋਂ 52 ਹਿੰਦੂ ਰਾਜਿਆਂ ਸਮੇਤ ਮੁਕਤੀ ਨੂੰ ਦਰਸਾਉਂਦਾ ਹੈ। ਇਹ ਇਤਿਹਾਸਿਕ ਘਟਨਾ ਹਿੰਮਤ, ਦਿਆਲਤਾ ਅਤੇ ਇਨਸਾਫ ਦਾ ਸਦੀਵੀ ਪ੍ਰਤੀਕ ਹੈ। ਇਸ ਪਵਿੱਤਰ ਮੌਕੇ 'ਤੇ ਸੀ.ਟੀ. ਗਰੁੱਪ ਸ਼ਾਹਪੁਰ ਵੱਲੋਂ ਵਿਸ਼ਾਲ ਦੀਪਮਾਲਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਨ ਨੇ ਮਿਲ ਕੇ ਹਜ਼ਾਰਾਂ ਦੀਵੇ ਜਲਾਏ। ਚਾਨਣ ਨਾਲ ਰੌਸ਼ਨ ਹੋਇਆ ਕੈਂਪਸ, ਇਸ ਤਿਉਹਾਰ ਦੀ ਰੂਹ ਨੂੰ ਦਰਸਾਉਂਦਾ ਸੀ, ਅੰਧਕਾਰ ਤੋਂ ਪ੍ਰਕਾਸ਼ ਵੱਲ, ਗੁਲਾਮੀ ਤੋਂ ਆਜ਼ਾਦੀ ਵੱਲ, ਤੇ ਨਿਰਾਸ਼ਾ ਤੋਂ ਆਸ ਵੱਲ। ਸੀ.ਟੀ. ਗਰੁੱਪ ਦੇ ਵਾਇਸ ਚੇਅਰਮੈਨ ਸੀ ਹਰਪ੍ਰੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਬੰਦੀ ਛੋੜ ਦਿਵਸ ਸਿਰਫ਼ ਮੁਕਤੀ ਦਾ ਪ੍ਰਤੀਕ ਨਹੀਂ, ਸਗੋਂ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸਲੀ ਚਾਨਣ ਦਿਆਲਤਾ ਏਕਤਾ ਤੇ ਸੱਚਾਈ ਲਈ ਖੜ੍ਹੇ ਹੋਣ ਵਿੱਚ ਹੈ। ਦੀਵਾ ਜੋ ਅੱਜ ਜਲਾਇਆ ਗਿਆ ਹੈ, ਉਹ ਆਸ, ਆਜ਼ਾਦੀ ਅਤੇ ਚੰਗੇਪਣ ਦੀ ਜਿੱਤ ਦਾ ਪ੍ਰਤੀਕ ਹੈ। ਇਸ ਮੌਕੇ 'ਤੇ ਡਾ. ਨਿਤਿਨ ਟੰਡਨ (ਐਗਜ਼ਿਕਿਊਟਿਵ ਡਾਇਰੈਕਟਰ) ਅਤੇ ਡਾ. ਸ਼ਿਵ ਕੁਮਾਰ (ਕੈਂਪਸ ਡਾਇਰੈਕਟਰ) ਸਮੇਤ ਵਿਦਿਆਰਥੀਆਂ ਅਤੇ ਸਟਾਫ ਨੇ ਮਿਲ ਕੇ ਕੈਂਪਸ ਨੂੰ ਭਗਤੀ ਅਤੇ ਖੁਸ਼ੀ ਨਾਲ ਚਮਕਾ ਦਿੱਤਾ। ਇਹ ਸਮੂਹਿਕ ਸ਼ਮੂਲੀਅਤ ਸ਼ਾਮ ਨੂੰ ਆਤਮਿਕ ਤੇ ਸ਼ਾਂਤਮਈ ਅਨੁਭਵ ਵਿੱਚ ਤਬਦੀਲ ਕਰ ਗਈ।



# ਇਤਿਹਾਸਿਕ ਰੋਸ਼ਨੀ ਮੇਲਾ 5 ਨਵੰਬਰ ਤੋਂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਲਾਕੇ ਦੇ ਪਿੰਡ ਬੀਰਮਪੁਰ ਵਿਖੇ ਸਾਲਾਨਾ ਇਤਿਹਾਸਕ ਰੋਸ਼ਨੀ ਮੇਲਾ ਇਸ ਸਾਲ ਵੀ 5 ਨਵੰਬਰ ਤੋਂ 8 ਨਵੰਬਰ ਤੱਕ ਪ੍ਰਬੰਧਕ ਕਮੇਟੀ, ਇਲਾਕਾ ਨਿਵਾਸੀ ਅਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਕਰਵਾਇਆ ਜਾ ਰਿਹਾ ਹੈ। ਇਸ ਅਸਥਾਨ ਨੂੰ ਪੀਰ ਮੀਆਂ ਬਾਬਾ ਕਾਦਰ ਬਖਸ਼ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਅਸਥਾਨ 'ਤੇ ਚਾਰ ਦਿਨਾਂ ਰੌਸ਼ਨੀ ਮੇਲਾ ਲੱਗਦਾ ਹੈ ਜਿਸ ਵਿੱਚ ਦੂਰ ਦੁਰਾਡੇ ਤੋਂ ਸੰਗਤਾ ਨਤਮਸਤਕ ਹੁੰਦੀਆਂ ਹਨ ਅਤੇ ਇਸ ਅਸਥਾਨ ਤੇ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਵਾਲ ਪਾਰਟੀਆਂ ਦਰਬਾਰ ਤੇ ਮਹਿਫਲ ਸਜਾਉਂਦੀਆਂ ਹਨ। ਇਸ ਵਾਰ ਵੀ ਇਹ ਮੇਲਾ ਪੰਜ ਨਵੰਬਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਸਬੰਧੀ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਜੰਗੀ-ਪੱਧਰ ਨਾਲ ਸ਼ੁਰੂ ਹੋ ਚੁੱਕੀਆਂ ਹਨ। ਪ੍ਰਬੰਧਕ ਕਮੇਟੀ ਨੇ ਦੱਸਿਆ ਕਿ 26 ਅਕਤੂਬਰ ਨੂੰ ਸ਼ਾਮ ਚਾਰ ਵਜੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਇਸੇ ਤਰ੍ਹਾਂ ਪੰਜ ਨਵੰਬਰ ਨੂੰ ਦਰਬਾਰ ਤੇ ਚਿਰਾਗ ਰੋਸ਼ਨ ਕੀਤੇ ਜਾਣਗੇ। ਉਪਰੰਤ ਕਰਾਮਤ ਅਲੀ ਫਕੀਰ ਮਲੇਰਕੋਟਲੇ ਵਾਲਿਆ ਵੱਲੋਂ ਦਰਬਾਰ ਤੇ ਮਹਿਫਲ ਸਜਾ ਕੇ ਮੇਲੇ ਦੀ ਸ਼ੁਰੂਆਤ ਕੀਤੀ ਜਾਵੇਗੀ। ਇਸੇ ਤਰ੍ਹਾਂ 6 ਨਵੰਬਰ ਨੂੰ ਪੰਜਾਬ ਦੇ ਨਾਮਵਰ ਗਾਇਕ ਮੈਡੀਕਾਲਰਾ, ਸੱਤ ਨਵੰਬਰ ਨੂੰ ਅਮਨ ਰੋਜ਼ੀ ਅਤੇ 8 ਨਵੰਬਰ ਨੂੰ ਪਰਵੇਜ਼ ਆਲਮ ਸਮੇਤ ਹੋਰ ਕਲਾਕਾਰ ਦਰਬਾਰ ਤੇ ਹਾਜ਼ਰੀ ਲਗਾਉਣਗੇ।

# ਨਿਰਵਾਣੁ ਕੁਟੀਆ ਵਿਖੇ ਮਨਾਇਆ ਬੁੱਧ ਧੰਮ ਦੀਪ ਦਾਨ ਸਮਾਰੋਹ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਨਿਰਵਾਣੁ ਕੁਟੀਆ ਮਾਹਿਲਪੁਰ ਵਿਖੇ 21 ਅਕਤੂਬਰ ਨੂੰ ਬੁੱਧ ਧੰਮ ਦੀਪ ਦਾਨ ਸਮਾਰੋਹ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਤਥਾਗਤ ਭਗਵਾਨ ਬੁੱਧ ਅਤੇ ਹੋਰ ਬੁੱਧ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਅੱਗੇ ਗਿਆਨ ਦੇ ਪ੍ਰਤੀਕ ਵਜੋਂ ਦੀਵੇ ਜਗਾਏ ਗਏ। ਸਮੂਹਿਕ ਤੌਰ ਤੇ ਮੈਡੀਟੇਸ਼ਨ ਕੀਤੀ ਅਤੇ ਬੁੱਧ ਮਹਾਂਪੁਰਸ਼ਾਂ ਵੱਲੋਂ ਦਰਸਾਏ ਮਾਰਗ ਤੇ ਚੱਲਣ ਦਾ ਪ੍ਰਣ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਕੁਮਾਰ, ਮਾਸਟਰ ਜੈ ਰਾਮ ਬਾੜੀਆ, ਗਿਆਨ ਚੰਦ ਬਾੜੀਆਂ ਤਰਕਸ਼ੀਲ ਆਗੂ, ਹੰਸ ਰਾਜ, ਰੇਖਾ ਰਾਣੀ, ਕਮਲਦੀਪ ਕੌਰ, ਗੁਰਪਾਲ ਕੌਰ, ਕੁਲਦੀਪ ਕੌਰ, ਸੰਤ ਪਵਨ ਕੁਮਾਰ ਤਾਜੇਵਾਲ ਤੇ ਹੋਰ ਸਾਥੀ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਸੁਖਵਿੰਦਰ ਕੁਮਾਰ ਨੇ ਦੱਸਿਆ ਕਿ ਅੱਜ ਤੋਂ ਤਕਰੀਬਨ 2580 ਸਾਲ ਪਹਿਲਾ ਅੱਜ ਦੇ ਦਿਨ ਤਥਾਗਤ ਭਗਵਾਨ ਬੁੱਧ ਗਿਆਨ ਪ੍ਰਾਪਤੀ ਤੋਂ ਬਾਅਦ ਪਹਿਲੀ ਵਾਰ ਆਪਣੇ ਪਿਤਾ ਜੀ ਦੇ ਸੱਦੇ ਤੇ ਆਪਣੇ ਘਰ ਕਪਲ ਵਸਤੂ ਵਿਖੇ ਗਏ ਸਨ। ਉਨ੍ਹਾਂ ਦੇ ਆਣ ਦੀ ਖੁਸ਼ੀ ਵਿੱਚ ਉੱਥੇ ਦੇ ਲੋਕਾਂ ਨੇ ਖੁਸ਼ੀ ਵਿੱਚ ਦੀਵੇ ਜਗਾਏ। ਇਸ ਮੌਕੇ ਤਥਾਗਤ ਭਗਵਾਨ ਬੁੱਧ ਨੇ ਸਮੁੱਚੀ ਜਨਤਾ ਨੂੰ ਉਪਦੇਸ਼ ਦਿੰਦਿਆ ਕਿਹਾ ਕੀ ਸਾਨੂੰ ਆਪਣੀ ਚੇਤਨਾ ਵਿੱਚ ਗਿਆਨ ਦੇ ਦੀਵੇ ਜਗਾਉਣੇ ਚਾਹੀਦੇ ਹਨ ਅਤੇ ਪ੍ਰਾਪਤ ਕੀਤੇ ਬੁੱਧ ਗਿਆਨ ਦਾ ਦਾਨ ਵੰਡਣਾ ਚਾਹੀਦਾ ਹੈ, ਜੋ ਕਿ ਸਭ ਤੋਂ ਸਰਵੋਤਮ ਗਿਆਨ ਹੈ। ਉਨ੍ਹਾਂ ਕਿਹਾ ਕਿ ਤਥਾਗਤ ਭਗਵਾਨ ਬੁੱਧ ਤੋਂ ਤਕਰੀਬਨ 250 ਸਾਲ ਬਾਅਦ ਚੱਕਰਵਰਤੀ ਸਮਰਾਟ ਅਸ਼ੋਕ ਜੀ ਬਾਅਦ ਵਿੱਚ ਬੁੱਧ ਧਰਮ ਸਵੀਕਾਰ ਕਰਕੇ ਭਿਕਸ਼ੂ ਬਣ ਗਏ ਸਨ, ਨੇ ਵੱਖ ਵੱਖ ਥਾਵਾਂ 'ਤੇ 84 ਹਜ਼ਾਰ ਸਤੂਪ ਬਣਾ ਕੇ ਇੱਕੋ ਸਮੇਂ ਦੀਵੇ ਜਗਾਏ ਸਨ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਦਿਨ ਨੂੰ ਦੀਪ ਦਾਨ ਉਤਸਵ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸ ਮੌਕੇ ਮਾਸਟਰ ਜੈ ਰਾਮ ਬਾੜੀਆਂ ਨੇ ਕਿਹਾ ਕਿ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀ ਬਦੌਲਤ ਸਾਨੂੰ ਸਭਨਾਂ ਨੂੰ ਤਥਾਗਤ ਭਗਵਾਨ ਬੁੱਧ ਦੇ ਧੰਮ ਦਾ ਰਸਤਾ ਮਿਲਿਆ ਹੈ, ਜੋ ਕਿ ਇੱਕ ਕਲਿਆਣਕਾਰੀ ਰਸਤਾ ਹੈ। ਸਮਾਗਮ ਦੇ ਅਖੀਰ ਵਿੱਚ ਸੁਖਵਿੰਦਰ ਕੁਮਾਰ ਅਤੇ ਕੁਲਦੀਪ ਕੌਰ ਵੱਲੋਂ ਆਪਣੇ ਘਰ ਸਾਰੇ ਹੀ ਉਪਾਸਕਾਂ ਨੂੰ ਚਾਹ ਪਾਣੀ ਛਕਾਇਆ ਗਿਆ ਅਤੇ ਇਸ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ।



## ਜਨਮ ਦਿਨ ਮੁਬਾਰਕ



ਸੁਖਮਨਪ੍ਰੀਤ ਕੌਰ
ਕੋਟੜਾ ਕੌੜਾ



ਅਰਜੁਨ ਸ਼ਰਮਾ
ਸਮਾਣਾ

# ਵਿਦਿਆਰਥੀਆਂ ਵੱਲੋਂ ਜੇ ਐੱਮ ਪੀ ਇੰਡਸਟਰੀ ਦਾ ਦੌਰਾ



**ਜਲੰਧਰ (ਸ਼ੈਲੀ ਐਲਬਰਟ)**- ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਹੇਠ ਅਤੇ ਆਟੋਮੋਬਾਈਲ ਵਿਭਾਗ ਦੇ ਮੁਖੀ ਗੌਰਵ ਸ਼ਰਮਾ ਦੀ ਰਹਿਨੁਮਾਈ ਵਿੱਚ ਦੂਜੇ ਸਾਲ ਦੇ ਵਿਦਿਆਰਥੀਆਂ ਨੇ ਜੇ ਐੱਮ ਪੀ ਇੰਡਸਟਰੀ, ਫੋਕਲ ਪੁਆਇੰਟ ਜਲੰਧਰ ਦਾ ਦੌਰਾ ਕੀਤਾ। ਦੌਰੇ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਵਿਭਾਗ ਮੁਖੀ ਗੌਰਵ ਸ਼ਰਮਾ ਨੇ ਦੱਸਿਆ ਕਿ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਪ੍ਰੈਕਟੀਕਲ ਤੇ ਟੈਕਨਿਕਲ ਜਾਣਕਾਰੀ ਵਧਾਉਣ ਲਈ ਹਰ ਸੈਮੇਸਟਰ ਵਿੱਚ ਇਸ ਤਰ੍ਹਾਂ ਦੇ ਉਦਯੋਗਿਕ ਦੌਰੇ ਆਯੋਜਿਤ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਜਹੀਆਂ ਪਹਿਲਾਂ ਕਲਾਸਰੂਮ ਅਧਿਐਨ ਤੇ ਉਦਯੋਗਿਕ ਕਾਰਜ ਪ੍ਰਣਾਲੀ ਵਿਚਕਾਰ ਦੇ ਅੰਤਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦੀਆਂ ਹਨ। ਕਾਲਜ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਵਿਭਾਗ ਦੀਆਂ ਕੋਸ਼ਿਸ਼ਾਂ ਦੀ ਪ੍ਰਸ਼ੰਸਾ ਕੀਤੀ ਅਤੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਸ਼ੈਖ਼ਸ਼ੀਕ ਅਤੇ ਤਕਨੀਕੀ ਪ੍ਰੋਗਰਾਮਾਂ ਵਿੱਚ ਸਰਗਰਮ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁਭ ਕਾਮਨਾਵਾਂ ਵੀ ਦਿੱਤੀਆਂ। ਦੌਰੇ ਦੌਰਾਨ ਜੇ.ਐਮ.ਪੀ. ਇੰਡਸਟਰੀ ਦੇ ਇੱਕ ਕਰਮਚਾਰੀ ਨੇ ਫੈਕਟਰੀ ਵਿੱਚ ਬਣਾਏ ਜਾਣ ਵਾਲੇ ਵੱਖ-ਵੱਖ ਉਤਪਾਦਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਫੈਕਟਰੀ ਦਾ ਦੌਰਾ ਕਰਵਾਇਆ ਗਿਆ ਅਤੇ ਆਟੋ ਪਾਰਟਸ ਨਿਰਮਾਣ ਵਿੱਚ ਵਰਤੀ ਜਾ ਰਹੀਆਂ ਨਵੀਂ ਤਕਨਾਲੋਜੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ।

# ਆਦਮਪੁਰ ਹਵਾਈ ਅੱਡੇ ਦਾ ਨਾਂਅ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂਅ 'ਤੇ ਰੱਖਣ ਦੀ ਮੰਗ

**ਜਲੰਧਰ (ਇਕਬਾਲ ਸਿੰਘ ਉਭੀ)**- ਸਥਾਨਕ ਲਾਡੋਵਾਲੀ ਰੋਡ ਤੇ ਤਹਿਸੀਲ ਕੰਪਲੈਕਸ ਨੇੜੇ ਸਥਿਤ ਰਾਮਗੜ੍ਹੀਆ ਚੌਕ ਵਿੱਚ ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਲਗਾਉਣ ਸਬੰਧੀ ਰਾਮਗੜ੍ਹੀਆ ਫਾਉਂਡੇਸ਼ਨ ਦੇ ਪ੍ਰਧਾਨ ਅਤੇ ਟਰਾਂਸਪੋਰਟ ਵਿਭਾਗ ਪੰਜਾਬ ਦੇ ਡਾਇਰੈਕਟਰ ਰਜਿੰਦਰ ਸਿੰਘ ਰੀਹਲ ਦੇ ਯਤਨਾਂ ਸਦਕਾ, ਰਾਮਗੜ੍ਹੀਆ ਭਾਈਚਾਰੇ ਵੱਲੋਂ ਸਮਾਗਮ ਕਰਵਾਇਆ ਗਿਆ । ਇਸ ਮੌਕੇ ਬਾਬਾ ਅਮਨਪ੍ਰੀਤ ਸਿੰਘ ਦਕੋਹਾ ਵਾਲਿਆਂ ਦੀ ਹਾਜ਼ਰੀ ਵਿੱਚ ਅਰਦਾਸ ਕਰਵਾਉਣ ਉਪਰੰਤ ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਅਤੇ ਪੁਲਸ ਕਮਿਸ਼ਨਰ ਧੰਨਪ੍ਰੀਤ ਕੌਰ ਵੱਲੋਂ ਇਸ ਸ਼ੁਭ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਬੋਲਦਿਆਂ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਵੀ ਇਸ ਸੂਰਵੀਰ ਯੋਧੇ ਦੀ ਰਿਆਸਤ ਵਾਲੇ ਜ਼ਿਲ੍ਹੇ ਜਲੰਧਰ ਵਿੱਚ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਡੀ ਸੀ ਨੇ ਰਜਿੰਦਰ ਸਿੰਘ ਰੀਹਲ ਵੱਲੋਂ ਰਾਮਗੜ੍ਹੀਆ ਭਾਈਚਾਰੇ ਦੀ ਬੇਹਤਰੀ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਰਾਮਗੜ੍ਹੀਆ ਭਾਈਚਾਰੇ ਨੂੰ ਸਹਿਯੋਗ ਦੇਣ ਲਈ ਕਿਹਾ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਹਰਵਿੰਦਰ ਸਿੰਘ ਨਾਗੀ ਨੇ ਇਸ ਸਮਾਗਮ ਵਿੱਚ ਪਹੁੰਚਣ ਤੇ ਸਾਰਿਆਂ ਦਾ ਧੰਨਵਾਦ ਹੋਏ ਜੱਸਾ ਸਿੰਘ ਰਾਮਗੜ੍ਹੀਆ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਅਤੇ ਡਿਪਟੀ ਕਮਿਸ਼ਨਰ ਰਾਂਹੀ ਸਰਕਾਰ ਕੋਲੋਂ ਮੰਗ ਕੀਤੀ ਕਿ ਆਦਮਪੁਰ ਹਵਾਈ ਅੱਡੇ ਦਾ ਨਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ ਤੇ ਰੱਖਿਆ ਜਾਵੇ। ਇਸ ਮੌਕੇ ਡਾਇਰੈਕਟਰ ਰਜਿੰਦਰ ਸਿੰਘ ਰੀਹਲ, ਬਾਬਾ ਅਮਨਪ੍ਰੀਤ ਸਿੰਘ ਜੀ ਦਕੋਹੇ ਵਾਲੇ,ਰਾਜਕਰਨ ਸਿੰਘ ਮਰਵਾਹਾ ਵਲੋਂ ਮੁੱਖ ਮਹਿਮਾਨ ਨੂੰ ਸਨਮਾਨਤ ਕੀਤਾ ਗਿਆ ਅਤੇ ਇਸ ਕਾਰਜ ਲਈ ਸਹਿਯੋਗ ਦੇਣ ਲਈ ਤੇ ਸਮਾਗਮ ਵਿੱਚ ਪਹੁੰਚਣ ਤੇ ਸਾਰਿਆਂ ਦਾ ਧੰਨਵਾਦ ਕੀਤਾ।ਸਵਰਨ ਸਿੰਘ ਸੱਗੂ, ਹਰਜੀਤ ਸਿੰਘ ਮਰਵਾਹਾ, ਰਜਿੰਦਰ ਸਿੰਘ ਕਲਸੀ, ਰਾਮ ਸਿੰਘ ਬੋਲੀਨਾਂ ਗਗਨਦੀਪ ਸਿੰਘ ਤੇ ਹਰਵਿੰਦਰ ਸਿੰਘ ਜੱਬਲ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।



# ਨਿਗਮ ਖਪਤਕਾਰਾਂ ਨੂੰ ਭਰੋਸੇਯੋਗ ਤੇ ਬਿਨਾਂ ਰੁਕਾਵਟ ਬਿਜਲੀ ਸਪਲਾਈ ਲਈ ਪ੍ਰਤੀਬੱਧ : ਬੁਲਾਰਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਖਪਤਕਾਰਾਂ ਨੂੰ ਭਰੋਸੇਯੋਗ ਅਤੇ ਬਿਨ੍ਹਾ ਰੁਕਾਵਟ ਬਿਜਲੀ ਦੀ ਸਪਲਾਈ ਲਈ ਪ੍ਰਤੀਬੱਧ ਹੈ। ਖਪਤਕਾਰ ਸੰਤੁਸ਼ਟੀ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਬਿਜਲੀ ਨਿਗਮ ਵੱਲੋਂ ਅਨੇਕ ਮਹਤੱਵਪੂਰਣ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ ਤਾਂ ਜੋ ਖਪਤਕਾਰਾਂ ਦੀ ਸਮਸਿਆਵਾਂ ਨੂੰ ਤੁਰੰਤ ਸੁਲਝਾਇਆ ਜਾ ਸਕੇ।ਬਿਜਲੀ ਨਿਗਮ ਦੇ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖਪਤਕਾਰ ਸ਼ਿਕਾਇਤ ਹੱਲ ਮੰਚ ਰੈਗੂਲੇਸ਼ਨ 2.8.2 ਅਨੁਸਾਰ ਵਿੱਚ ਇੱਕ ਲੱਖ ਰੁਪਏ ਤੋਂ ਵੱਧ ਅਤੇ ਤਿੰਨ ਲੱਖ ਰੁਪਏ ਤੱਕ ਦੀ ਰਕਮ ਦੇ ਵਿੱਤੀ ਵਿਵਾਦਾਂ ਨਾਲ ਸਬੰਧਿਤ ਸ਼ਿਕਾਇਤਾਂ ਦੀ ਸੁਣਵਾਈ ਕਰੇਗਾ। ਰੋਹਤਕ ਜੋਨ ਤਹਿਤ ਆਉਣ ਵਾਲੇ ਜਿਲ੍ਹਿਆਂ ਨਾਮ: ਕਰਨਾਲ, ਪਾਣੀਪਤ, ਸੋਨੀਪਤ, ਝੱਜਰ ਅਤੇ ਰੋਹਤਕ ਦੇ ਖਪਤਕਾਰਾਂ ਦੀ ਸ਼ਿਕਾਇਤਾਂ ਦਾ ਵੇਰਵਾ ਰੋਹਤਕ ਜੋਨ ਦੀ ਖਪਤਕਾਰ ਸ਼ਿਕਾਇਤ ਹੱਲ ਮੰਚ ਦੀ ਕਾਰਵਾਈ 23 ਅਕਤੂਬਰ ਨੂੰ ਰੋਹਤਕ ਵਿੱਚ ਕੀਤੀ ਜਾਵੇਗੀ। ਉਨ੍ਹਾਂ ਨੇ ਦਸਿਆ ਕਿ ਰੋਹਤਕ ਜੋਨ ਤਹਿਤ ਆਉਣ ਵਾਲੇ ਜ਼ਿਲ੍ਹਿਆਂ ਦੇ ਖਪਤਕਾਰਾਂ ਦੇ ਗਲਤ ਬਿੱਲਾਂ, ਬਿਜਲੀ ਦੀ ਦਰਾਂ ਨਾਲ ਸਬੰਧਿਤ ਮਾਮਲਿਆਂ, ਮੀਟਰ ਸਿਕਓਰਿਟੀ ਨਾਲ ਜੁੜੇ ਮਾਮਲਿਆਂ, ਖਰਾਬ ਹੋਏ ਮੀਟਰਾਂ ਨਾਲ ਸਬੰਧਿਤ ਮਾਮਲਿਆਂ, ਵੋਲਟੇਜ ਨਾਲ ਜੁੜੇ ਹੋਏ ਮਾਮਲਿਆਂ ਦਾ ਨਿਪਟਾਨ ਵੀ ਕੀਤਾ ਜਾਵੇਗਾ।

# ਗਰੀਨ ਦੀਵਾਲੀ ਸਬੰਧੀ ਸਮਾਗਮ ਕਰਵਾਇਆ

**ਸੁਲਤਾਨਪੁਰ ਲੋਧੀ (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਗਰੀਨ ਦਿਵਾਲੀ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਸਮਾਗਮ ਵਿਚ ਬਤੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਪ੍ਰਿੰਸੀਪਲ ਰਵਿੰਦਰਜੀਤ ਕੌਰ, ਮੈਡਮ ਰਜਨੀ ਧੀਰ ਕੋਆਰਡੀਨੇਟਰ, ਮੈਡਮ ਸ਼ਰਨਜੀਤ ਕੌਰ ਐਕਟੀਵਿਟੀ ਇੰਚਾਰਜ਼, ਮੈਡਮ ਚੰਚਲ ਆਦਿ ਸਟਾਫ਼ ਮੈਂਬਰਾਂ ਪਹੁੰਚੇ ਮਹਿਮਾਨਾਂ ਦਾ ਸਵਾਗਤ ਕੀਤਾ । ਇਸ ਦੌਰਾਨ ਵਿਦਿਆਰਥੀਆਂ ਦਰਮਿਆਨ ਦੀਵਾ ਸਜਾਉਣ, ਦੀਵਾ ਪੇਂਟਿੰਗ ਅਤੇ ਰੰਗੋਲੀ ਪ੍ਰਤੀਯੋਗਤਾ ਕਰਵਾਈ ਗਈ । ਜਮਾਤ ਪਹਿਲੀ ਏ ਦੀਵਾ ਸਜਾਵਟ ਮੁਕਾਬਲੇ 'ਚ ਲੀਜ਼ਾ, ਮਨਰਾਜ ਅਤੇ ਗੁੰਤਾਜ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ । ਜਮਾਤ ਪਹਿਲੀ ਬੀ ਗੁਰਬਾਣੀ ਕੌਰ, ਗੁਰਲੀਨ ਕੌਰ ਅਤੇ ਤਨਿਸ਼ ਕੁਮਾਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ । ਦੂਜੀ ਜਮਾਤ ਵਿਹਾਨ ਗਾਬਾ, ਗੁਰਕੀਰਤ ਸਿੰਘ ਅਤੇ ਗੁਰ ਰਹਿਮਤ ਸਿੰਘ, ਜਮਾਤ ਤੀਜੀ ਤਮਨ, ਜਸਮੀਨ ਅਨੁਕੀਰਤ, ਜਮਾਤ ਚੌਥੀ ਗੁਰਕੀਰਤ, ਮਾਧਵ ਅਤੇ ਗੁਰਜੀਤ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ । ਜਮਾਤ ਪੰਜਵੀਂ ਦੀਵਾ ਮੇਕਿੰਗ ਮੁਕਾਬਲੇ ਵਿਚ ਸੁਖਮਨ ਤੇ ਮਨਰੀਤ ਪਹਿਲੇ, ਹਰਪਲਦੀਪ ਦੂਜੇ ਅਤੇ ਪ੍ਰਭਲੀਨ ਤੇ ਏਕਮਪ੍ਰੀਤ ਤੀਜੇ ਸਥਾਨ 'ਤੇ ਰਹੇ । ਜਮਾਤ ਛੇਵੀਂ ਹਰਜਾਪ ਸਿੰਘ ਪਹਿਲੇ, ਮਨਪ੍ਰੀਤ ਕੌਰ ਤੇ ਅਰਸ਼ਦੀਪ ਸਿੰਘ ਦੂਜੇ ਅਤੇ ਜਸਪ੍ਰੀਤ ਕੌਰ, ਗੁਰਨੂਰ ਕੌਰ ਤੇ ਯੁਵਰਾਜ ਸਿੰਘ ਤੀਜੇ ਸਥਾਨ 'ਤੇ ਰਹੇ । ਜਮਾਤ ਸੱਤਵੀਂ ਹਰਗੁੰਜੋਤ ਕੌਰ ਪਹਿਲੇ ਸਰਗੁੰਦੀਪ ਕੌਰ ਤੇ ਅਮ੍ਰਿਤਪ੍ਰੀਤ ਕੌਰ ਦੂਜੇ ਅਤੇ ਸੁਖਸਹਿਜ ਕੌਰ ਤੀਜੇ ਸਥਾਨ 'ਤੇ ਰਹੀ । ਇੰਟਰ ਹਾਊਸ ਰੰਗੋਲੀ ਮੁਕਾਬਲੇ ਵਿਚ ਸੱਤਵੀਂ ਤੋਂ ਦੱਸਵੀਂ ਦੇ ਵਿਦਿਆਰਥੀਆਂ ਨੇ ਭਾਗ ਲਿਆ । ਕਰਤਾਰ ਸਿੰਘ ਸਰਾਭਾ ਹਾਊਸ ਪਹਿਲੇ, ਊਧਮ ਸਿੰਘ ਹਾਊਸ ਦੂਜੇ ਅਤੇ ਭਗਤ ਸਿੰਘ ਹਾਊਸ ਤੀਜੇ ਸਥਾਨ 'ਤੇ ਰਿਹਾ । ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਡਮ ਨਵਦੀਪ ਕੌਰ ਢਿੱਲੋਂ ਨੇ ਜੇਤੂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਵਲੋਂ ਦਿਖਾਈ ਪ੍ਰਤਿਭਾ ਦੀ ਪ੍ਰਸ਼ੰਸਾ ਕੀਤੀ ।



# ਪੁੜਪੁੜੀ 'ਤੇ ਗੋਲੀ ਮਾਰ ਕੇ ਕੀਤੀ ਆਤਮਹੱਤਿਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਨੇੜਲੇ ਪਿੰਡ ਸੰਘਵਾਲ ਵਿਖੇ ਦੀਵਾਲੀ ਦੇ ਦਿਨ ਇੱਕ ਵਿਅਕਤੀ ਵੱਲੋਂ ਆਪਣੇ ਘਰ 'ਚ ਹੀ ਪੁੜਪੁੜੀ 'ਤੇ ਗੋਲੀ ਮਾਰ ਕੇ ਆਤਮਹੱਤਿਆ ਕਰਨ ਦਾ ਸਾਚਾਰ ਪ੍ਰਾਪਤ ਹੋਇਆ। ਮ੍ਰਿਤਕ ਨੌਜਵਾਨ ਦੀ ਪਹਿਚਾਣ ਰਣਜੀਤ ਸਿੰਘ ਚਾਹਲ ਪੁੱਤਰ ਸਵਰਗੀ ਚਰਨਜੀਤ ਸਿੰਘ ਚਾਹਲ ਦੇ ਰੂਪ ਵਿੱਚ ਹੋਈ ਹੈ। ਪੁਲਸ ਨੂੰ ਜਾਣਕਾਰੀ ਦਿੰਦੇ ਹੋਏ ਰਣਜੀਤ ਸਿੰਘ ਚਾਹਲ ਦੇ ਤਾਇਆ ਦੇ ਜਵਾਈ ਨੇ ਦੱਸਿਆ ਕਿ ਤਕਰੀਬਨ 12 ਕੁ ਵਜੇ ਉਸ ਨੂੰ ਰਣਜੀਤ ਸਿੰਘ ਦੇ ਪੁੱਤਰ ਪਰਮੀਤ ਸਿੰਘ ਨੇ ਫੋਨ ਤੇ ਦੱਸਿਆ ਕਿ ਡੈਡੀ ਨੂੰ ਕੋਈ ਗੱਲਬਾਤ ਹੋ ਗਈ ਹੈ। ਜਦ ਉਸ ਨੇ ਆ ਕੇ ਦੇਖਿਆ ਤਾਂ ਰਣਜੀਤ ਸਿੰਘ ਨੇ ਆਪਣੇ ਕੰਨ ਪੱਟੀ ਤੇ ਪਿਸਤੌਲ ਨਾਲ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ ਸੀ। ਗੋਲੀ ਉਸ ਦੇ ਸਿਰ ਦੇ ਆਰ ਪਾਰ ਹੋ ਗਈ ਸੀ। ਰਣਜੀਤ ਸਿੰਘ ਆਪਣੇ ਬੈਡ ਤੇ ਡਿਗਿਆ ਪਿਆ ਸੀ। ਮ੍ਰਿਤਕ ਦੇ ਪੁੱਤਰ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਦੇ ਡੈਡੀ ਨੇ ਦੋ ਢਾਈ ਹਜ਼ਾਰ ਦੇ ਕਰੀਬ ਦਿਵਾਲੀ ਤੇ ਪਟਾਕੇ ਚਲਾਉਣ ਲਈ ਲਿਆਂਦੇ ਸਨ ਅਤੇ ਘਰ ਵਿੱਚ ਸਜਾਵਟ ਲਈ ਬਿਜਲੀ ਦੀਆਂ ਲੜੀਆਂ ਅਤੇ ਮਿੱਟੀ ਦੇ ਦੀਵੇ ਲਿਆਂਦੇ ਸਨ। ਉਸ ਨੇ ਦੱਸਿਆ ਕਿ ਉਹ, ਉਸ ਦਾ ਪਿਤਾ ਅਤੇ ਉਸ ਦੀ ਛੋਟੀ ਭੈਣ ਘਰ ਵਿੱਚ ਸਨ ਅਤੇ ਉਸ ਦੀ ਮੰਮੀ ਕੈਨੇਡਾ ਵਿੱਚ ਸੈਟਲ ਹੈ। ਉਸ ਦੇ ਪਿਤਾ ਵੀ ਕੁਝ ਦਿਨ ਪਹਿਲਾਂ ਹੀ ਕੈਨੇਡਾ ਤੋਂ ਵਾਪਸ ਆਏ ਸਨ। ਉਸ ਨੇ ਅੱਗੇ ਦੱਸਿਆ ਉਸ ਦੇ ਪਿਤਾ ਰਣਜੀਤ ਸਿੰਘ ਨੇ ਆਪਣੇ ਬੇਟੇ ਅਤੇ ਬੇਟੀ ਨੂੰ ਕਿਹਾ ਕਿ ਉਹ ਸੌਂ ਰਿਹਾ ਹੈ ਅਤੇ ਦੋ ਢਾਈ ਵਜੇ ਦੇ ਕਰੀਬ ਉਠੇਗਾ। 12 ਕ ਵਜੇ ਉਸ ਦੀ ਛੋਟੀ ਸੱਤ ਸਾਲਾ ਭੈਣ ਨਹਾ ਕੇ ਹਟੀ ਸੀ ਅਤੇ ਉਹ ਨਹਾਉਣ ਵਾਸਤੇ ਬਾਥਰੂਮ ਚ ਚਲਾ ਗਿਆ। ਐਨੇ ਨੂੰ ਪਟਾਕਾ ਚਲਣ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਸ ਦੀ ਛੋਟੀ ਭੈਣ ਨੇ ਉਸ ਨੂੰ ਬਾਥਰੂਮ ਚੋਂ ਜਲਦ ਬਾਹਰ ਆਉਣ ਲਈ ਕਿਹਾ। ਜਦ ਉਸ ਨੇ ਦੇਖਿਆ ਤੇ ਉਸ ਦੇ ਪਿਤਾ ਕੋਲ ਪਿਸਤੋਲ ਬੈਡ ਤੇ ਪਿਆ ਸੀ ਅਤੇ ਉਸ ਦੀ ਕੰਨ ਪਟੀ ਦੀ ਇੱਕ ਸਾਈਡ ਤੋਂ ਦੂਜੀ ਸਾਈਡ ਤੋਂ ਖੂਨ ਵਗ ਰਿਹਾ ਸੀ। ਗੋਲੀ ਉਸ ਦੇ ਸਿਰ ਦੇ ਆਰ ਪਾਰ ਹੋ ਗਈ ਸੀ। ਪਰਵਾਰਕ ਮੈਂਬਰਾਂ ਨੇ ਇਸ ਦੀ ਸੂਚਨਾ ਪੁਲਸ ਚੌਂਕੀ ਕਿਸ਼ਨਗੜ੍ਹ ਵਿਖੇ ਦਿੱਤੀ ਅਤੇ ਮੌਕੇ ਤੇ ਤਫਤੀਸ਼ੀ ਅਫਸਰ ਏ ਐੱਸ ਆਈ ਨਰਿੰਦਰ ਸਿੰਘ ਅਤੇ ਥਾਣਾ ਮੁਖੀ ਕਰਤਾਰਪੁਰ ਰਮਨਦੀਪ ਸਿੰਘ ਮੌਕੇ ਤੇ ਪੁੱਜੇ ਅਤੇ ਕਾਨੂੰਨੀ ਕਾਰਵਾਈ ਕਰਕੇ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ।





# ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ ਬਸਪਾ ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲੜੀਆਂ ਜਾਣਗੀਆਂ : ਮਾਨਾ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੀ ਵਿਸ਼ੇਸ਼ ਮੀਟਿੰਗ ਗੁਰਵਿੰਦਰ ਸਿੰਘ ਖਾਲਸਾ ਦੀ ਅਗਵਾਈ ਵਿੱਚ ਪਿੰਡ ਭਾਮ ਵਿਖੇ ਹੋਈ, ਜਿਸ ਵਿੱਚ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਮੁੱਖ ਮਹਿਮਾਨ ਸ਼ਾਮਲ ਹੋਏ। ਮੀਟਿੰਗ ਦੇ ਵਿੱਚ ਆਉਣ ਵਾਲੀਆਂ ਜਿਲਾ ਪ੍ਰੀਸ਼ਦ, ਸੰਮਤੀ ਚੋਣਾਂ ਦੇ ਸਬੰਧ ਵਿੱਚ ਵਿਚਾਰ ਚਰਚਾ ਕੀਤੀ ਗਈ ਅਤੇ ਹਲਕੇ ਦੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਆਏ ਹੋਏ ਅਹੁਦੇਦਾਰਾਂ ਨੂੰ ਜ਼ਿੰਮੇਵਾਰੀਆਂ ਸੰਭਾਲੀਆਂ ਗਈਆਂ ਅਤੇ ਇਨਾਂ ਚੋਣਾਂ ਵਿੱਚ ਬਸਪਾ ਵਲੋਂ ਵੱਡੀ ਜਿੱਤ ਪ੍ਰਾਪਤ ਕਰਨ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਨੇ ਕਿਹਾ ਕਿ ਜ਼ਿਲਾ ਪ੍ਰੀਸ਼ਦ ਅਤੇ ਸੰਮਤੀ ਚੋਣਾਂ ਬਸਪਾ ਸੰਗਠਨ ਨੂੰ ਜ਼ਮੀਨੀ ਪੱਧਰ ਤੇ ਮਜ਼ਬੂਤ ਕਰਕੇ ਬਸਪਾ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੜੀਆਂ ਜਾਣਗੀਆਂ। ਇਸ ਮੌਕੇ ਰਾਕੇਸ਼ ਕਿੱਟੀ ਜ਼ਿਲ੍ਹਾ ਸਕੱਤਰ, ਸਤਪਾਲ ਬਡਲਾ, ਸੁਦੇਸ਼ ਭੱਟੀ ਸਿੰਬਲੀ, ਬਲਵੰਤ ਨੌਨੀਤਪੁਰ, ਵਿੱਕੀ ਬੰਗਾ ਕਾਲੇਵਾਲ, ਰਾਜੇਸ਼ ਭੂਨੋ, ਰਾਜਨ ਭੂੰਨੋ, ਪ੍ਰਵੀਨ ਕੁਮਾਰ ਨੌਨੀਤਪੁਰ, ਜਸਵਿੰਦਰ ਤਾਜੋਵਾਲ, ਤੇਜਪਾਲ ਮਾਨਾ, ਹੈਪੀ, ਪ੍ਰੇਮ ਸਿੰਘ ਖ਼ਾਲਸਾ, ਡਾ. ਹਰਨੇਕ ਸਿੰਘ, ਸਰਪੰਚ ਜੁਗਿੰਦਰ ਸਿੰਘ, ਪਰਮਜੀਤ ਪੰਮਾ ਜੰਗਣੀਵਾਲ, ਸਮੀਰ ਮਾਨਾ, ਅਮਨਦੀਪ ਬੱਬੂ, ਜਗਦੀਪ, ਇੰਦਰਪਾਲ ਭੁੰਗਰਨੀ ਵੀ ਹਾਜ਼ਰ ਸਨ।

# ਹਰਕੀਰਤ ਸਿੰਘ ਹੈਪੀ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ

**ਨੰਗਲ (ਸੁਰਜੀਤ ਸਿੰਘ)** ਨੰਗਲ ਦੇ ਪ੍ਰਸਿੱਧ ਸਮਾਜ ਸੇਵੀ ਹਰਕੀਰਤ ਸਿੰਘ ਹੈਪੀ ਨਮਿਤ ਸ਼ਰਧਾਂਜਲੀ ਸਮਾਗਮ ਇਤਿਹਾਸਕ ਗੁਰਦੁਆਰਾ ਘਾਟ ਸਾਹਿਬ 'ਚ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਬਚਿੱਤਰ ਸਿੰਘ ਨੇ ਹਰਕੀਰਤ ਸਿੰਘ ਹੈਪੀ, ਹੈਪੀ ਦੇ ਪਿਤਾ ਗੁਰਨਾਮ ਸਿੰਘ ਅਤੇ ਮਾਤਾ ਹਰਮੇਲ ਕੌਰ, ਪਤਨੀ ਬਲਵਿੰਦਰ ਕੌਰ ਵਾਰੇ ਬੜੇ ਹੀ ਵਿਸਥਾਰ ਨਾਲ ਦੱਸਿਆ ਜਿਹੜੇ ਧਾਰਮਿਕ ਅਤੇ ਸਮਾਜਿਕ ਕਾਰਜਾਂ 'ਚ ਮੋਹਰੀ ਹਨ। ਇਸ ਮੌਕੇ ਤੇ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਪੱਤਰਕਾਰ ਗੁਰਪ੍ਰੀਤ ਸਿੰਘ ਗਰੇਵਾਲ ਅਤੇ ਪਰਿਵਾਰ ਵਲੋਂ ਜਸਦੀਪ ਸਿੰਘ ਮੁਹਾਲੀ, ਕਿਰਪੁਨੀਤ ਕੌਰ, ਹਰਨੂਰ ਕੌਰ, ਇਨਾਯਤ, ਤੇਜਕੀਰਤ ਸਿੰਘ,ਪਰਾਣਜੀਤ ਕੌਰ ਨੇ ਸਵਰਗੀ ਹਰਕੀਰਤ ਸਿੰਘ ਹੈਪੀ ਦੇ ਹਰਫ਼ਨਮੌਲਾ ਸੁਭਾਅ ਬਾਰੇ ਦੱਸਿਆ। ਇਸ ਮੌਕੇ 'ਤੇ ਪ੍ਰਧਾਨ ਨਗਰ ਕੌਂਸਲ ਸੰਜੈ ਸਾਹਨੀ, ਰਜਿੰਦਰ ਪ੍ਰਸ਼ਾਦ ਸੋਨੀ ਡਾਇਰੈਕਟਰ ਪੰਜਾਬ ਰਾਜ ਖੇਤੀਬਾੜੀ ਕੋਆਪਰੇਟਿਵ ਡਿਵੈਲਪਮੈਂਟ ਬੈਂਕ, ਇੰਜ. ਵਰੁਣ ਕੁਮਾਰ ਸੋਨੀ ਪ੍ਰਧਾਨ ਯੂਥ ਕਾਂਗਰਸ ਹੁਸ਼ਿਆਰਪੁਰ, ਜਸਵੀਰ ਸਿੰਘ ਔਲਖ ਪ੍ਰਧਾਨ ਇੰਟਰਨੈਸ਼ਨਲ ਲਾਇਨਜ ਕਲੱਬ ਗੜ੍ਹਸ਼ੰਕਰ, ਅਜੀਤ ਸਿੰਘ ਔਲਖ ਡਾਇਰੈਕਟਰ ਲਾਇਨਜ ਕਲੱਬ, ਗੁਰਦੀਪ ਸਿੰਘ ਸਾਹਨੀ, ਠੇਕੇਦਾਰ ਰਜਿੰਦਰ ਸਿੰਘ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਅਵਤਾਰ ਸਿੰਘ ਪਰਮਾਰ ਮਨੀਲਾ, ਕੁਲਵਿੰਦਰ ਸਿੰਘ ਪਰਮਾਰ ਵਾਸੀ ਮਨੀਲ, ਠਾਕੁਰ ਕੇਹਰ ਸਿੰਘ ਮਾਂਗੇਵਾਲ, ਲਲਿਤ ਮੋਹਨ ਚੌਧਰੀ, ਬਲਬੀਰ ਸਿੰਘ ਸੈਣੀ, ਯੋਗੇਸ਼ ਸੱਚਦੇਵਾ, ਕਾਰਜਕਾਰੀ ਨਵਨੀਤ ਇੰਜੀ. ਗੁਪਤਾ, ਬੀਰਇੰਦਰ ਸਿੰਘ ਸੂਰੀ ਸੀਨੀਅਰ ਵਾਈਸ ਪ੍ਰਧਾਨ ਗੁਰਦੁਆਰਾ ਕਮੇਟੀ, ਜਰਨੈਲ ਸਿੰਘ ਸੰਧੂ, ਰਾਜ ਸਿੰਘ, ਡਾਕਟਰ ਨਰੇਸ਼, ਵਿਜੈ ਸ਼ਰਮਾ, ਪ੍ਰਿੰਸੀਪਲ ਕੁਲਵੰਤ ਪਾਠਕ, ਗੁਰਮੀਤ ਸਿੰਘ ਡੋਡ, ਸੁਖਦੇਵ ਸਿੰਘ ਨੰਗਲ, ਸਤਨਾਮ ਸਿੰਘ ਸ਼ੇਰਾ, ਡਾਕਟਰ ਰਵੀ ਸਾਗਰ, ਬਰਜਿੰਦਰ ਸਿੰਘ ਡੋਡ, ਕਾਨੂੰਗੋ ਚਤਰਪਾਲ ਸਿੰਘ ਮੌਹਾਲੀ, ਸੰਜੇ ਕੁਮਾਰ ਬ੍ਰਹਮਪੁਰ, ਮਾਸਟਰ ਯੁੱਧਵੀਰ ਸਿੰਘ ਰਾਣਾ, ਬਲਜੀਤ ਕੌਰ ਸਾਬਕਾ ਕੌਂਸਲਰ,ਹਰਪਾਲ ਸਿੰਘ ਭਸੀਨ ਕੌਂਸਲਰ, ਐਡਵੋਕੇਟ ਪਰਮਜੀਤ ਸਿੰਘ ਪੰਮਾ,ਮੈਡਮ ਹਰਜਿੰਦਰ ਕੌਰ ਆਦਿ ਹਾਜ਼ਰ ਸਨ।



# ਡੀ ਸੀ ਵੱਲੋਂ ਲੰਮਾ ਪਿੰਡ-ਜੰਡੂ ਸਿੰਘਾ ਰੋਡ ਨੂੰ ਨਵੰਬਰ 'ਚ ਮੁਕੰਮਲ ਕਰਨ ਦੇ ਨਿਰਦੇਸ਼

**ਜਲੰਧਰ (ਇਕਬਾਲ ਸਿੰਘ ਉਭੀ)**- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਲੋਕ ਨਿਰਮਾਣ ਵਿਭਾਗ ਨੂੰ ਹਦਾਇਤ ਕੀਤੀ ਕਿ ਲੰਮਾ ਪਿੰਡ-ਜੰਡੂ ਸਿੰਘਾ ਰੋਡ ਨੂੰ ਚਹੁੰ ਮਾਰਗੀ ਕਰਨ ਦੇ ਕੰਮ ਨੂੰ ਨਵੰਬਰ 2025 ਦੇ ਅਖੀਰ ਤੱਕ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਜਲੰਧਰ ਅਤੇ ਹੁਸ਼ਿਆਰਪੁਰ ਵਿਚਕਾਰ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਸੁਚਾਰੂ ਅਤੇ ਸੁਰੱਖਿਅਤ ਮਾਰਗ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਸੜਕ ਦੇ ਬਾਕੀ ਰਹਿੰਦੇ ਕੰਮ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਡਾ.ਅਗਰਵਾਲ ਨੇ ਦੱਸਿਆ ਕਿ 11.80 ਕਰੋੜ ਰੁਪਏ ਦੀ ਲਾਗਤ ਨਾਲ 5 ਕਿਲੋਮੀਟਰ ਲੰਬੇ ਸੜਕੀ ਹਿੱਸੇ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਇਸ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਦੋ ਸ਼ਹਿਰਾਂ ਵਿਚਕਾਰ ਸਿੱਧੀ ਅਤੇ ਸੁਚਾਰੂ ਆਵਾਜਾਈ ਯਕੀਨੀ ਬਣਨ ਸਦਕਾ ਨਾਗਰਿਕਾਂ ਅਤੇ ਯਾਤਰੀਆਂ ਨੂੰ ਬਹੁਤ ਲਾਭ ਹੋਵੇਗਾ ਅਤੇ ਉਨ੍ਹਾਂ ਨੂੰ ਰਾਮਾ ਮੰਡੀ ਚੌਕ ਜਾਣ ਦੀ ਲੋੜ ਨਹੀਂ ਪਵੇਗੀ। ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਸੜਕ ਦੇ ਬੇਸ ਦਾ ਕੰਮ ਪਹਿਲਾਂ ਹੀ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਬਿਟੂਮੈਨ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ। ਸੜਕ ਦੇ ਡਿਵਾਈਡਰ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ ਅਤੇ ਇਸ ਦੇ ਜਲਦ ਮੁਕੰਮਲ ਹੋਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਵੱਲੋਂ ਜਾਰੀ ਹਦਾਇਤਾਂ ਦਾ ਮੁੱਖ ਮੰਤਵ ਪ੍ਰਾਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣਾ ਹੈ, ਜਿਸ ਨਾਲ ਇਸ ਖੇਤਰ ਵਿੱਚ ਯਾਤਰੀਆਂ ਦੀ ਸੁਵਿਧਾ ਅਤੇ ਆਵਾਜਾਈ ਬਿਹਤਰ ਹੋਵੇਗੀ।

# ਡੀ ਜੀ ਪੀ ਵੱਲੋਂ ਬਹਾਦਰ ਪੁਲਸ ਮੁਲਾਜ਼ਮਾਂ ਨੂੰ ਸ਼ਰਧਾਂਜਲੀਆਂ

**ਜਲੰਧਰ (ਸ਼ੈਲੀ ਐਲਬਰਟ)**- ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਅੱਤਵਾਦੀਆਂ ਅਤੇ ਅਪਰਾਧੀਆਂ ਨਾਲ ਲੜਦੇ ਹੋਏ ਆਪਣੀਆਂ ਜਾਨਾਂ ਵਾਰਨ ਵਾਲੇ ਬਹਾਦਰ ਪੁਲਸ ਮੁਲਾਜ਼ਮਾਂ ਦੇ ਸਨਮਾਨ ਵਿੱਚ ਮੰਗਲਵਾਰ ਨੂੰ ਜਲੰਧਰ ਸਥਿਤ ਪੰਜਾਬ ਆਰਮਡ ਪੁਲਿਸ (ਪੀ.ਏ.ਪੀ.) ਹੈੱਡਕੁਆਰਟਰ ਵਿਖੇ 66ਵਾਂ ਰਾਜ ਪੱਧਰੀ ਪੁਲਿਸ ਯਾਦਗਾਰੀ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਪੰਜਾਬ ਪੁਲਿਸ ਨੂੰ ਇੱਕ ਬੇਮਿਸਾਲ ਫੋਰਸ ਦੱਸਿਆ, ਜਿਸ ਨੇ ਸ਼ਾਂਤੀ ਤੇ ਸੰਕਟ ਦੋਵਾਂ ਦੌਰਾਨ ਬੇਜੋੜ ਸਮਰਪਣ ਨਾਲ ਦੇਸ਼ ਦੀ ਸੇਵਾ ਕੀਤੀ। ਉਨ੍ਹਾਂ ਦੱਸਿਆ ਕਿ ਸਤੰਬਰ 1981 ਤੋਂ ਲੈ ਕੇ ਹੁਣ ਤੱਕ ਪੰਜਾਬ ਪੁਲਸ ਨੇ ਡਿਊਟੀ ਦੌਰਾਨ 1,802 ਅਧਿਕਾਰੀਆਂ ਦਾ ਬਲਿਦਾਨ ਦਿੱਤਾ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਜੀ ਪੀ ਨੇ ਸੂਬਾ ਸਰਕਾਰ ਦੀ ਫੈਸਲਾਕੁੰਨ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 'ਤੇ ਚਾਨਣਾ ਪਾਉਂਦਿਆਂ ਇਸ ਨੂੰ ਇੱਕ ਵੱਡੀ ਸਫ਼ਲਤਾ ਦੱਸਿਆ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਿਸ ਨੇ ਹੁਣ ਤੱਕ 1,300 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਜ਼ਬਤ ਕੀਤੀ ਹੈ। ਇਸੇ ਤਰ੍ਹਾਂ ਇਸ ਮੁਹਿੰਮ ਵਿੱਚ ਸੇਫ਼ ਪੰਜਾਬ ਹੈਲਪਲਾਈਨ ਜ਼ਰੀਏ ਜਨਤਾ ਰਾਹੀਂ ਪ੍ਰਾਪਤ 16,000 ਤੋਂ ਵੱਧ ਸੂਚਨਾਵਾਂ ਦਾ ਵੀ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਇਸ ਜਨ ਸਮਰਥਕ ਪਹਿਲਕਦਮੀ ਸਦਕਾ ਵੱਡੀ ਗਿਣਤੀ ਵਿੱਚ ਐੱਫ ਆਈ ਆਰ ਦਰਜ ਕੀਤੀਆਂ ਗਈਆਂ ਹਨ ਅਤੇ ਕਈ ਡਰੱਗ ਨੈੱਟਵਰਕਾਂ ਨੂੰ ਖ਼ਤਮ ਕੀਤਾ ਗਿਆ ਹੈ। ਸਮਾਗਮ ਤੋਂ ਬਾਅਦ ਡੀ.ਜੀ.ਪੀ. ਯਾਦਵ ਨੇ ਪੁਲਿਸ ਸ਼ਹੀਦਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਅਤੇ ਪੁਲਸ ਵਿਭਾਗ ਵੱਲੋਂ ਨਿਰੰਤਰ ਸਹਿਯੋਗ ਦਾ ਭਰੋਸਾ ਦਿੱਤਾ।



## ਮਾਸਿਕ ਰਾਸ਼ਨ ਵੰਡ ਸਮਾਗਮ ਕਰਵਾਇਆ



**ਫਗਵਾੜਾ (ਡਾ. ਰਮਨ)**- ਸਰਬੱਤ ਦਾ ਭਲਾ ਫਾਊਂਡੇਸ਼ਨ ਫਗਵਾੜਾ ਵੱਲੋਂ ਦੀਵਾਲੀ ਅਤੇ ਬੰਦੀ ਛੋੜ ਦਿਵਸ ਨੂੰ ਸਮਰਪਿਤ ਕਰਕੇ 57ਵਾਂ ਮਾਸਿਕ ਰਾਸ਼ਨ ਵੰਡ ਸਮਾਗਮ ਫਾਊਂਡੇਸ਼ਨ ਦੇ ਪ੍ਰਧਾਨ ਕਰਮਵੀਰ ਅਰੋੜਾ ਦੀ ਅਗਵਾਈ ਹੇਠ ਬਲੱਡ ਬੈਂਕ ਫਗਵਾੜਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਫਾਊਂਡੇਸ਼ਨ ਦੇ ਚੇਅਰਮੈਨ ਵੀ ਪੀ ਸਿੰਘ ਅਰੋੜਾ, ਸਮਾਜ ਸੇਵਿਕਾ ਸਾਉਣੀ ਸਿੰਘ ਅਤੇ ਹਿਊਮਨ ਰਾਈਟਸ ਕੌਂਸਲ (ਇੰਡੀਆ) ਐਂਟੀ ਕੁਰੱਪਸ਼ਨ ਸੈੱਲ ਦੇ ਪੰਜਾਬ ਪ੍ਰਧਾਨ ਰਮਨ ਨਹਿਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਤੋਂ ਇਲਾਵਾ ਲਾਇਨ ਗੁਰਦੀਪ ਸਿੰਘ ਕੰਗ ਨੇ ਵੀ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਈ। ਵੀ.ਪੀ. ਸਿੰਘ ਅਰੋੜਾ ਅਤੇ ਹੋਰਨਾਂ ਪਤਵੰਤਿਆਂ ਨੇ ਲੋੜਵੰਦ ਔਰਤਾਂ ਨੂੰ ਰਾਸ਼ਨ ਦੀ ਵੰਡ ਕਰਦਿਆਂ ਦੀਵਾਲੀ, ਬੰਦੀ ਛੋੜ ਦਿਵਸ ਅਤੇ ਸ਼ਿਲਪ ਕਲਾ ਦੇ ਬਾਨੀ ਭਗਵਾਨ ਵਿਸ਼ਵਕਰਮਾ ਦੇ ਮਹਾਉਤਸਵ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਪਤਵੰਤਿਆਂ ਨੇ ਕਿਹਾ ਕਿ ਸਮਾਜ ਦੇ ਸਮਰੱਥ ਲੋਕਾਂ ਨੂੰ ਅੰਨ ਦਾਨ ਵਰਗੇ ਨੇਕ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਕਿਉਂਕਿ ਲੋੜਵੰਦਾਂ ਦੀ ਮੱਦਦ ਕਰਨਾ ਵੱਡੇ ਪਰਉਪਕਾਰ ਦਾ ਕੰਮ ਹੈ। ਇਹ ਸੇਵਾ ਪ੍ਰਮਾਤਮਾ ਵਲੋਂ ਭਾਗਾਂ ਵਾਲਿਆਂ ਨੂੰ ਹੀ ਨਸੀਬ ਹੁੰਦੀ ਹੈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੀ ਸਮਾਜ ਸੇਵਿਕਾ ਸਾਉਣੀ ਸਿੰਘ ਅਤੇ ਰਮਨ ਨਹਿਰਾ ਨੇ ਸਰਬੱਤ ਦਾ ਭਲਾ ਫਾਊਂਡੇਸ਼ਨ ਵਲੋਂ ਸਮਾਜ ਸੇਵਾ 'ਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਰਮਨ ਨਹਿਰਾ ਨੇ ਦੱਸਿਆ ਕਿ ਵੀ ਪੀ ਸਿੰਘ ਅਰੋੜਾ ਅਤੇ ਉਨ੍ਹਾਂ ਦੀ ਫਾਊਂਡੇਸ਼ਨ ਬਲੱਡ ਬੈਂਕ ਵਿੱਚ ਕੀਤੇ ਜਾਣ ਵਾਲੇ ਸਮਾਜਿਕ ਕੰਮਾਂ ਵਿੱਚ ਵੀ ਹਮੇਸ਼ਾ ਵੱਧ-ਚੜ੍ਹ ਕੇ ਯੋਗਦਾਨ ਪਾਉਂਦੀ ਹੈ। ਅਖੀਰ ਵਿੱਚ ਪ੍ਰਧਾਨ ਕਰਮਵੀਰ ਅਰੋੜਾ ਨੇ ਸਮੂਹ ਪਤਵੰਤਿਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਹਰ ਮਹੀਨੇ ਲੋੜਵੰਦਾਂ ਨੂੰ ਰਾਸ਼ਨ ਵੰਡਦੀ ਹੈ। ਇਸ ਮੌਕੇ ਰਣਜੀਤ ਸਿੰਘ ਕਿੰਨੜਾ, ਮੋਹਨ ਲਾਲ ਤਨੇਜਾ, ਸੁਧਾ ਬੇਦੀ, ਜਸਵਿੰਦਰ ਸਿੰਘ ਭਗਤਪੁਰਾ ਤੇ ਹਰਬੰਸ ਲਾਲ ਆਦਿ ਹਾਜ਼ਰ ਸਨ।

## ਮੁੱਖ ਮੰਤਰੀ ਨੇ ਬਿਰਧ ਆਸ਼ਰਮ 'ਚ ਮਨਾਈ ਦੀਵਾਲੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਦੀਵਾਲੀ ਦੇ ਪਵਿੱਤਰ ਮੌਕੇ 'ਤੇ ਪੰਚਕੂਲਾ ਦੇ ਸੈਕਟਰ-15 ਸਥਿਤ ਬਿਰਧ ਆਸ਼ਰਮ ਪਹੁੰਚ ਕੇ ਬਜ਼ੁਰਗਾਂ ਦੇ ਨਾਲ ਦੀਵਾਲੀ ਉਤਸਵ ਮਨਾਇਆ। ਇਸ ਮੌਕੇ 'ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਸੁਮਨ ਸੈਣੀ ਵੀ ਮੌਜੂਦ ਰਹੀ। ਮੁੱਖ ਮੰਤਰੀ ਨੇ ਬਜ਼ੁਰਗਾਂ ਨੂੰ ਦੀਵਾਲੀ ਦੀ ਸ਼ੁਭਕਾਮਨਾਵਾਂ ਦਿੱਤੀਆਂ, ਉਨ੍ਹਾਂ ਨੂੰ ਮਿਠਾਈਆਂ ਵੰਡੀਆਂ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮੁੱਖ ਮੰਤਰੀ ਸ੍ਰੀ ਸੈਣੀ ਨੇ ਬਜ਼ੁਰਗਾਂ ਦੇ ਨਾਲ ਆਤਮੀਅਤਾ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਨਾਲ ਬਿਤਾਏ ਗਏ ਪਲਾਂ ਦੀ ਖੁਸ਼ੀਆਂ ਸਾਂਝਾ ਕੀਤੀਆਂ। ਉਨ੍ਹਾਂ ਨੇ ਕਿਹਾ ਕਿ ਪੰਚਕੂਲਾ ਦੇ ਬਿਰਧ ਆਸ਼ਰਮ ਵਿੱਚ ਪਹੁੰਚ ਕੇ ਸਨੇਹਭਾਵਪੂਰਣ ਬਜ਼ੁਰਗਾਂ ਦੇ ਨਾਲ ਦੀਪ ਉਤਸਵ ਮਨਾਉਣਾ ਇੱਕ ਬਹੁਤ ਆਤਮਕ, ਪ੍ਰੇਰਣਾਦਾਇਕ ਅਤੇ ਅਨੰਦਮਈ ਤਜਰਬਾ ਰਿਹਾ। ਇਸ ਮੌਕੇ 'ਤੇ ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ, ਜ਼ਿਲ੍ਹਾ ਪ੍ਰਧਾਨ ਅਜੈ ਮਿੱਤਲ, ਜ਼ਿਲ੍ਹਾ ਰੈਡ ਕ੍ਰਾਸ ਸੋਸਾਇਟੀ ਪੰਚਕੂਲਾ ਦੀ ਸਕੱਤਰ ਸਵਿਤਾ ਅਗਰਵਾਲ ਸਮੇਤ ਹੋਰ ਮਾਣਯੋਗ ਵਿਅਕਤੀ ਵੀ ਮੌਜੂਦ ਰਹੇ।

## ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਦੁਆਬੇ 'ਚ ਯਾਦਗਾਰ ਬਣਾਈ ਜਾਵੇਗੀ : ਕੰਗ

**ਬੰਗਾ (ਅਵਤਾਰ ਕਲੇਰ)**- ਦੇਸ਼ ਦੀ ਆਜ਼ਾਦੀ ਲਈ ਬੱਬਰ ਅਕਾਲੀ ਲਹਿਰ ਦਾ ਵੱਡਾ ਯੋਗਦਾਨ ਹੈ ਜਿਨ੍ਹਾਂ ਨੇ ਇਹ ਲਹਿਰ ਦੁਆਬੇ ਤੋਂ ਸ਼ੁਰੂ ਕਰਕੇ ਆਜ਼ਾਦੀ ਦੇ ਸੰਘਰਸ਼ 'ਚ ਅਹਿਮ ਭੂਮਿਕਾ ਨਿਭਾਈ। ਇਹ ਪ੍ਰਗਟਾਵਾ ਮਾਲਵਿੰਦਰ ਸਿੰਘ ਕੰਗ ਮੈਂਬਰ ਪਾਰਲੀਮੈਂਟ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੇ ਨਵਾਂ ਸ਼ਹਿਰ ਵਿਖੇ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਕਰਵਾਏ ਗਏ ਬੱਬਰਾਂ ਦੀ ਯਾਦ 'ਚ ਸਮਾਗਮ ਦੌਰਾਨ ਕੀਤਾ। ਉਹਨਾਂ ਆਖਿਆ ਕਿ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਯਾਦ 'ਚ ਦੁਆਬੇ 'ਚ ਯਾਦਗਾਰ ਬਣਾਈ ਜਾਵੇਗੀ। ਇਸ ਸਬੰਧੀ ਇਕ ਕਮੇਟੀ ਬਣਾ ਕੇ ਸਾਰੇ ਯੋਧਿਆਂ ਦੀ ਲਿਸਟ ਤਿਆਰ ਕੀਤੀ ਜਾਵੇਗੀ ਅਤੇ ਉਹਨਾਂ ਦੇ ਜੀਵਨ ਤੇ ਸਾਰਿਆਂ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ ਜਿਸ ਨਾਲ ਆਉਣ ਵਾਲੀ ਪੀੜੀ ਨੂੰ ਆਪਣੇ ਮਹਾਨ ਯੋਧਿਆਂ ਬਾਰੇ ਜਾਣਕਾਰੀ ਮਿਲੇਗੀ। ਉਹਨਾਂ ਆਖਿਆ ਕਿ ਬੱਬਰ ਅਕਾਲੀ ਲਹਿਰ ਦੇ ਯੋਧੇ ਯੋਧਿਆਂ ਨੇ ਆਜ਼ਾਦੀ ਦੀ ਲਹਿਰ ਦਾ ਮੁੱਢ ਬੰਨ੍ਹਿਆ ਪਰ ਸਮੇਂ ਦੀਆਂ ਸਰਕਾਰਾਂ ਨੇ ਇਹਨਾਂ ਯੋਧਿਆਂ ਨੂੰ ਅਣਗੌਲਿਆਂ ਕਰ ਦਿੱਤਾ। ਜਿਨ੍ਹਾਂ ਦੀ ਬਦੌਲਤ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਬੱਬਰ ਲਹਿਰ ਦੀ ਸ਼ੁਰੂਆਤ ਦੌਲਤਪੁਰ ਪਿੰਡ ਤੋਂ ਕੀਤੀ ਗਈ ਜਿੱਥੇ ਯੋਧਿਆਂ ਦੀ ਯਾਦ ਚ ਪ੍ਰਿੰਟਿੰਗ ਪ੍ਰੈਸ ਅਜੇ ਵੀ ਮੌਜੂਦ ਹੈ ਜਿੱਥੋਂ ਦੇਸ਼ ਦੀ ਆਜ਼ਾਦੀ ਲਈ ਅਖਬਾਰ ਤਿਆਰ ਕੀਤਾ ਜਾਂਦਾ ਸੀ ਜਿਸ ਨੂੰ ਬੱਬਰ ਕਰਮ ਸਿੰਘ ਦੌਲਤਪੁਰ ਵਲੋਂ ਸਾਥੀਆਂ ਨੂੰ ਨਾਲ ਲੈ ਕੇ ਤਿਆਰ ਕੀਤਾ ਗਿਆ। ਸਮਾਗਮ ਦੌਰਾਨ ਬੱਬਰ ਕਰਮ ਸਿੰਘ ਝਿੰਗੜ ਪਾਠਕ ਹਲਕਾ ਇੰਚਾਰਜ ਨਵਾਂਸ਼ਹਿਰ, ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਬੰਗਾ, ਹੁਸਨ ਲੜੋਆ ਬੰਗਾ, ਪ੍ਰਦੀਪ ਭਨੋਟ, ਸੁਖਜਿੰਦਰ ਸਿੰਘ ਭੰਗਲ, ਸੁਖਦੇਵ ਸਿੰਘ ਉੜਾਪੜ, ਦਿਨੇਸ਼ ਸੂਰੀ ਨੇ ਸੰਬੋਧਨ ਕੀਤਾ। ਮੰਚ ਸੰਚਾਲਨ ਦੀਦਾਰ ਸਿੰਘ ਸ਼ੇਤਰਾ ਨੇ ਕੀਤਾ। ਯੂਨੀਅਨ ਦੇ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਨੇ ਆਖਿਆ ਕਿ ਬੱਬਰਾਂ ਦੀ ਯਾਦ 'ਚ ਇਹ 21ਵਾਂ ਸਮਾਗਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੁਆਬੇ ਦੀ ਧਰਤੀ ਨੂੰ ਮਾਣ ਹੈ ਕਿ ਇੱਥੇ ਬੱਬਰ ਅਕਾਲੀ ਲਹਿਰ ਦੀ ਸ਼ੁਰੂਆਤ ਕੀਤੀ ਗਈ। ਸਮਾਗਮ ਦੌਰਾਨ ਬੱਬਰਾਂ ਦੀ ਯਾਦ ਚ ਲੇਖਕ ਕਿਰਪਾਲ ਸਿੰਘ ਵੱਲੋਂ ਲਿਖੀ ਕਿਤਾਬ ਬੱਬਰ ਅਕਾਲੀ ਯੋਧੇ ਮਾਲਵਿੰਦਰ ਸਿੰਘ ਕੰਗ ਵੱਲੋਂ ਜਾਰੀ ਕੀਤੀ ਗਈ।ਇਸ ਮੌਕੇ ਕਮਲਜੀਤ ਪਾਲ ਜ਼ਿਲ੍ਹਾ ਲੋਕ ਸੰਪਰਕ ਅਫਸਰ, ਚੇਤ ਰਾਮ ਰਤਨ, ਪਰਮਾਨੰਦ ਬ੍ਰਹਮਪੁਰੀ, ਹਰਜੀਤ ਸਿੰਘ ਝਿੰਗੜ, ਮਨਦੀਪ ਸਿੰਘ ਗੋਬਿੰਦਪੁਰ, ਤਰਨਜੀਤ ਸਿੰਘ ਥਾਂਦੀ, ਵਾਸਦੇਵ ਪਰਦੇਸੀ, ਕਸ਼ਮੀਰੀ ਲਾਲ ਕੈਥ, ਮੁਕੇਸ਼ ਕੁਮਾਰ ਬਿੱਟੂ, ਸੁਰਿੰਦਰ ਸਿੰਘ ਕਰਮ, ਅਮਰੀਕ ਕਟਾਰੀਆ, ਨਰਿੰਦਰ ਮਾਹੀ, ਨਛੱਤਰ ਸਿੰਘ ਬਹਿਰਾਮ, ਅਵਤਾਰ ਕਲੇਰ,ਧਰਮਵੀਰ ਪਾਲ, ਹਰਮਿੰਦਰ ਸਿੰਘ ਪਿੰਟੂ, ਜੋਗਾ ਸਿੰਘ ਥਾਂਦੀ, ਮਨੋਰੰਜਨ ਕਾਲੀਆ, ਜਤਿੰਦਰ ਪਾਲ ਸਿੰਘ ਕਲੇਰ, ਮਨਜੀਤ ਸਿੰਘ ਜੱਬੋਵਾਲ, ਛਿੰਝੀ ਲੜੋਆ , ਹਰਜਾਪ ਸਿੰਘ, ਰਾਜ ਮਜਾਰੀ ਆਦਿ ਹਾਜ਼ਰ ਸਨ।



## ਭਾਵੇਂ ਸਰਕਾਰ ਮੇਰੀ ਨਹੀਂ, ਪਰ ਮੇਰਾ ਹਲਕਾ ਮੇਰੀ ਜ਼ਿੰਮੇਵਾਰੀ : ਧਾਲੀਵਾਲ

### ਆਪਣੇ ਬਲਬੂਤੇ ਬੰਗਾ ਰੋਡ 'ਤੇ ਕਰਵਾਇਆ ਪੈਚ ਵਰਕ



**ਫਗਵਾੜਾ (ਡਾ. ਰਮਨ)**- ਫਗਵਾੜਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ (ਸੇਵਾਮੁਕਤ ਆਈ ਏ ਐਸ) ਨੇ ਸ਼ਹਿਰ ਦੀ ਬੰਗਾ ਰੋਡ ਦੀ ਮਾੜੀ ਹਾਲਤ ਨੂੰ ਦੇਖਦੇ ਹੋਏ ਖੁੱਦ ਆਪਣੇ ਖਰਚੇ 'ਤੇ ਪੈਚ ਕੰਮ ਕਰਵਾ ਕੇ ਵਿਰੋਧੀ ਆਗੂਆਂ ਲਈ ਇੱਕ ਮਿਸਾਲ ਕਾਇਮ ਕਰਦਿਆਂ ਕਹੀ ਹੈ। ਵਿਧਾਇਕ ਧਾਲੀਵਾਲ ਨੇ ਬੰਗਾ ਰੋਡ 'ਤੇ ਸਥਿਤ ਪ੍ਰਸਿੱਧ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਲੱਗਣ ਵਾਲੇ ਸਾਲਾਨਾ ਮੇਲੇ ਤੋਂ ਪਹਿਲਾਂ ਆਪਣੇ ਖਰਚੇ 'ਤੇ ਕੰਕਰੀਟ ਪੈਚਵਰਕ ਸ਼ੁਰੂ ਕਰਵਾਇਆ ਹੈ। ਉਹਨਾਂ ਨੇ ਮੌਕੇ 'ਤੇ ਖੜ੍ਹੇ ਹੋ ਕੇ ਪੈਚਵਰਕ ਦੀ ਨਿਗਰਾਨੀ ਕਰਦੇ ਹੋਏ ਕਿਹਾ ਕਿ ਭਾਵੇਂ ਪੰਜਾਬ ਵਿੱਚ ਕਾਂਗਰਸ ਪਾਰਟੀ ਸੱਤਾ ਵਿੱਚ ਨਹੀਂ ਹੈ, ਪਰ ਉਨ੍ਹਾਂ ਦਾ ਹਲਕਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਕਾਂਗਰਸੀ ਆਗੂ ਕਮਲ ਧਾਲੀਵਾਲ, ਮਾਰਕੀਟ ਕਮੇਟੀ ਦੇ ਸਾਬਕਾ ਪ੍ਰਧਾਨ ਨਰੇਸ਼ ਭਾਰਦਵਾਜ, ਅਵਿਨਾਸ਼ ਗੁਪਤਾ, ਬਲਾਕ ਪ੍ਰਧਾਨ ਮਨੀਸ਼ ਪ੍ਰਭਾਕਰ, ਜਤਿੰਦਰ ਵਰਮਾਨੀ, ਸੰਜੀਵ ਟੀਟੂ, ਪ੍ਰਦੀਪ ਬਸਰਾ, ਵਿਨੋਦ ਵਰਮਾਨੀ, ਪਰਮਜੀਤ ਧਰਮਸੋਤ, ਅਗਮ ਪਰਾਸ਼ਰ ਅਤੇ ਹੋਰ ਮੌਜੂਦ ਸਨ।

## ਦੀਵਾਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

**ਫਿਲੌਰ (ਨਿਰਮਲ)**- ਨਗਰ ਪਿੰਡ ਦੇ ਗਵਰਨਮੈਂਟ ਹਾਈ ਸਕੂਲ (ਗਰਲਜ਼) ਵਿੱਚ ਦੀਵਾਲੀ ਤਿਉਹਾਰ ਨੂੰ ਬਹੁਤ ਹੀ ਉਤਸ਼ਾਹ, ਜੋਸ਼ ਅਤੇ ਖੁਸ਼ੀ ਨਾਲ ਮਨਾਇਆ ਗਿਆ। ਸਕੂਲ ਦੇ ਪਰਿਸਰ ਨੂੰ ਬੱਚਿਆਂ ਵੱਲੋਂ ਬਣਾਈਆਂ ਸੁੰਦਰ ਰੰਗੋਲੀਆਂ, ਦੀਆਂ ਅਤੇ ਫੁੱਲਾਂ ਨਾਲ ਸਜਾਇਆ ਗਿਆ, ਜਿਸ ਨਾਲ ਪੂਰੇ ਸਕੂਲ ਦਾ ਮਾਹੌਲ ਰੌਸ਼ਨ ਅਤੇ ਖੁਸ਼ਗਵਾਰ ਬਣ ਗਿਆ। ਇਸ ਖੁਸ਼ੀ ਦੇ ਮੌਕੇ 'ਤੇ ਡਾ. ਅਸ਼ਵਨੀ ਕੁਮਾਰ ਆਸ਼ੂ, ਜਨਰਲ ਸੈਕਟਰੀ, ਡਿਸਟ੍ਰਿਕਟ ਕਾਂਗਰਸ ਕਮੇਟੀ (ਜਲੰਧਰ ਦਿਹਾਤੀ) ਨੇ ਸ਼ਿਰਕਤ ਕੀਤੀ। ਉਨ੍ਹਾਂ ਦਾ ਸਕੂਲ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਅਤੇ ਬੱਚਿਆਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ, ਜਿਸ ਤੋਂ ਬਾਅਦ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਸੁੰਦਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਸਮਾਗਮ ਦੌਰਾਨ ਬੱਚੀ ਲਤਿਕਾ ਦਾ ਜਨਮਦਿਨ ਵੀ ਖਾਸ ਢੰਗ ਨਾਲ ਮਨਾਇਆ ਗਿਆ। ਸਾਰੇ ਬੱਚਿਆਂ ਨੇ ਮਿਲਕੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕੇਕ ਕੱਟ ਕੇ ਖੁਸ਼ੀ ਦਾ ਮਾਹੌਲ ਬਣਾਇਆ। ਆਪਣੇ ਸੰਬੋਧਨ ਵਿੱਚ ਡਾ. ਅਸ਼ਵਨੀ ਕੁਮਾਰ ਆਸ਼ੂ ਨੇ ਬੱਚਿਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਦੀਵਾਲੀ ਸਿਰਫ਼ ਚਾਨਣਾਂ ਦਾ ਹੀ ਤਿਉਹਾਰ ਨਹੀਂ, ਸਗੋਂ ਨੇਕੀ ਤੇ ਸੱਚਾਈ ਦੀ ਜਿੱਤ ਦਾ ਪ੍ਰਤੀਕ ਹੈ। ਉਨ੍ਹਾਂ ਨੇ ਬੱਚਿਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਦੀ ਅਪੀਲ ਕੀਤੀ, ਤਾਂ ਜੋ ਵਾਤਾਵਰਣ ਦੀ ਸੁਰੱਖਿਆ ਹੋ ਸਕੇ ਅਤੇ ਪਟਾਖਿਆਂ ਨਾਲ ਹੋਣ ਵਾਲੇ ਪ੍ਰਦੂਸ਼ਣ ਤੋਂ ਬਚਿਆ ਜਾ ਸਕੇ। ਸਮਾਗਮ ਦੇ ਅੰਤ 'ਚ ਡਾ. ਅਸ਼ਵਨੀ ਕੁਮਾਰ ਆਸ਼ੂ ਵੱਲੋਂ ਵਿਦਿਆਰਥਣਾਂ ਨੂੰ ਮਿਠਾਈ ਵੰਡ ਕੇ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਪੂਰੇ ਸਮਾਗਮ ਦੌਰਾਨ ਸਕੂਲ ਸਟਾਫ਼, ਬੱਚੇ, ਹਾਜ਼ਰ ਸਨ।

## ਸਲਾਨਾ ਜੋੜ ਮੇਲਾ 5 ਨੂੰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਆਲ ਇੰਡੀਆ ਮਹਾਜਨ ਜੰਡਿਆਲ ਬਰਾਦਰੀ ਦਾ ਸਲਾਨਾ ਜੋੜ ਮੇਲਾ ਕਾਰਤਿਕ ਪੂਰਨਿਮਾ ਵਾਲੇ ਦਿਨ 5 ਨਵੰਬਰ ਨੂੰ ਬਾਬਾ ਸਹਿਜ ਨਾਥ ਮੰਦਰ ਤਾਰਾਗੜ ਵਿਖੇ ਬੜੀ ਧੂਮਧਾਮ ਅਤੇ ਸ਼ਰਧਾ ਪੂਰਵਕ ਮਨਾਉਣ ਸਬੰਧੀ ਵਿਚਾਰ ਵਿਟਾਂਦਰਾ ਕਰਨ ਲਈ ਸਭਾ ਦੇ ਪ੍ਰਧਾਨ ਵਿਜੇ ਮਹਾਜਨ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਯੋਜਨ ਕੀਤਾ ਗਿਆ।ਮੀਟਿੰਗ 'ਚ ਸ਼ਾਮਿਲ ਸਭਾ ਦੇ ਜਨਰਲ ਸਕੱਤਰ ਸਤੀਸ਼ ਕੁਮਾਰ ਗੁਪਤਾ, ਰਾਮਪਾਲ, ਰਜਿੰਦਰ ਕੁਮਾਰ, ਪ੍ਰੋਫੈਸਰ ਹਰੀ ਕ੍ਰਿਸ਼ਨ, ਬਾਲ ਕ੍ਰਿਸ਼ਨ, ਜੀਤੂ, ਦਰਸ਼ਨ ਲਾਲ, ਰਮਨ, ਅਨਿਲ ਕੁਮਾਰ, ਅਵਿਨਾਸ਼ ਮਹਾਜਨ, ਨਰਿੰਦਰ ਮਹਾਜਨ, ਰਾਮ ਕੁਮਾਰ ਮਹਾਜਨ, ਰਜੇਸ਼ ਕੁਮਾਰ, ਮੁਕੇਸ਼ ਕੁਮਾਰ ਅਤੇ ਹੋਰ ਮੈਂਬਰਾਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਜੇ ਮਹਾਜਨ ਨੇ ਕਿਹਾ ਕਿ ਇਸ ਜੋੜ ਮੇਲੇ ਵਿੱਚ ਦੇਸ਼ ਵਿਦੇਸ਼ ਤੋਂ ਮਹਾਜਨ ਜੰਡਿਆਲ ਬਰਾਦਰੀ ਦੇ ਲੱਖਾਂ ਸ਼ਰਧਾਲੂ ਸ਼ਾਮਿਲ ਹੁੰਦੇ ਹਨ ਅਤੇ ਬਾਬਾ ਸਹਿਜ ਨਾਥ ਜੀ ਦੇ ਮੰਦਰ ਵਿੱਚ ਮੱਥਾ ਟੇਕ ਕੇ ਬਾਬਾ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਉਨ੍ਹਾਂ ਕਿਹਾ ਕਿ 4 ਨਵੰਬਰ ਨੂੰ ਬਾਬਾ ਜੀ ਦੇ ਦਰਬਾਰ ਵਿੱਚ ਰਾਤ ਨੂੰ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਬਾਬਾ ਜੀ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਬਾਬਾ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੀਆਂ।ਸਤੀਸ਼ ਗੁਪਤਾ ਨੇ ਕਿਹਾ ਕਿ 5 ਨਵੰਬਰ ਨੂੰ ਸਵੇਰੇ 6-30 ਵਜੇ ਹਵਣ ਯੱਗ ਹੋਵੇਗਾ ਅਤੇ 7-30 ਵਜੇ ਬਾਬਾ ਜੀ ਦੇ ਦਰਬਾਰ ਵਿੱਚ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਵੇਰੇ 9 ਵਜੇ ਪੱਤਲ ਪੂਜਾ ਹੋਵੇਗੀ ਅਤੇ 10 ਵਜੇ ਬਾਬਾ ਜੀ ਦਾ ਲੰਗਰ ਵਰਤਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਵੇਰੇ 11 ਵਜੇ ਮਹਾਜਨ ਜੰਡਿਆਲ ਬਿਰਾਦਰੀ ਦਾ ਆਮ ਇਜਲਾਸ ਸ਼ੁਰੂ ਕੀਤਾ ਜਾਵੇਗਾ ਜਿਸ ਵਿੱਚ ਪਿਛਲੇ ਸਾਲ ਹੋਏ ਸਾਰੇ ਖਰਚੇ ਦਾ ਹਿਸਾਬ ਕਿਤਾਬ ਪੇਸ਼ ਕੀਤਾ ਜਾਵੇਗਾ।



## ਸਿਵਲ ਹਸਪਤਾਲ ਪੰਚਕੂਲਾ ਨੂੰ ਮਿਲੀ ਅਤੀ-ਆਧੁਨਿਕ ਅਲਟਰਾਸਾਊਂਡ ਮਸ਼ੀਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸੂਬਾ ਸਰਕਾਰ ਸੂਬਾ ਵਾਸੀਆਂ ਨੂੰ ਬਿਹਤਰ ਸਿਹਤ ਸਹੂਲਤਾਂ ਉਪਲਬਧ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹਨ। ਇਸੇ ਦਿਸ਼ਾ ਵਿੱਚ ਸਿਹਤ ਮੰਤਰੀ ਆਰਤੀ ਸਿੰਘ ਰਾਓ ਦੀ ਪਹਿਲ 'ਤੇ ਪੰਚਕੂਲਾ ਜਿਲ੍ਹਾ ਦੇ ਨਾਗਰਿਕਾਂ ਨੂੰ ਇਸ ਦੀਵਾਲੀ ਮੌਕੇ 'ਤੇ ਵੱਡਾ ਸਿਹਤ ਉਪਹਾਰ ਮਿਲਿਆ ਹੈ।ਰਾਜ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਦੇ ਵਿਸ਼ੇਸ਼ ਯਤਨਾਂ ਨਾਲ ਸਿਵਲ ਹਸਪਤਾਲ ਪੰਚਕੂਲਾ ਨੂੰ ਲਗਭਗ ਇੱਕ ਕਰੋੜ ਰੁਪਏ ਦੀ ਲਾਗਤ ਦੀ ਅਤੀਆਧੁਨਿਕ ਕਲਰ ਡਾਪਲਰ ਅਲਟਰਾਸਾਊਂਡ ਮਸ਼ੀਨ ਉਪਨਬਧ ਕਰਾਈ ਗਈ ਹੈ।ਸਿਹਤ ਮੰਤਰੀ ਨੇ ਦਸਿਆ ਕਿ ਇਸ ਆਧੁਨਿਕ ਮਸ਼ੀਨ ਦੇ ਲਗਣ ਨਾਲ ਪੰਚਕੂਲਾ ਜ਼ਿਲ੍ਹਾ ਦੇ ਮਰੀਜਾਂ ਨੂੰ ਹੁਣ ਹੋਰ ਵੱਧ ਸਟੀਕ ਤੇ ਉੱਚ ਗੁਣਵੱਤਾ ਵਾਲੀ ਡਾਇਗਨੋਸਟਿਕ ਸਹੂਲਤਾਂ ਮਿਲ ਸਕਣਗੀਆਂ। ਉਨ੍ਹਾਂ ਨੇ ਕਿਹਾ ਕਿ ਇਹ ਮਸ਼ੀਨ ਜਣੇਪਾ ਮਹਿਲਾਵਾਂ, ਦਿਲ ਦੇ ਰੋਗੀਆਂ ਅਤੇ ਹੋਰ ਗੰਭੀਰ ਬੀਮਾਰੀਆਂ ਦੇ ਸਮੇਂ 'ਤੇ ਨਿਦਾਨ ਵਿੱਚ ਮਹਤੱਵਪੂਰਣ ਭੂਮਿਕਾ ਨਿਭਾਏਗੀ।ਆਰਤੀ ਸਿੰਘ ਰਾਓ ਨੇ ਦਸਿਆ ਕਿ ਇਹ ਮਸ਼ੀਨ ਜਲਦੀ ਹੀ ਹਸਪਤਾਲ ਵਿੱਚ ਕੰਮ ਕਰਨਾ ਸ਼ੁਰੂ ਕਰ ਦਵੇਗੀ, ਜਿਸ ਨਾਲ ਖੇਤਰ ਦੇ ਹਜਾਰਾਂ ਲੋਕਾਂ ਨੂੰ ਤੁਰੰਤ ਲਾਭ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਅਗਾਮੀ ਸਮੇਂ ਵਿੱਚ ਵੀ ਸੂਬੇ ਦੇ ਸਾਰੇ ਹਸਪਤਾਲਾਂ ਵਿੱਚ ਆਧੁਨਿਕ ਮੈਡੀਕਲ ਸਮੱਗਰੀ ਅਤੇ ਹੱਲ ਉਪਲਬਧ ਕਰਵਾਏ ਜਾਣਗੇ, ਤਾਂ ਜੋ ਹਰ ਨਾਗਰਿਕ ਨੂੰ ਸਹੀ, ਸੁਰੱਖਿਅਤ ਅਤੇ ਸਰਲ ਸਿਹਤ ਸੇਵਾਵਾਂ ਉਨ੍ਹਾਂ ਦੇ ਨੇੜੇ ਸਿਹਤ ਕੇਂਦਰ 'ਤੇ ਹੀ ਮਿਲ ਸਕਣ।

## ਮੁਨਾਫਾ ਵੰਡ ਸਮਾਗਮ ਕਰਾਇਆ

**ਭਲਾਣ (ਹਰਭਜਨ ਢਿੱਲੋਂ)**- ਦੀ ਦੁੱਧ ਉਤਪਾਦਕ ਸਹਿਕਾਰੀ ਸਭਾ ਜਨਕੌਰ ਬੀ ਐਮ ਸੀ ਹਿਮਾਂਚਲ ਪ੍ਰਦੇਸ਼ ਜ਼ਿਲ੍ਹਾ ਊਨਾ ਵੱਲੋਂ ਸਕੱਤਰ ਸੁੱਚਾ ਸਿੰਘ ਦੀ ਅਗਵਾਈ ਹੇਠ ਦੀਵਾਲੀ ਦੇ ਤਿਉਹਾਰ ਮੌਕੇ ਮੁਨਾਫਾ ਵੰਡ ਸਮਾਗਮ ਕਰਾਇਆ ਗਿਆ। ਇਸ ਸਮਾਗਮ ਦੇ ਦੌਰਾਨ ਦੁੱਧ ਉਤਪਾਦਕਾਂ ਨੂੰ 2024 ਅਤੇ 2025 ਤੱਕ ਦਾ 3 ਲੱਖ 26 ਹਜਾਰ 4 ਸੋ 71 ਰੁਪਏ ਦਾ ਨਗਦ ਬੋਨਸ ਵੰਡਿਆ ਗਿਆ। ਕਮੇਟੀ ਸਕੱਤਰ ਸੁੱਚਾ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਵਿੱਚ ਮੁੱਖ ਤੌਰ ਤੇ ਵੇਰਕਾ ਮਿਲਕ ਪਲਾਂਟ ਮੋਹਾਲੀ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਤੇ ਸਤਵਿੰਦਰ ਸਿੰਘ ਭੰਗਲ ਐਮ ਪੀ ਐਸ ਵਿਸ਼ੇਸ਼ ਤੌਰ ਤੇ ਪਹੁੰਚੇ। ਕਾਹਲੋਂ ਨੇ ਵੇਰਕਾ ਮਿਲਕ ਪਲਾਂਟ ਮੋਹਾਲੀ ਵੱਲੋਂ ਦੁੱਧ ਉਤਪਾਦਕਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਤੇ ਉਹਨਾਂ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਅਸ਼ੋਕ ਕੁਮਾਰ, ਸੁੱਚਾ ਸਿੰਘ ਸਭਾ ਸਕੱਤਰ, ਏਰੀਆ ਇੰਚਾਰਜ ਸਤਵਿੰਦਰ ਭੰਗਲ ਐਮ ਪੀ ਐਸ, ਐਮ ਪੀ ਏ ਗਗਨਦੀਪ ਸ਼ਰਮਾ (ਲੱਕੀ) ਅਤੇ ਵੱਡੀ ਗਿਣਤੀ ਵਿੱਚ ਦੁੱਧ ਉਤਪਾਦਕ ਹਾਜ਼ਰ ਸਨ।



## ਜ਼ੋਨਲ ਤੇ ਅੰਤਰ ਯੁਵਕ ਮੁਕਾਬਲੇ ਕਰਵਾਏ

**ਕਾਲਾ ਸੰਘਿਆਂ (ਮਨਜੀਤ ਮਾਨ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਹੋਏ ਸਾਲਾਨਾ ਜ਼ੋਨਲ,ਅੰਤਰ ਯੁਵਕ ਮੇਲੇ ਵਿੱਚ ਹੋਏ ਮੁਕਾਬਲਿਆਂ ਵਿੱਚ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਪੂਰਥਲਾ ਦੀਆਂ ਵਿਦਿਆਰਥਣਾਂ ਮਮਤਾ ਪਿੰਡ ਸੰਧੂ ਚੱਠਾ, ਸਰਬਜੀਤ ਕੌਰ ਪਿੰਡ ਮੋਠਾਂਵਾਲ ਤੇ ਹਰਪ੍ਰੀਤ ਕੌਰ ਕਪੂਰਥਲਾ ਨੇ ਕਵੀਸ਼ਰੀ ਜੱਥੇ ਵਿੱਚੋਂ ਦੂਸਰਾ ਸਥਾਨ ਹਾਸਿਲ ਕਰਕੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲੇਜ ਕਪੂਰਥਲਾ, ਤੇ ਆਪਣੇ ਸਮੂਹ ਕਾਲਿਜ ਸਟਾਫ਼ ਤੇ ਪਿੰਡ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਪ੍ਰੈੱਸ ਨੂੰ ਇਹ ਜਾਣਕਾਰੀ ਉੱਘੇ ਸਮਾਜ ਸੇਵਕ ਡਾਕਟਰ ਸਤਪਾਲ ਸਿੰਘ ਸਾਬਕਾ ਪੰਚ ਨੇ ਦਿੰਦੇ ਹੋਏ ਦੱਸਿਆ ਕਿ ਵਿਦਿਆਰਥਣਾਂ ਨੂੰ ਕਵੀਸ਼ਰੀ ਦੀ ਸਿੱਖਿਆ ਭਾਈ ਗੁਰਮੁਖ ਸਿੰਘ ਸੰਧੂ ਚੱਠਾ ਤੇ ਭਾਈ ਗੁਰਸੇਵਕ ਸਿੰਘ ਵੱਲੋਂ ਦਿਤੀ ਗਈ ਡਾਕਟਰ ਸਤਪਾਲ ਸਿੰਘ ਸਾਬਕਾ ਪੰਚ ਨੇ ਦੱਸਿਆ ਕਿ ਬੱਚਿਆਂ ਦੀ ਜਿੱਤ ਦਾ ਸਿਹਰਾ ਕਾਲਿਜ ਦੇ ਪ੍ਰਿੰਸੀਪਲ ਸਕਿੰਦਰ ਕੌਰ, ਸੰਗੀਤ ਵਿਭਾਗ ਦੇ ਐਚ ਓ ਡੀ ਮੈਡਮ ਜਸਪ੍ਰੀਤ ਕੌਰ,ਸਮੂਹ ਕਾਲਿਜ ਸਟਾਫ਼ ਤੇ ਭਾਈ ਗੁਰਮੁਖ ਸਿੰਘ ਤੇ ਭਾਈ ਗੁਰਸੇਵਕ ਸਿੰਘ ਦੇ ਸਿਰ ਜਾਂਦਾ ਹੈ। ਸਰਪੰਚ ਸ੍ਰੀਮਤੀ ਸੁਰਜੀਤ ਕੌਰ, ਚਰਨਜੀਤ ਸਿੰਘ ਪੰਚ, ਗੁਰਦਿੱਤ ਸਿੰਘ ਪੰਚ, ਪ੍ਰਤਾਪ ਸਿੰਘ ਪੰਚ, ਸੁਰਿੰਦਰ ਕੌਰ ਪੰਚ, ਪਲਵਿੰਦਰ ਕੌਰ ਪੰਚ, ਪਵਨਦੀਪ ਕੌਰ ਪੰਚ, ਸੰਤੋਖ ਸਿੰਘ, ਗੁਰਜੀਤ ਕੌਰ, ਰਮਨਦੀਪ ਸਿੰਘ ਨਾਹਰ, ਨੰਬਰਦਾਰ ਸੰਤੋਖ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ, ਲਹਿੰਬਰ ਸਿੰਘ ਸਾਬਕਾ ਸਰਪੰਚ, ਜਸਵੰਤ ਸਿੰਘ ਸਾਬਕਾ ਪੰਚ, ਪੀਟਰ ਕੱਸੋਚਾਹਲ ਸਾਬਕਾ ਸਰਪੰਚ ਵੱਲੋਂ ਬੱਚਿਆਂ ਨੂੰ ਵਧਾਈ ਦਿੱਤੀ ਗਈ।

## ਖਾਲਸਾ ਕਾਲਜ ਨੇ ਯੁਵਕ ਮੇਲੇ ਦੀ ਓਵਰਆਲ ਟਰਾਫੀ ਜਿੱਤੀ

**ਮਾਹਿਲਪੁਰ (ਸ਼ਫ਼ਰੀ)**- ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਖੇਤਰ ਦੇ ਡੀ ਏ ਵੀ ਕਾਲਜ ਹੁਸ਼ਿਆਰਪੁਰ ਵਿੱਚ ਕਰਵਾਏ ਪੰਜਾਬ ਯੂਨੀਵਰਸਿਟੀ ਜੋਨਲ ਯੁਵਕ ਅਤੇ ਵਿਰਾਸਤੀ ਮੇਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ ਟਰਾਫੀ ਜਿੱਤ ਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਇਸ ਮੌਕੇ ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਪੈਟਰਨ ਡਾ ਜੰਗ ਬਹਾਦਰ ਸਿੰਘ ਰਾਏ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ ਅਪਿੰਦਰ ਸਿੰਘ ਮਾਹਿਲਪੁਰੀ ਸਮੇਤ ਕੌਂਸਲ ਦੇ ਸਮੂਹ ਅਹੁਦੇਦਾਰਾਂ ਨੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਸਮੇਤ ਜੋਨਲ ਯੁਵਕ ਮੇਲੇ ਦੀ ਤਿਆਰੀ ਵਿੱਚ ਲੱਗੇ ਅਧਿਆਪਕਾਂ ਤੇ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਜੋਨਲ ਯੁਵਕ ਮੇਲੇ ਦਾ ਚੈਂਪੀਅਨ ਕਾਲਜ ਬਣਨਾ ਮਾਣ ਵਾਲੀ ਗੱਲ ਹੈ ਜਿਸਦਾ ਸਿਹਰਾ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਜਾਂਦਾ ਹੈ। ਇਸ ਬਾਰੇ ਗੱਲ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਯੁਵਕ ਮੇਲੇ ਦੇ ਕੌਂਨਟੀਜੈਂਟ ਇੰਚਾਰਜ ਡਾ. ਦੇਵ ਕੁਮਾਰ ਨੇ ਦੱਸਿਆ ਕਿ ਮਿਤੀ 14 ਅਕਤੂਬਰ ਤੋਂ 17 ਅਕਤੂਬਰ ਤੱਕ ਹੁਸ਼ਿਆਰਪੁਰ ਜੋਨ-5 ਅਧੀਨ ਕਰੀਬ ਤੀਹ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਸਾਹਿਤਕ, ਸਭਿਆਚਾਰਕ ਤੇ ਕਲਾਤਮਿਕ ਗਤੀਵਿਧੀਆਂ ਦੇ ਮੁਕਾਬਲਿਆਂ ਤਹਿਤ ਡੀ ਏ ਵੀ ਕਾਲਜ ਵਿੱਚ ਕਰਵਾਏ ਇਸ ਯੁਵਕ ਮੇਲੇ ਵਿੱਚ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਸੰਗੀਤ, ਥੀਏਟਰ, ਗਿੱਧਾ, ਭੰਗੜਾ ਸਮੇਤ ਅਨੇਕਾਂ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਕਾਲਜ ਨੇ ਉਕਤ ਮੁਕਾਬਲਿਆਂ ਵਿੱਚ ਸਭ ਤੋਂ ਵੱਧ ਸਕੋਰ ਪ੍ਰਾਪਤ ਕਰਕੇ ਓਵਰਆਲ ਟਰਾਫ਼ੀ ਜਿੱਤੀ ਅਤੇ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ। ਉਨ੍ਹਾਂ ਕਿਹਾ ਕਿ ਕਾਲਜ ਨੇ ਸਾਂਝੇ ਅਤੇ ਵਿਅਕਤੀਗਤ ਰੂਪ ਵਿੱਚ ਸੰਗੀਤਕ ਵੰਨਗੀਆਂ ਵਿੱਚ ਨੌਂ, ਥੀਏਟਰ ਵਿਚ ਛੇ, ਫਾਈਨ ਆਰਟਸ ਵਿੱਚ ਛੇ, ਸਿਰਜਣਾਤਮਿਕ ਮੁਕਾਬਲੇ ਵਿੱਚ ਪੰਜ, ਲੋਕ ਨਾਚਾਂ ਵਿੱਚ ਚਾਰ ਅਤੇ ਹੋਰ ਵੰਨਗੀਆਂ ਵਿੱਚ ਵੀ ਮਾਣਯੋਗ ਇਨਾਮ ਸਨਮਾਨ ਹਾਸਿਲ ਕੀਤੇ। ਇਸ ਮੌਕੇ ਡਾ ਜੇ ਬੀ ਸੇਖੋਂ, ਡਾ ਪ੍ਰਭਜੋਤ ਕੌਰ, ਡਾ ਕੋਮਲ ਬੱਧਣ, ਡਾ ਬਲਵੀਰ ਕੌਰ, ਪ੍ਰੋ ਅਨਿਲ ਕਲਸੀ, ਡਾ ਪਰਮਿੰਦਰ ਕੌਰ, ਡਾ ਕੁਲਦੀਪ ਸਿੰਘ, ਪ੍ਰੋ ਰਾਜਵਿੰਦਰ ਕੌਰ, ਪ੍ਰੋ ਮਨਪ੍ਰੀਤ ਸੇਠੀ, ਪ੍ਰੋ ਅਸ਼ੋਕ ਕੁਮਾਰ, ਪ੍ਰੋ ਨੇਹਾ ਆਦਿ ਸਮੇਤ ਹੋਰ ਅਧਿਆਪਕਾਂ ਨੇ ਵੀ ਜੇਤੂ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆ।




## ਲੰਬੇ ਸਮੇਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਮਨਾਈ ਕਾਲੀ ਦੀਵਾਲੀ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾ ਬੱਸੀ ਦੇ ਗੈਸਟ ਫੈਕਲਟੀ ਲੈਕਚਰਾਰਾਂ ਨੇ ਪਿਛਲੇ 8 ਤੋਂ 10 ਮਹੀਨਿਆਂ ਤੋਂ ਸਰਕਾਰ ਵੱਲੋਂ ਤਨਖਾਹ ਨਾ ਦਿੱਤੇ ਜਾਣ ਦੇ ਰੋਸ ਵਜੋਂ ਖ਼ਾਲੀ ਦੀਵਿਆਂ ਨਾਲ ਪ੍ਰਦਰਸ਼ਨ ਕੀਤਾ। ਉਹਨਾਂ ਨੇ ਕਿਹਾ ਕਿ ਗੈਸਟ ਫੈਕਲਟੀ ਲੈਕਚਰਾਰ ਸਰਕਾਰੀ ਕਾਲਜਾਂ ਵਿਚ 20-20 ਸਾਲਾਂ ਤੋਂ ਪੜ੍ਹਾ ਰਹੇ ਹਨ, ਇਸ ਵਾਰ ਕਾਲੀ ਦੀਵਾਲੀ ਮਨਾਉਣ ਲਈ ਮਜਬੂਰ ਹਨ। ਸਰਕਾਰੀ ਕਾਲਜਾਂ ਵਿਚ ਨਵੇਂ ਨਿਯੁਕਤ ਹੋਏ ਸਹਾਇਕ ਪ੍ਰੋਫ਼ੈਸਰਾਂ ਤੋਂ ਬਾਅਦ ਉਹਨਾਂ ਪੋਸਟਾਂ ਉੱਪਰ ਲੰਬੇ ਸਮੇਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ ਅਧਿਆਪਕਾਂ ਦੀਆਂ ਤਨਖ਼ਾਹਾਂ ਸਰਕਾਰ ਨੇ ਰੋਕ ਦਿੱਤੀਆਂ ਹਨ। ਪਿਛਲੇ 8 ਤੋਂ 10 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਗੈਸਟ ਫੈਕਲਟੀ ਲੈਕਚਰਾਰਾਂ ਦੁਆਰਾ ਆਪਣੇ ਘਰ ਦਾ ਗੁਜ਼ਾਰਾ ਚਲਾਉਣਾ ਵੀ ਬੇਹੱਦ ਔਖਾ ਹੋ ਗਿਆ ਹੈ। ਸਰਕਾਰ ਨੇ ਗੈਸਟ ਫੈਕਲਟੀ ਨੂੰ ਦੀਵਾਲੀ ਦੇ ਤਿਉਹਾਰ ਦੇ ਮੌਕੇ ਵੀ ਤਨਖਾਹ ਜਾਰੀ ਨਹੀਂ ਕੀਤੀ। ਪ੍ਰਦਰਸ਼ਨ ਦੌਰਾਨ ਸਰਕਾਰੀ ਕਾਲਜ ਡੇਰਾ ਬੱਸੀ ਦੇ ਗੈਸਟ ਫੈਕਲਟੀ ਅਧਿਆਪਕਾਂ ਨੇ ਇਕ ਵਾਰ ਫਿਰ ਸਰਕਾਰ ਨੂੰ ਜਲਦ ਤੋਂ ਜਲਦ ਤਨਖਾਹ ਜਾਰੀ ਕਰਨ ਦੀ ਅਪੀਲ ਕੀਤੀ।

## ਦੀਵਾਲੀ ਉਤਸ਼ਾਹ ਨਾਲ ਮਨਾਈ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਹੇਰੀਟੇਜ ਪਬਲਿਕ ਹਾਈ ਸਕੂਲ, ਜਗਤਪੁਰਾ ਵਿੱਚ ਰੌਸ਼ਨੀ ਦੇ ਤਿਉਹਾਰ ਦੀਵਾਲੀ ਨੂੰ ਵੱਡੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਇਆ ਗਿਆ। ਸਕੂਲ ਦਾ ਵਿਹੜਾ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ, ਜਿਸ ਨਾਲ ਹਰ ਪਾਸੇ ਤਿਉਹਾਰੀ ਮਾਹੌਲ ਬਣਿਆ ਹੋਇਆ ਸੀ।ਵਿਦਿਆਰਥੀਆਂ ਨੇ ਰੰਗੋਲੀ ਅਤੇ ਦੀਆ ਬਣਾਉਣ ਦੀਆਂ ਮੁਕਾਬਲਿਆਂ ਵਿੱਚ ਵੱਡੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਰਚਨਾਤਮਕਤਾ ਤੇ ਕਲਾਤਮਕ ਹੁਨਰ ਦਾ ਪ੍ਰਦਰਸ਼ਨ ਕੀਤਾ। ਰੰਗ-ਬਰੰਗੀਆਂ ਰੰਗੋਲੀਆਂ ਅਤੇ ਸੁੰਦਰ ਸਜੇ ਦੀਏ ਸਮਾਰੋਹ ਦੀ ਸ਼ੋਭਾ ਵਧਾ ਰਹੇ ਸਨ।ਪ੍ਰਿੰਸੀਪਲ ਮੈਡਮ ਨੇ ਸਾਰੇ ਭਾਗੀ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਪਰਿਆਵਰਨ-ਮਿਤਰ ਅਤੇ ਸੁਰੱਖਿਅਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ।

## ਸਾਰਗ ਸਮਾਰਟ ਸਕੂਲ ਨੇ 'ਗੋ ਗ੍ਰੀਨ ਦੀਵਾਲੀ' ਮਨਾਈ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰ ਸਿੰਘ ਬੋਬੀ)**- ਸਾਰਗ ਸਮਾਰਟ ਸਕੂਲ ਬੈਂਕ ਰੋਡ ਸ੍ਰੀ ਚਮਕੌਰ ਸਾਹਿਬ ਨੇ ਬਹੁਤ ਉਤਸ਼ਾਹ ਅਤੇ ਜਾਗਰੂਕਤਾ ਨਾਲ ਗ੍ਰੀਨ ਦੀਵਾਲੀ ਮਨਾਈ। ਗੁਰਦੁਆਰਾ ਗੜ੍ਹੀ ਸਾਹਿਬ ਤੋਂ ਗੁਰਦੁਆਰਾ ਕਤਲਗੜ੍ਹ ਸਾਹਿਬ ਤੱਕ ਸਥਾਨਕ ਖੇਤਰ ਵਿੱਚ ਇੱਕ ਵਿਸ਼ੇਸ਼ ਰੈਲੀ ਦਾ ਆਯੋਜਨ ਕੀਤਾ ਗਿਆ। ਜਿੱਥੇ ਸਾਰਗ ਸਮਾਰਟ ਸਕੂਲ ਦੇ ਛੋਟੇ ਬੱਚਿਆਂ ਨੇ ਪ੍ਰਦੂਸ਼ਣ ਮੁਕਤ ਅਤੇ ਵਾਤਾਵਰਣ ਅਨੁਕੂਲ ਦੀਵਾਲੀ ਮਨਾਉਣ ਦੇ ਨਾਲ-ਨਾਲ ਰੋਸ਼ਨੀਆਂ ਦੇ ਤਿਉਹਾਰ ਅਤੇ ਬੰਦੀ ਛੋੜ ਦਿਵਸ ਨੂੰ ਸਾਂਝੇ ਤੌਰ 'ਤੇ ਮਨਾ ਕੇ ਭਾਈਚਾਰਕ ਸਾਂਝ ਵਧਾਉਣ ਦਾ ਸੰਦੇਸ਼ ਵੀ ਦਿੱਤਾ। ਬੱਚਿਆਂ ਨੇ 'ਪਟਾਕੇ ਨਾ ਚਲਾਓ', 'ਹਰੀ ਦੀਵਾਲੀ, ਸਾਫ਼ ਦੀਵਾਲੀ', 'ਦੀਏ ਜਲਾਓ, ਹਵਾ ਬਚਾਓ' ਅਤੇ 'ਵਾਤਾਵਰਣ ਬਚਾਓ' ਵਰਗੇ ਪ੍ਰੇਰਨਾਦਾਇਕ ਨਾਅਰੇ ਲਗਾਏ। ਉਨ੍ਹਾਂ ਦੀਆਂ ਖੁਸ਼ਨੁਮਾ ਆਵਾਜ਼ਾਂ ਅਤੇ ਰੰਗੀਨ ਤਖ਼ਤੀਆਂ ਨੇ ਇਲਾਕੇ ਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਅਤੇ ਸਾਰਿਆਂ ਨੂੰ ਵਾਤਾਵਰਣ ਅਨੁਕੂਲ ਤਰੀਕੇ ਨਾਲ ਦੀਵਾਲੀ ਮਨਾਉਣ ਦੀ ਯਾਦ ਦਿਵਾਈ। ਪ੍ਰਿੰਸੀਪਲ ਰਜਿੰਦਰ ਕੌਰ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਹਰੀ ਦੀਵਾਲੀ ਮਨਾਉਣ ਦੀ ਮਹੱਤਤਾ ਬਾਰੇ ਆਪਣੇ ਕੀਮਤੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਸਾਰਿਆਂ ਨੂੰ ਪਟਾਕੇ ਨਾ ਚਲਾਉਣ ਅਤੇ ਪ੍ਰਦੂਸ਼ਣ ਦੀ ਬਜਾਏ ਰੌਸ਼ਨੀ ਅਤੇ ਖੁਸ਼ੀ ਫੈਲਾਉਣ ਲਈ ਉਤਸ਼ਾਹਿਤ ਕੀਤਾ।




## ਅੱਖਾਂ ਦੀ ਜਾਂਚ ਦਾ ਕੈਂਪ

**ਜੰਡਿਆਲਾ ਮੰਜਕੀ (ਬਾਲ ਕ੍ਰਿਸ਼ਨ ਬਾਲੀ)**- ਸਥਾਨਕ ਕਸਬੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਜੰਡਿਆਲਾ ਲੋਕ ਭਲਾਈ ਮੰਚ ਵੱਲੋਂ ਪ੍ਰਧਾਨ ਮੱਖਣ ਪੱਲਣ ਅਤੇ ਜਨਰਲ ਸਕੱਤਰ ਤਰਸੇਮ ਸਿੰਘ ਦੀ ਅਗਵਾਈ ਹੇਠ ਸਲਾਨਾ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਅਮਰੀਕਾ ਦੀ ਪ੍ਰਸਿੱਧ ਸੰਸਥਾ ਤੇਜਾ ਐਂਡ ਲਿਓਨਾਰਾ ਜੌਹਲ ਦੇ ਆਰਥਿਕ ਸਹਿਯੋਗ ਨਾਲ ਲਗਾਏ ਜਾਂਦੇ ਸਲਾਨਾ ਕੈਂਪ ਮੌਕੇ 500 ਦੇ ਲਗਭਗ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਔਕੂਲਸ ਹਸਪਤਾਲ ਤੋਂ ਅੱਖਾਂ ਦੇ ਮਾਹਿਰ ਡਾਕਟਰ ਮਨਦੀਪ ਸੂਦ ਅਤੇ ਅਮਨਦੀਪ ਔਜਲਾ ਦੀ ਟੀਮ ਵੱਲੋਂ ਕੀਤੀ ਗਈ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। 150 ਦੇ ਲਗਭਗ ਮਰੀਜ਼ਾਂ ਨੂੰ ਲੈਂਨਜ ਪਾਉਣ ਲਈ ਚੁਣਿਆ ਗਿਆ।ਕੈਂਪ ਦਾ ਉਦਘਾਟਨ ਪ੍ਰਵਾਸੀ ਭਾਰਤੀ ਤਰਨਵੀਰ ਜੌਹਲ ਅਤੇ ਗੁਰਮੀਤ ਕੌਰ ਜੌਹਲ ਵੱਲੋਂ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੱਖਣ ਪੱਲਣ ਅਤੇ ਜਨਰਲ ਸਕੱਤਰ ਤਰਸੇਮ ਸਿੰਘ ਨੇ ਮੰਚ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਦੇ ਕੰਮਾਂ ਦੀ ਵਿਸਥਾਰਤ ਜਾਣਕਾਰੀ ਦਿੱਤੀ।ਇਲਾਵਾ ਮਾਸਟਰ ਸੁਖਜੀਤ ਸਿੰਘ, ਐਸ ਡੀ ਓ ਜੋਗਿੰਦਰ ਸਿੰਘ,ਸਕੱਤਰ ਸੁਰਜੀਤ ਸਿੰਘ, ਵਿਜੈ ਧਰਨੀ, ਮਨੂ ਦੇਵ, ਕਾਮਰੇਡ ਕੁਲਵੰਤ ਸਿੰਘ, ਚੀਫ ਫਾਰਮਾਸਿਸਟ ਸੁਖਵਿੰਦਰ ਕੌਰ, ਜਸਵੀਰ ਕੌਰ, ਰਣਧੀਰ ਸਿੰਘ ਗੁਜਰਾਲ, ਸੁਖਵਿੰਦਰ ਸਿੰਘ, ਮੈਂਬਰ ਪੰਚਾਇਤ ਜਸਵਿੰਦਰ ਸਿੰਘ, ਗੁਰਚੇਤਨ ਸਿੰਘ ਜੌਹਲ, ਮੱਖਣ ਸਿੰਘ ਜੌਹਲ,ਮਾਸਟਰ ਬਲਕਾਰ ਸਿੰਘ, ਹਰਮੇਸ਼ ਲਾਲ ਮੇਸ਼,ਸੱਤਪਾਲ ਗਾਬਾ, ਮੁਖਤਿਆਰ ਸਿੰਘ ਜੇਈ, ਜਸਵਿੰਦਰ ਸਿੰਘ ਰਿਟਾਇਰਡ ਬੀਈਓ, ਸੁਖਵਿੰਦਰ ਸਿੰਘ ਕੈਂਥ ਆਦਿ ਵੀ ਹਾਜ਼ਰ ਸਨ। ਆਈਆਂ ਸੰਗਤਾਂ ਲਈ ਚਾਹ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।




## ਬਿਰਧ ਆਸ਼ਰਮ ਵਿਖੇ ਮਨਾਈ ਦੀਵਾਲੀ

**ਫਗਵਾੜਾ (ਡਾ. ਰਮਨ)**- ਇੰਟਰਨੈਸ਼ਨਲ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਫਗਵਾੜਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦੀਵਾਲੀ ਦੀ ਖੁਸ਼ੀ ਸਾਂਝੀ ਕਰਨ ਲਈ ਸੁਸਾਇਟੀ ਦੇ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਦੀ ਅਗਵਾਈ ਹੇਠ ਗੁਰੂ ਨਾਨਕ ਮਿਸ਼ਨ ਨੇਤਰਹੀਣ ਬਿਰਧ ਆਸ਼ਰਮ ਸਪਰੋੜ ਵਿਖੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਆਸ਼ਰਮ 'ਚ ਰਹਿੰਦੇ ਬਿਰਧ ਅਤੇ ਅਨਾਥ ਲੋਕਾਂ ਦੇ ਲਈ ਖਾਣ-ਪੀਣ ਦੀ ਸਮੱਗਰੀ ਅਤੇ ਮਿਠਾਈ, ਬੱਚਿਆਂ ਨੂੰ ਪਟਾਕੇ ਆਦਿ ਭੇਟ ਕੀਤੇ ਗਏ, ਜਿਸ ਵਿੱਚ ਐੱਨ ਆਰ ਆਈ ਮਨੋਜ ਕੋਛੜ ਕਨੇਡਾ ਨੇ ਆਪਣੀ ਮਾਤਾ ਵਿਜੇ ਰਾਣੀ ਕੋਛੜ ਦੀ ਯਾਦ 'ਚ ਤੇ ਬਲਵਿੰਦਰ ਸਿੰਘ ਪਲਾਹੀ ਨੇ ਆਪਣੇ ਲੜਕੇ ਜਗਦੀਪ ਸਿੰਘ ਯੂ ਐੱਸ ਏ ਵਲੋਂ ਵਿਸ਼ੇਸ਼ ਆਰਥਕ ਸਹਿਯੋਗ ਦਿੱਤਾ। ਸਮਾਗਮ ਦੌਰਾਨ ਜਰਨੈਲ ਸਿੰਘ ਭਮਰਾ, ਕੌਂਸਲਰ ਡਾ. ਦਰਸ਼ਨ ਕਟਾਰੀਆ, ਸਤਪਾਲ ਪੰਚ ਪੰਡੋਰੀ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜਰੀ ਲਗਵਾਈ। ਡਾ. ਦਰਸ਼ਨ ਲਾਲ ਕਟਾਰੀਆ ਅਤੇ ਹੋਰਨਾਂ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਗੀਤ ਪ੍ਰੀਤ ਪਾਲ ਸਿੰਘ ਅਤੇ ਉਹਨਾਂ ਦੀ ਟੀਮ ਵਲੋਂ ਹਰ ਸਾਲ ਕੀਤੇ ਜਾਂਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਉਪਰਾਲੇ ਹੁੰਦੇ ਰਹਿਣ ਚਾਹੀਦੇ ਹਨ ਤਾਂ ਜੋ ਆਸ਼ਰਮਾਂ ਦੇ ਵਸਨੀਕ ਅਤੇ ਖਾਸ ਤੌਰ ਤੇ ਬੱਚੇ ਆਪਣੇ ਆਪ ਨੂੰ ਸਾਡੇ ਸਮਾਜ ਤੋਂ ਵੱਖ ਨਾ ਸਮਝਦੇ ਹੋਏ ਆਪਣੇ ਆਪ ਨੂੰ ਸਮਾਜ ਦਾ ਹਿੱਸਾ ਮਹਿਸੂਸ ਕਰਨ। ਪਤਵੰਤਿਆਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਸਟੇਜ ਸਕੱਤਰ ਦੀ ਸੇਵਾ ਬਲਵਿੰਦਰ ਸਿੰਘ ਪਲਾਹੀ ਵਲੋਂ ਨਿਭਾਈ ਗਈ। ਇਸ ਮੌਕੇ ਗਗਨਦੀਪ ਪੰਚ, ਡਾ. ਅਸ਼ਵਨੀ ਕੁਮਾਰ ਪੀਪਾਰੰਗੀ, ਗੁਰਮੁੱਖ ਸਿੰਘ ਆਦਿ ਹਾਜ਼ਰ ਸਨ।

## ਦੀਵਾਲੀ ਨੂੰ ਬੜੇ ਪਵਿੱਤਰ ਤਰੀਕੇ ਨਾਲ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਕਿਡਜ਼ਜ਼ੋਨ ਸਕੂਲ ਭੋਗਪੁਰ ਵਿਖੇ ਦੀਵਾਲੀ ਦੇ ਤਿਉਹਾਰ ਨੂੰ ਬੜੇ ਪਵਿੱਤਰ ਤਰੀਕੇ ਨਾਲ ਮਨਾਇਆ ਗਿਆ। ਸਾਰੇ ਬੱਚੇ ਅਲੱਗ ਅਲੱਗ ਫੈਂਸੀ ਡਰੈਸ ਵਿੱਚ ਆਏ ਅਤੇ ਸਭ ਨੰਨੇ ਮੁੰਨੇ ਬੱਚਿਆਂ ਨੇ ਰਾਮ, ਲਕਸ਼ਮਣ, ਸੀਤਾ ਅਤੇ ਹਨੂਮਾਨ ਜੀ ਦੇ ਕਿਰਦਾਰਾਂ ਨੂੰ ਨਿਭਾ ਕੇ ਸਭ ਦਾ ਮਨ ਮੋਹ ਲਿਆ। ਸਭ ਬੱਚਿਆਂ ਨੇ ਰਾਮਲੀਲਾ ਦੇ ਮਨਮੋਹਕ ਦ੍ਰਿਸ਼ ਪੇਸ਼ ਕੀਤੇ। ਡਾਇਰੈਕਟਰ ਸਰਬਜੀਤ ਸਿੰਘ ਗਿੱਲ ਨੇ ਸਭ ਬੱਚਿਆਂ ਨੂੰ ਦਿਵਾਲੀ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਸਾਨੂੰ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਅਤੇ ਪਟਾਕਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ । ਸਭ ਬੱਚਿਆਂ ਨੂੰ ਪਟਾਕੇ ਨਾ ਚਲਾਉਣ ਦੀ ਸਲਾਹ ਦਿੱਤੀ। ਇਸ ਮੌਕੇ ਤੇ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਵੀ ਦਿੱਤੇ ਗਏ ।ਅਧਿਆਪਕ ਸੰਦੀਪ ਕੁਮਾਰ ,ਮੈਡਮ ਕੁਲਦੀਪ ਕੌਰ ,ਜਸਪ੍ਰੀਤ ਕੌਰ, ਨਵਜੋਤ ਕੌਰ, ਪਾਇਲ, ਮਨਪ੍ਰੀਤ ਕੌਰ, ਕਿਰਨ ਅਤੇ ਸਿਮਰਨ ਨੇ ਸਭ ਵਿਦਿਆਰਥੀਆਂ ਨੂੰ ਦੀਵਾਲੀ ਦੇ ਉਪਹਾਰ ਵੀ ਦਿੱਤੇ ਗਏ। ਮੈਡਮ ਕੁਲਦੀਪ ਨੇ ਸਭ ਬੱਚਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।



## ਐਸ ਡੀ ਕਾਲਜ ਫਾਰ ਵੂਮੈਨ 'ਚ ਗਰੀਨ ਦੀਵਾਲੀ ਮਨਾਈ

**ਸੁਲਤਾਨਪੁਰ ਲੋਧੀ (ਹਨੀ)** ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਐਨ ਐਸ ਐਸ ਵਿਭਾਗ, ਰੈੱਡ ਰਿਬਨ ਕਲੱਬ ਅਤੇ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਗਰੀਨ ਦੀਵਾਲੀ ਅਤੇ ਵਾਤਾਵਰਣ ਜਾਗਰੂਕਤਾ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਦੌਰਾਨ ਵਿਦਿਆਰਥਣਾਂ ਨੇ ਕੁਦਰਤੀ ਅਤੇ ਪਰਿਆਵਰਣ-ਮਿਤਰ ਰੰਗਾਂ ਨਾਲ ਸੁੰਦਰ ਰੰਗੋਲੀ ਬਣਾਈ, ਜੋ ਤਿਉਹਾਰ ਦੀ ਖੁਸ਼ੀ ਦੇ ਨਾਲ ਕੁਦਰਤ ਨਾਲ ਸਹਿਜਤਾ ਦਾ ਪ੍ਰਤੀਕ ਸੀ। ਇਸ ਤੋਂ ਇਲਾਵਾ ਕਾਲਜ ਦੇ ਵਿਹੜੇ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਗਈ । ਪ੍ਰਿੰਸੀਪਲ ਡਾ ਸ਼ੁਕਲਾ ਸਟਾਫ਼ ਮੈਂਬਰਾਂ ਅਤੇ ਵਿਦਿਆਰਥਣਾਂ ਨੇ ਵੱਡੀ ਗਿਣਤੀ ਵਿਚ ਬੂਟੇ ਲਗਾ ਕੇ ਗਰੀਨ ਅਤੇ ਸਾਫ਼-ਸੁਥਰੇ ਵਾਤਾਵਰਣ ਦੀ ਮਹੱਤਤਾ ਉਜਾਗਰ ਕੀਤੀ। ਇਹ ਸਮਾਗਮ ਸੁਨੀਤਾ ਕਲੇਰ ਇੰਚਾਰਜ ਐਨ.ਐਸ.ਐਸ. ਵਿਭਾਗ, ਈਕੋ ਕਲੱਬ ਅਤੇ ਰੈੱਡ ਰਿਬਨ ਕਲੱਬ ਦੀ ਦੇਖ-ਰੇਖ ਵਿਚ ਆਯੋਜਿਤ ਕੀਤਾ ਗਿਆ।



## ਦੀਵਾਲੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਲੌਂਗੋਵਾਲ ਗਰੁੱਪ ਆਫ਼ ਕਾਲਜਿਜ਼, ਡੇਰਾਬੱਸੀ ਨੇ 16 ਅਤੇ 17 ਅਕਤੂਬਰ ਨੂੰ ਬਹੁਤ ਉਤਸ਼ਾਹ ਅਤੇ ਤਿਉਹਾਰ ਦੀ ਭਾਵਨਾ ਨਾਲ ਦੀਵਾਲੀ ਤਿਉਹਾਰ ਮਨਾਇਆ। ਦੋ ਦਿਨਾਂ ਜਸ਼ਨ ਵਿੱਚ ਕਈ ਤਰ੍ਹਾਂ ਦੇ ਖੇਡ, ਸੱਭਿਆਚਾਰਕ ਅਤੇ ਰਚਨਾਤਮਕ ਮੁਕਾਬਲੇ ਹੋਏ, ਜਿਸ ਵਿੱਚ ਅਕਾਦਮਿਕ ਅਤੇ ਪੌਲੀਟੈਕਨਿਕ ਦੋਵਾਂ ਵਿੰਗਾਂ ਵੱਲੋਂ ਜੋਸ਼ ਨਾਲ ਭਾਗ ਲਿਆ ਗਿਆ। ਖੇਡਾਂ ਦੇ ਮੁਕਾਬਲਿਆਂ ਵਿੱਚ, ਅਕਾਦਮਿਕ ਕਾਲਜ ਬਾਸਕਟਬਾਲ, ਵਾਲੀਬਾਲ, ਬੈਡਮਿੰਟਨ ਅਤੇ ਕਬੱਡੀ ਟੂਰਨਾਮੈਂਟਾਂ ਵਿੱਚ ਜੇਤੂ ਰਿਹਾ, ਜਿਸ ਵਿੱਚ ਸ਼ਾਨਦਾਰ ਟੀਮ ਵਰਕ ਅਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕੀਤਾ ਗਿਆ। ਪੌਲੀਟੈਕਨਿਕ ਵਿੰਗ ਨੇ ਰੋਮਾਂਚਕ ਟਗ ਆਫ਼ ਵਾਰ ਈਵੈਂਟ ਜਿੱਤਿਆ, ਜਿਸ ਨਾਲ ਤਿਉਹਾਰ ਦੇ ਉਤਸ਼ਾਹ ਵਿੱਚ ਵਾਧਾ ਹੋਇਆ। ਸੱਭਿਆਚਾਰਕ ਅਤੇ ਰਚਨਾਤਮਕ ਗਤੀਵਿਧੀਆਂ ਸਮੇਤ ਕਈ ਹੋਰ ਮੁਕਾਬਲਿਆਂ ਵਿੱਚ, ਜੇਤੂਆਂ ਨੇ ਅਕਾਦਮਿਕ ਅਤੇ ਪੌਲੀਟੈਕਨਿਕ ਦੋਵਾਂ ਵਿੰਗਾਂ ਦਾ ਇੱਕ ਜੀਵੰਤ ਮਿਸ਼ਰਣ ਦਰਸਾਇਆ, ਜੋ ਸੱਚੀ ਏਕਤਾ ਅਤੇ ਸਹਿਯੋਗ ਨੂੰ ਦਰਸਾਉਂਦਾ ਹੈ। ਡਬਲਯੂ ਸੀ ਆਈ ਟੀ ਆਈ ਵਿੰਗ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਵੱਖ-ਵੱਖ ਖੇਡਾਂ ਅਤੇ ਗਤੀਵਿਧੀਆਂ ਵਿੱਚ ਜਿੱਤ ਪ੍ਰਾਪਤ ਕੀਤੀ। ਸ਼੍ਰੀਮਤੀ ਚੇਅਰਪਰਸਨ, ਕਾਂਤਾ ਕਤਿਆਲ ਨੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ।ਇਹ ਸਮਾਗਮ ਇਨਾਮ ਵੰਡ ਸਮਾਰੋਹ ਨਾਲ ਸਮਾਪਤ ਹੋਇਆ, ਜਿੱਥੇ ਡਾ. ਵਿਨੋਦ ਕਤਿਆਲ (ਦਾਖਲਾ ਨਿਰਦੇਸ਼ਕ ਅਤੇ ਪ੍ਰਿੰਸੀਪਲ, ਐਲ ਏ ਸੀ) ਅਤੇ ਡਾ. ਰੋਜ਼ੀ ਕਤਿਆਲ (ਪ੍ਰਿੰਸੀਪਲ, ਐਲ ਪੀ ਪੀ ਸੀ) ਨੇ ਜੇਤੂਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਲਈ ਟਰਾਫੀਆਂ, ਮੈਡਲ ਅਤੇ ਪ੍ਰਸ਼ੰਸਾ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

## ਮਾਪੇ-ਅਧਿਆਪਕ ਮਿਲਣੀ ਕਰਵਾਈ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਕੂਲ ਸਿੱਖਿਆ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐ. ਸਿੱ.) ਮਮਤਾ ਬਜਾਜ ਉੱਪ-ਜ਼ਿਲ੍ਹਾ ਸਿੱਖਿਆ ਅਫਸਰ ਡਾ. ਬਲਵਿੰਦਰ ਸਿੰਘ ਬੱਟੂ ਅਤੇ ਬੀ ਪੀ ਈ ਓ ਰਾਜੇਸ਼ ਕੁਮਾਰ ਦੀ ਯੋਗ ਅਗਵਾਈ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਕਾਲਾ ਸੰਘਿਆਂ (ਕੁੜੀਆਂ) ਬਲਾਕ- ਕਪੂਰਥਲਾ-1 ਵਿਖੇ ਮਾਪੇ-ਅਧਿਆਪਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਸਤੰਬਰ ਮਹੀਨੇ ਦੌਰਾਨ ਹੋਈ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਤੋਂ ਮਾਤਾ-ਪਿਤਾ ਨੂੰ ਜਾਣੂ ਕਰਵਾਉਣਾ, ਭਵਿੱਖ ਲਈ ਯੋਜਨਾਬੰਦੀ ਕਰਨੀ, ਚੰਗੀ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਹੋਰ ਉਤਸ਼ਾਹਿਤ ਕਰਨਾ ਆਦਿ ਸਨ। ਇਸ ਦੌਰਾਨ ਸਕੂਲ ਦੇ ਸੈਂਟਰ ਮੁੱਖ ਅਧਿਆਪਕ ਰਜਨੀਸ਼ ਕੁਮਾਰ ਨੇ ਵਿਦਿਆਰਥੀਆਂ ਅਤੇ ਮਾਤਾ-ਪਿਤਾ ਨੂੰ ਸੰਬੋਧਨ ਕਰਦਿਆਂ ਵਿਭਾਗ ਵੱਲੋਂ ਸਮੇਂ-ਸਮੇਂ ਤੇ ਚਲਾਈਆਂ ਜਾਣ ਵਾਲੀਆਂ ਮੁਹਿੰਮਾਂ ਅਤੇ ਸਕੂਲ ਵੱਲੋਂ ਕਰਵਾਈਆਂ ਜਾਣ ਵਾਲੀਆਂ ਸਹਿ- ਵਿਦਿਅਕ ਗਤੀਵਿਧੀਆਂ ਜਿਵੇਂ-ਸਵੱਛ ਵਿਦਿਆਲਿਆ, ਈਕੋ ਕਲੱਬ, ਇਕ ਪੇੜ ਮਾਂ ਦੇ ਨਾਂ, ਵੀਰ ਗਾਥਾ, ਦੀਵਾ ਸਜਾਉਣਾ, ਆਦਿ ਬਾਰੇ ਦੱਸਿਆ । ਇਸ ਦੌਰਾਨ ਹਾਜ਼ਰ ਮਾਤਾ-ਪਿਤਾ, ਐਸ ਐਮ ਸੀ. ਮੈਂਬਰਾਂ ਸੁਖਵਿੰਦਰ ਕੌਰ, ਮਨਦੀਪ ਕੌਰ, ਅਮਨਦੀਪ ਕੌਰ, ਰਜਨੀ ਦੇਵੀ, ਪ੍ਰੀਤੀ, ਊਸ਼ਾ ਰਾਣੀ, ਸ਼੍ਰੀ ਰਾਜ ਕੁਮਾਰ, ਬਿੱਲਾ ਅਤੇ ਅਧਿਆਪਕਾਂ ਮਹਾਵੀਰ, ਗੀਟਾ ਟਾਕ, ਹਰਸ਼ ਬਾਲਾ ਅਤੇ ਸੋਨੀਆ ਸ਼ਰਮਾ ਨੇ ਵਿਦਿਆਰਥੀਆਂ ਦੇ ਚੰਗੇ ਭਵਿੱਖ, ਸਕੂਲ ਦੀ ਬਿਹਤਰੀ ਅਤੇ ਸਕੂਲ ਦੇ ਚੱਲ ਰਹੇ ਕੰਮਾਂ ਬਾਰੇ ਖੁੱਲ ਕੇ ਵਿਚਾਰ ਚਰਚਾ ਕੀਤੀ ।



## ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ : ਵਿਧਾਇਕ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਹਲਕਾ ਨਕੋਦਰ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਪੱਤਰਕਾਰ ਭਾਈਚਾਰੇ ਦੇ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ। ਇਸ ਮੌਕੇ ਵਿਧਾਇਕ ਨੇ ਪੱਤਰਕਾਰਾਂ ਨੂੰ ਜੀ ਆਇਆ ਆਖਿਆ ਅਤੇ ਹਲਕਾ ਮੀਡੀਆ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਰੰਧਾਵਾ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ ਹਨ। ਇਹਨਾਂ ਦੀ ਬਦੌਲਤ ਹੀ ਸਮਾਜਿਕ ਤਾਣਾ ਵਾਲਾ ਸਹੀ ਚੱਲਦਾ ਹੈ। ਇਹ ਲੋਕਾਂ ਦੀ ਆਵਾਜ਼ ਨੂੰ ਉੱਪਰ ਤੱਕ ਪਹੁੰਚਾਉਂਦੇ ਹਨ। ਉਹਨਾਂ ਕਿਹਾ ਕਿ ਅੱਜ ਪੱਤਰਕਾਰ ਭਾਈਚਾਰੇ ਦੇ ਨਾਲ ਦਿਵਾਲੀ ਮੌਕੇ ਇਕੱਠੇ ਹੋਣ ਦਾ ਮੌਕਾ ਮਿਲਿਆ ਹੈ ਉੱਥੇ ਹੀ ਇਲਾਕੇ ਦੀਆਂ ਸਮੱਸਿਆਵਾਂ ਬਾਰੇ ਵੀ ਰਿਪੋਰਟ ਲਈ ਹੈ। ਉਹਨਾਂ ਕਿਹਾ ਕਿ ਇਲਾਕੇ ਦੇ ਵਿੱਚ ਸਭ ਤੋਂ ਵੱਡੀ ਸਮੱਸਿਆ ਸੜਕਾਂ ਦੀ ਸੀ, ਜਿਸ ਨੂੰ ਪੰਜਾਬ ਸਰਕਾਰ ਨੇ ਹੱਲ ਕਰਨ ਦਾ ਪ੍ਰਣ ਕਰ ਲਿਆ ਹੈ ਤੇ ਸੜਕਾਂ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ। ਹਲਕੇ ਦੀਆਂ 95 ਫੀਸਦੀ ਸੜਕਾਂ ਦਾ ਨਵੀਨੀਕਰਨ ਹੋ ਰਿਹਾ ਹੈ।



## ਰੱਤੂ ਜਠੇਰਿਆਂ ਦਾ ਸਾਲਾਨਾ ਮੇਲਾ ਮਨਾਇਆ

**ਬੰਗਾ (ਅਵਤਾਰ ਕਲੇਰ)**- ਪਿੰਡ ਬੁਰਜ ਕੰਧਾਰੀ ਵਿਖੇ ਰੱਤੂ ਜਠੇਰਿਆਂ ਦਾ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ ਅਤੇ ਸਮੂਹ ਰੱਤੂ ਪਰਵਾਰ ਵਲੋਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਦਰਬਾਰ ਤੇ ਨਿਸ਼ਾਨ ਸਾਹਿਬ ਦੀ ਰਸਮ ਅਦਾ ਕੀਤੀ ਗਈ। ਵੱਡੇ ਵਡੇਰਿਆਂ ਦੀ ਪੂਜਾ ਕੀਤੀ ਗਈ। ਸੈਂਕੜਿਆਂ ਦੀ ਗਿਣਤੀ 'ਚ ਸੰਗਤਾਂ ਦਰਬਾਰ ਤੇ ਨਤਮਸਤਕ ਹੋਈਆਂ। ਨਾਮਵਰ ਕਲਾਕਾਰਾਂ ਅਤੇ ਰਾਗੀ ਢਾਡੀਆਂ ਵਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਮਾਸਟਰ ਜਸਵੰਤ ਵਲੋਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਦਰਬਾਰ ਤੇ ਚਾਹ ਪਕੌੜੇ ਅਤੇ ਲੰਗਰ ਅਤੁੱਟ ਵਰਤਾਇਆ ਗਿਆ। ਪ੍ਰਬੰਧਕਾਂ ਵੱਲੋਂ ਕਲਾਕਾਰਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾਸਟਰ ਜਸਵੰਤ, ਦਰਸ਼ਨ ਸਿੰਘ, ਸੁਰਜੀਤ ਸਿੰਘ, ਜਸਵਿੰਦਰ ਸਿੰਘ, ਜੋਤੀ, ਕਿਸ਼ਨ ਦਾਸ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਸੰਦੀਪ ਸਿੰਘ, ਰੇਸ਼ਮ ਸਿੰਘ, ਸੋਢੀ ਸਿੰਘ, ਕਸ਼ਮੀਰ ਸਿੰਘ, ਵਿਜੇ ਕੁਮਾਰ ਤੋਂ ਇਲਾਵਾ ਸੰਗਤਾਂ ਹਾਜ਼ਰ ਸਨ।



# ਦੀਵਾਲੀ ਅਤੇ ਬੰਦੀ ਛੋੜ ਦਿਵਸ ਤੇ ਗੁਰਦਾਸਪੁਰ ਵਿਸ਼ੇਸ਼ ਸਪਲੀਮੈਂਟ


दिवाली तथा बंदी छोड़ दिवस पर गुरदासपुर निवासियों को लाख लाख बधाई

**JYOTI GARMENTS**

यहां पर छोटे बच्चों, नौजवानों, महिलाओं तथा पुरुषों के विभिन्न प्रकार के नए डिजाइन के रेडीमेड कपड़े कम मूल्य पर खरीदें।

यहां पर स्कूलों की यूनिफॉर्म भी मिलती है।



Sahil Mahajan | Chetan Mahajan

Opp. Shivala Mandir, Amambara Bazar, Gurdaspur (9780065338)




ਰਮਨ ਬਹਿਲ, ਹਲਕਾ ਇੰਚਾਰਜ਼ ਗੁਰਦਾਸਪੁਰ | ਰਵਿੰਦਰ ਸ਼ਰਮਾਂ, ਚੇਅਰਮੈਨ ਟੈਗੋਰ ਐਜੂਕੇਸ਼ਨ ਸੋਸਾਇਟੀ ਗੁਰਦਾਸਪੁਰ | ਰਾਕੇਸ਼ ਕੁਮਾਰ, ਕੋਚ ਬੈਡਮਿੰਟਨ ਗੁਰਦਾਸਪੁਰ | ਵਿਨੋਦ ਕੁਮਾਰ, ਸਮਾਜ ਸੇਵਕ ਗੁਰਦਾਸਪੁਰ



ਘਰ ਦੀ ਰੌਣਕ



ਧੰਨਵਾਦ

ਸਪਲੀਮੈਂਟ ਕਢਣ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਸੱਜਣਾਂ ਮਿਤਰਾਂ ਦਾ ਤਹਿ ਦਿੱਲ ਤੋਂ ਧੰਨਵਾਦ

ਦਿਨੇਸ਼ ਕੁਮਾਰ
ਪ੍ਰਤਿਨਿਧੀ ਗੁਰਦਾਸਪੁਰ
ਮੋ. 94655-83861
E-mail- dineshgurdaspur@gmail.com

## ਗੁਰਦਾਸਪੁਰ ਸ਼ਹਿਰ ਦੀ ਸ਼ਾਨ ਬੁੱਧੀਜੀਵੀ ਵਰਗ



